PAIGAM-E-JAGAT

# ਪੈ.ਗਾਮ-ਏ-ਜਗਤ

ਮੋਹ ਤੋਂ ਬਿਨਾਂ ਕੋਈ ਦੁੱਖ ਨਹੀਂ ਹੁੰਦਾ। ਜਦੋਂ ਵੀ ਦੁੱਖ ਹੁੰਦਾ ਹੈ, ਇਹ ਲਗਾਵ ਦੇ ਕਾਰਨ ਹੁੰਦਾ ਹੈ।
-ਓਸ਼ੋ ਰਜਨੀਸ਼

Title code : CHAMUL00914 | E-mail : Info@paigamejagat.com | 15 ਤੋਂ 21 ਅਕਤੂਬਰ, 2026, ਸਾਲ-4, ਅੰਕ-11, ਚੰਡੀਗੜ੍ਹ, ਮੁੱਖ ਸੰਪਾਦਕ : ਦਵਿੰਦਰ ਕੁਮਾਰ, ਸੰਪਰਕ-9878862733, 9872340701

ਝੋਟਾ ਕਤਲਕਾਂਡ: ਮਾਨਸਾ 'ਚ ਮਾਹੌਲ ਤਣਾਅਪੂਰਨ

## ਮੁਲਜ਼ਮ ਦੇ ਘਰ ਚੱਲਿਆ ਬੁਲਡੋਜ਼ਰ, ਦੁਕਾਨ ਦੀ ਭੰਨਤੋੜ, ਲਾਈ ਅੱਗ



ਮਾਨਸਾ, 14 ਅਕਤੂਬਰ (ਪੈ.ਗਾਮ-ਏ-ਜਗਤ)

ਐਂਟੀ ਡਰੱਗ ਐਕਟੀਵਿਸਟ ਪਰਵਿੰਦਰ ਸਿੰਘ ਝੋਟਾ ਦੇ ਕਤਲ ਦੇ ਮੁਲਜ਼ਮ ਅਸ਼ਵਨੀ ਕੁਮਾਰ ਦੇ ਘਰ ਤੇ ਬੁਲਡੋਜਰ ਚਲਾਇਆ ਗਿਆ ਹੈ। ਨਾਲ ਹੀ ਝੋਟਾ ਦੇ ਸਮਰਥਕਾਂ ਵੱਲੋਂ ਉਸਦੀ ਦੁਕਾਨ ਦੀ ਭੰਨਤੋੜ ਕਰਨ ਤੋਂ ਬਾਅਦ ਅੱਗ ਲਗਾ ਦਿੱਤੀ ਗਈ। ਉੱਧਰ, ਪਰਿਵਾਰ ਇਨਸਾਫ਼ ਮਿਲਣ ਤੱਕ ਸਸਕਾਰ ਨਾ ਕਰਨ ਦੀ ਮੰਗ ਤੇ ਅੜਿਆ ਹੋਇਆ ਹੈ। ਉਹ ਮਾਮਲੇ ਦੀ ਸੀਬੀਆਈ ਜਾਂਚ ਦੀ ਮੰਗ ਕਰ ਰਿਹਾ ਹੈ।ਇਸ ਮਾਮਲੇ ਨੂੰ ਲੈ ਕੇ ਪਰਿਵਾਰਕ ਮੈਂਬਰਾਂ ਤੇ ਲੋਕਾਂ 'ਚ ਭਾਰੀ ਰੋਸ ਦੇਖਣ ਨੂੰ ਮਿਲ ਰਿਹਾ ਹੈ। ਝੋਟਾ ਦੇ ਕਤਲ ਤੋਂ ਭੜਕੇ ਸਿੱਖ ਸੰਗਠਨਾਂ ਨੇ ਅੱਜ ਮਾਨਸਾ ਵਿੱਚ ਬਾਜ਼ਾਰ ਬੰਦ ਕਰਵਾ ਦਿੱਤੇ। ਮੁੱਖ ਮੁਲਜ਼ਮ ਮੈਡੀਕਲ ਸਟੋਰ ਮਾਲਕ ਨੂੰ ਰਾਜਸਥਾਨ ਦੇ ਸਾਲਾਸਰ ਤੋਂ ਕਾਬੂ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਪੁਲਿਸ ਵੱਲੋਂ ਮੈਡੀਕਲ ਸਟੋਰ ਮਾਲਕ ਦੇ ਇੱਕ ਸਾਥੀ ਨੂੰ ਬੀਤੇ ਦਿਨ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਮਾਮਲੇ ਦਾ ਨੋਟਿਸ ਲੈਂਦਿਆਂ ਮੁੱਖ ਸਕੱਤਰ ਅਤੇ ਪੁਲਿਸ ਡਾਇਰੈਕਟਰ ਜਨਰਲ ਤੋਂ ਰਿਪੋਰਟ ਮੰਗੀ ਹੈ। ਮਾਨਸਾ ਦੇ ਵਿਰੋਧ ਪ੍ਰਦਰਸ਼ਨ ਵਿੱਚ ਸ਼ਾਮਲ ਹੋਣ ਦੀ ਯੋਜਨਾ ਬਣਾ ਰਹੇ ਸਾਬਕਾ ਮੁੱਖ ਮੰਤਰੀ ਅਤੇ ਸੰਸਦ ਮੈਂਬਰ ਚਰਨਜੀਤ ਚੰਨੀ, ਅਕਾਲੀ ਦਲ ਦੇ ਨੇਤਾ ਮਨਪ੍ਰੀਤ ਇਆਲੀ ਅਤੇ ਸਾਬਕਾ ਕਾਂਗਰਸੀ ਵਿਧਾਇਕ ਕਿੱਕੀ ਢਿੱਲੋਂ ਨੂੰ ਪੁਲਿਸ ਨੇ ਰਾਹ ਵਿੱਚ ਹੀ ਰੋਕ ਦਿੱਤਾ। ਘਟਨਾ ਤੋਂ ਬਾਅਦ ਬੀਤੇ ਦਿਨ ਮਾਨਸਾ ਸ਼ਹਿਰ ਮੁਕੰਮਲ ਤੌਰ ਤੇ (ਬਾਕੀ 4 ਤੇ)

## ਨਾ ਕਿਸੇ ਮੁਲਜ਼ਮ ਨੂੰ, ਨਾ ਕਿਸੇ ਸਾਜ਼ਿਸ਼ ਘਾੜੇ ਨੂੰ ਬਖ਼ਸ਼ਾਂਗੇ: ਭਗਵੰਤ ਮਾਨ

ਭਗਵੰਤ ਮਾਨ ਵੱਲੋਂ ਅਮਨ ਸ਼ਾਂਤੀ ਬਣਾ ਕੇ ਰੱਖਣ ਦੀ ਅਪੀਲ

ਚੰਡੀਗੜ੍ਹ, 14 ਅਕਤੂਬਰ (ਪੈ.ਗਾਮ-ਏ-ਜਗਤ)



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਦੇ ਲੋਕਾਂ ਨੂੰ ਸ਼ਾਂਤੀ ਬਣਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮਾਨਸਾ 'ਚ ਪਰਵਿੰਦਰ ਸਿੰਘ ਝੋਟਾ ਦੀ ਹੱਤਿਆ ਦੇ ਮਾਮਲੇ 'ਚ ਕਿਸੇ ਵੀ ਮੁਲਜ਼ਮ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਸੂਬੇ ਦੇ ਡੀ ਜੀ ਪੀ ਗੌਰਵ ਯਾਦਵ ਨੂੰ ਸਖ਼ਤ ਨਿਰਦੇਸ਼ ਵੀ ਦਿੱਤੇ ਹਨ ਕਿ ਇਸ ਮਾਮਲੇ ਦੀ ਤਹਿ ਤੱਕ ਜਾਂਚ ਕੀਤੀ ਜਾਵੇ। ਅੱਜ ਇੱਕ ਵੀਡੀਓ ਸੁਨੇਹੇ 'ਚ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਪੁਲੀਸ ਇਸ ਕੇਸ ਦੀ ਜਾਂਚ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੇਗੀ।

ਉਨ੍ਹਾਂ ਕਿਹਾ ਕਿ ਮੁਲਜ਼ਮਾਂ ਨੂੰ ਸਖ਼ਤ ਸਜ਼ਾ ਦਿੱਤੀ ਜਾਵੇਗੀ ਅਤੇ ਜੇਕਰ ਇਸ ਹੱਤਿਆ ਪਿੱਛੇ ਕੋਈ ਸਾਜ਼ਿਸ਼ ਵੀ ਸਾਹਮਣੇ ਆਈ, ਤਾਂ ਉਸ ਸਾਜ਼ਿਸ਼ਘਾੜੇ ਨੂੰ ਵੀ ਬਖ਼ਸ਼ਿਆ ਨਹੀਂ ਜਾਵੇਗਾ। ਮੁੱਖ ਮੰਤਰੀ ਨੇ ਪਰਵਿੰਦਰ ਝੋਟਾ (ਬਾਕੀ 4 ਤੇ)

## ਅੱਜ ਪੰਜਾਬ ਬੰਦ

**ਮਾਨਸਾ।** ਪੰਜਾਬ ਪੁਲਿਸ ਨੇ ਕੈਮਿਸਟ ਅਸ਼ਵਨੀ ਕੁਮਾਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜੋ ਮਾਨਸਾ ਵਿੱਚ ਦਿਨ-ਦਿਹਾੜੇ ਨਸ਼ਾ ਵਿਰੋਧੀ ਕਾਰਕੁਨ ਪਰਮਿੰਦਰ ਸਿੰਘ ਝੋਟਾ (45) ਨੂੰ ਗੋਲੀ ਮਾਰਨ ਤੋਂ ਬਾਅਦ ਭੱਜ ਗਿਆ ਸੀ। ਪੁਲਿਸ ਸੂਤਰਾਂ ਅਨੁਸਾਰ ਅਸ਼ਵਨੀ ਨੂੰ ਰਾਜਸਥਾਨ ਦੇ ਸਾਲਾਸਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਵਿਚਾਲੇ ਕੱਲ੍ਹ 15 ਅਕਤੂਬਰ ਨੂੰ ਪੰਜਾਬ ਬੰਦ ਦਾ ਸੱਦਾ ਦਿੱਤਾ ਗਿਆ। ਜਾਣਕਾਰੀ ਲਈ ਦੱਸ ਦੇਈਏ ਕਿ ਬੀਤੇ ਦਿਨ ਝੋਟਾ ਦੇ ਕਤਲ ਤੋਂ ਬਾਅਦ ਸ਼ਹਿਰ ਦਾ ਮਾਹੌਲ ਤਣਾਅਪੂਰਨ ਬਣਿਆ ਹੋਇਆ ਹੈ। ਪ੍ਰਸ਼ਾਸਨ ਨੇ ਹਾਲਾਤ ਨੂੰ ਦੇਖਦੇ ਹੋਏ ਬੀਤੇ ਕੱਲ੍ਹ ਸਕੂਲਾਂ (ਬਾਕੀ 4 ਤੇ)

## ਤਰਨਤਾਰਨ 'ਚ ਪੰਜਾਬ ਪੁਲਿਸ ਦਾ ਮੁਲਾਜ਼ਮ 15 ਕਿੱਲੋ ਹੈਰੋਇਨ ਸਣੇ ਗ੍ਰਿਫ਼ਤਾਰ



ਤਰਨਤਾਰਨ - ਬੀਐੱਸਐੱਫ ਨੇ ਸਰਹੱਦੀ ਇਲਾਕੇ ਵਿਚ ਨਾਕੇਬੰਦੀ ਦੌਰਾਨ ਪੰਜਾਬ ਪੁਲਿਸ ਦੇ ਕਰਮਚਾਰੀ ਨੂੰ 15 ਕਿੱਲੋ ਹੈਰੋਇਨ ਸਮੇਤ ਕਾਬੂ ਕੀਤਾ ਹੈ। ਜਿਸ ਦੀ ਪਛਾਣ ਕਰਨਬੀਰ ਸਿੰਘ ਪੁੱਤਰ ਰਣਜੀਤ ਸਿੰਘ ਵਾਸੀ ਪਿੰਡ ਭੁਸੇ ਵਜੋਂ ਹੋਈ ਹੈ। ਬੀਐੱਸਐੱਫ ਦੀ ਜਾਣਕਾਰੀ ਤੇ ਥਾਣਾ ਸਰਾਏ ਅਮਾਨਤ ਖਾਂ ਦੀ ਪੁਲਿਸ ਮੌਕੇ ਤੇ ਪੁੱਜੀ ਅਤੇ ਸਵਿਫਟ ਕਾਰ ਵਿਚ ਸਵਾਰ ਉਕਤ ਪੁਲਿਸ ਕਰਮਚਾਰੀ ਨੂੰ ਹਿਰਾਸਤ ਵਿਚ ਲੈ ਲਿਆ। ਦੱਸਿਆ ਜਾ ਰਿਹਾ ਹੈ ਕਿ ਇਹ ਕਰਮਚਾਰੀ ਪਹਿਲਾਂ ਇਸੇ ਇਲਾਕੇ ਦੇ ਸਰਹੱਦੀ ਥਾਣੇ ਵਿਚ ਬਤੌਰ ਮੁਨਸ਼ੀ ਤਾਇਨਾਤ ਰਿਹਾ ਹੈ ਅਤੇ ਹੁਣ ਵੀਵੀਆਈਪੀ ਕਾਫਲੇ ਨਾਲ ਚੱਲਣ ਵਾਲੀ ਜੈਮਰ ਗੱਡੀ ਤੇ ਤਾਇਨਾਤ ਸੀ। ਫਿਲਹਾਲ (ਬਾਕੀ 4 ਤੇ)

ਮੇਰਠ ਦੇ ਨੀਲੇ ਡਰੰਮ ਕੇਸ ਵਿੱਚ ਕੋਰਟ ਦਾ ਵੱਡਾ ਫੈਸਲਾ

## ਸਾਹਿਲ-ਮੁਸਕਾਨ ਨੂੰ ਫਾਂਸੀ ਦੀ ਸਜ਼ਾ



ਮੇਰਠ, 14 ਅਕਤੂਬਰ (ਪੈ.ਗਾਮ-ਏ-ਜਗਤ)

19 ਮਹੀਨੇ ਅਤੇ 11 ਦਿਨਾਂ ਬਾਅਦ, ਮੇਰਠ ਦੇ ਬਹੁਚਰਚਿਤ ਨੀਲੇ ਡਰੰਮ ਮਾਮਲੇ ਵਿੱਚ ਫੈਸਲਾ ਸੁਣਾਇਆ ਗਿਆ ਹੈ। ਅਦਾਲਤ ਨੇ ਸੌਰਭ ਰਾਜਪੂਤ ਦੀ ਪਤਨੀ ਮੁਸਕਾਨ ਰਸਤੋਗੀ ਅਤੇ ਉਸਦੇ ਪ੍ਰੇਮੀ ਸਾਹਿਲ ਸ਼ੁਕਲਾ ਨੂੰ ਕਤਲ ਦਾ ਦੋਸ਼ੀ ਠਹਿਰਾਇਆ ਹੈ। ਅਦਾਲਤ ਨੇ ਦੋਵਾਂ ਨੂੰ ਮੌਤ ਦੀ ਸਜ਼ਾ ਸੁਣਾਈ ਹੈ। ਮਾਮਲੇ ਵਿੱਚ ਸਰਕਾਰੀ ਵਕੀਲ ਨੇ ਮੌਤ ਦੀ ਸਜ਼ਾ ਦੀ ਮੰਗ ਕੀਤੀ ਸੀ, ਜਦੋਂ ਕਿ ਦੂਜੀ ਧਿਰ (ਮੁਸਕਾਨ) ਨੇ ਉਸ ਦੀਆਂ 2 ਧੀਆਂ ਦਾ ਹਵਾਲਾ ਦਿੰਦੇ ਹੋਏ ਦਲੀਲ ਦਿੱਤੀ ਕਿ ਮੌਤ ਦੀ ਸਜ਼ਾ ਨਾ ਦਿੱਤੀ ਜਾਵੇ। ਪਰ ਅਦਾਲਤ ਨੇ ਦੋਵਾਂ ਨੂੰ ਮੌਤ ਦੀ ਸਜ਼ਾ ਸੁਣਾਈ। ਸੁਣਵਾਈ ਦੌਰਾਨ, ਜੱਜ ਨੇ ਸਾਹਿਲ ਤੋਂ ਪੁੱਛਿਆ ਸੀ ਕਿ ਕੀ ਉਸਨੇ ਪਹਿਲਾਂ ਕਦੇ ਕੋਈ ਅਪਰਾਧ ਕੀਤਾ ਹੈ, ਜਿਸ 'ਤੇ ਸਾਹਿਲ ਨੇ ਸਪੱਸ਼ਟ ਤੌਰ 'ਤੇ ਕਿਸੇ ਵੀ ਪਹਿਲਾਂ ਦੇ ਅਪਰਾਧ ਤੋਂ ਇਨਕਾਰ ਕਰ ਦਿੱਤਾ। ਜਦੋਂ ਅਦਾਲਤ ਨੇ ਉਸਨੂੰ ਸਜ਼ਾ 'ਤੇ ਆਪਣੀ ਗੱਲ ਰੱਖਣ ਦਾ ਮੌਕਾ ਦਿੱਤਾ ਤਾਂ ਸਾਹਿਲ ਨੇ ਕੁਝ ਵੀ ਕਹਿਣ ਤੋਂ ਇਨਕਾਰ ਕਰ ਦਿੱਤਾ। ਸਜ਼ਾ ਸੁਣਾਉਣ ਤੋਂ ਪਹਿਲਾਂ, ਸੌਰਭ ਦੇ ਪਰਿਵਾਰ ਨੇ ਕਿਹਾ ਕਿ ਦੇਸ਼ ਵਿੱਚ ਪਤਨੀਆਂ ਦੁਆਰਾ ਆਪਣੇ ਪ੍ਰੇਮੀਆਂ ਨਾਲ ਮਿਲ ਕੇ ਆਪਣੇ ਪਤੀਆਂ ਦਾ (ਬਾਕੀ 4 ਤੇ)

## ਮੈਡ ਸੰਧੂ ਕਤਲ ਕੇਸ: ਮੁੱਖ ਮੁਲਜ਼ਮ ਜੋਬਨਪ੍ਰੀਤ ਸਿੰਘ ਮੁੰਬਈ ਤੋਂ ਕਾਬੂ; 3 ਪਿਸਤੌਲ ਬਰਾਮਦ

ਚੰਡੀਗੜ੍ਹ/ਜਲੰਧਰ, 14 ਅਕਤੂਬਰ (ਪੈ.ਗਾਮ-ਏ-ਜਗਤ)

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਅਤੇ ਅਪਰਾਧ-ਮੁਕਤ ਸੂਬਾ ਬਣਾਉਣ ਲਈ ਚਲਾਈ ਜਾ ਰਹੀ ਮੁਹਿੰਮ ਦੌਰਾਨ 'ਮੈਡ ਸੰਧੂ' ਕਤਲ ਕੇਸ ਵਿੱਚ ਵੱਡੀ ਸਫਲਤਾ ਹਾਸਲ ਕਰਦਿਆਂ, ਕਾਊਂਟਰ ਇੰਟੈਲੀਜੈਂਸ (ਸੀ.ਆਈ.) ਜਲੰਧਰ ਨੇ ਮਹਾਰਾਸ਼ਟਰ ਐਂਟੀ-ਟੈਰਰਿਜ਼ਮ ਸਕੁਐਡ (ਏ.ਟੀ.ਐਸ.) ਦੇ ਸਹਿਯੋਗ ਨਾਲ ਮੁੰਬਈ ਦੇ ਚੇਂਬੂਰ ਇਲਾਕੇ ਤੋਂ ਮੁੱਖ ਮੁਲਜ਼ਮ ਜੋਬਨਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।




ਗ੍ਰਿਫ਼ਤਾਰ ਕੀਤਾ ਗਿਆ ਮੁਲਜ਼ਮ ਜੋਬਨਪ੍ਰੀਤ ਸਿੰਘ ਜ਼ਿਲ੍ਹਾ ਤਰਨ ਤਾਰਨ ਦੇ ਪਿੰਡ ਜੰਡੋਕੇ ਦਾ ਰਹਿਣ ਵਾਲਾ ਹੈ। ਪੁਲਿਸ ਟੀਮਾਂ ਨੇ ਉਸ ਕੋਲੋਂ ਤਿੰਨ ਆਧੁਨਿਕ ਪਿਸਤੌਲਾਂ ਜਿਨ੍ਹਾਂ ਵਿੱਚ ਇੱਕ 9ਐਮਐਮ ਗਲਾਕ, ਇੱਕ 9ਐਮਐਮ ਬੈਰੇਟਾ ਅਤੇ ਇੱਕ .30 ਬੋਰ ਪੀਐਕਸ5 ਸ਼ਾਮਲ ਹੈ, ਸਮੇਤ ਪੰਜ ਮੈਗਜ਼ੀਨਾਂ ਅਤੇ 11 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਹਨ।

ਦੱਸਣਯੋਗ ਹੈ ਕਿ 3 ਅਕਤੂਬਰ 2026 ਨੂੰ, ਅੰਮ੍ਰਿਤਸਰ ਦੇ ਲੋਹਾਰਕਾ ਰੋਡ 'ਤੇ ਮੋਟਰਸਾਈਕਲ ਸਵਾਰ ਦੋ ਹਮਲਾਵਰਾਂ ਨੇ ਸੋਸ਼ਲ ਮੀਡੀਆ ਇਨਫਲੂਐਂਸਰ ਮਧੂ ਸੂਦਨ ਸਿੰਘ ਉਰਫ਼ 'ਮੈਡ ਸੰਧੂ' 'ਤੇ ਗੋਲੀਆਂ ਚਲਾਈਆਂ ਸਨ, ਜਿਸ ਕਾਰਨ ਉਸ ਦੀ ਮੌਤ ਹੋ ਗਈ ਸੀ। ਇਸ ਸਬੰਧ ਵਿੱਚ ਥਾਣਾ ਕੈਂਟ, ਕਮਿਸ਼ਨਰੇਟ ਅੰਮ੍ਰਿਤਸਰ ਵਿਖੇ ਭਾਰਤੀ ਨਿਆਂ ਸੰਹਿਤਾ ਦੀਆਂ ਧਾਰਾਵਾਂ 103 ਅਤੇ 3(5) ਅਤੇ ਅਸਲਾ ਐਕਟ ਦੀਆਂ ਧਾਰਾਵਾਂ 25 ਅਤੇ 27 ਤਹਿਤ ਮਿਤੀ 03.10.2026 ਨੂੰ ਐਫ.ਆਈ.ਆਰ. ਨੰਬਰ 186 ਦਰਜ ਕੀਤੀ ਗਈ ਸੀ। ਇਸ ਤੋਂ ਪਹਿਲਾਂ, ਗੁਜਰਾਤ ਏ.ਟੀ.ਐਸ. ਨਾਲ ਸਾਂਝੇ ਆਪ੍ਰੇਸ਼ਨ ਦੌਰਾਨ ਉਸਦੇ ਮਾਡਿਊਲ ਦੇ ਦੋ ਸਾਥੀਆਂ- ਹਰਸਿਮਰਨਜੀਤ ਸਿੰਘ (ਬਾਕੀ 4 ਤੇ)

## ਪਠਾਨਕੋਟ ਪੁਲਿਸ ਨੇ ਕਰੋੜਾਂ ਰੁਪਏ ਦੀ ਹੈਰੋਇਨ ਸਣੇ ਦੋ ਮੁਲਜ਼ਮ ਕੀਤੇ ਕਾਬੂ



**ਪਠਾਨਕੋਟ :** ਪਠਾਨਕੋਟ ਪੁਲਿਸ ਨੇ ਇੱਕ ਵੱਡੀ ਸਫ਼ਲਤਾ ਹਾਸਲ ਕਰਦਿਆਂ ਸਰਹੱਦ ਪਾਰ ਤੋਂ ਹੈਰੋਇਨ ਤਸਕਰੀ ਦੇ ਮੋਡੀਊਲ ਦਾ ਪਰਦਾਫਾਸ਼ ਕਰਕੇ ਦੋ ਪੜਾਵਾਂ ਵਿੱਚ ਚਲਾਏ ਗਏ ਆਪ੍ਰੇਸ਼ਨ ਦੌਰਾਨ 2 ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਨ੍ਹਾਂ ਕੋਲੋਂ 7.823 ਕਿੱਲੋ ਹੈਰੋਇਨ ਬਰਾਮਦ ਕੀਤੀ ਗਈ। ਇਸ ਸਬੰਧੀ ਥਾਣਾ ਸਦਰ ਪਠਾਨਕੋਟ ਵਿਖੇ ਐੱਫ.ਆਈ.ਆਰ. ਦਰਜ ਕਰ ਲਈ ਗਈ ਹੈ। ਇਸ ਨਸ਼ਾ ਤਸਕਰੀ ਦੇ (ਬਾਕੀ 4 ਤੇ)

## ਜਲੰਧਰ-ਮਾਂ ਦੁਰਗਾ ਵਰਗਾ ਰੂਪ ਬਣਾ ਲਗਾਈਆਂ ਕਾਲੀਆਂ ਐਨਕਾਂ




ਜਲੰਧਰ (ਪੈ.ਗਾਮ-ਏ-ਜਗਤ)

ਜਲੰਧਰ ਵਿੱਚ ਨਰਾਤਿਆਂ ਦੌਰਾਨ ਦੇਵੀ ਦੁਰਗਾ ਦੀ ਮੂਰਤੀ ਦੀ ਬੇਅਦਬੀ ਦਾ ਮਾਮਲਾ ਸਾਹਮਣੇ ਆਇਆ ਹੈ। ਸੋਸ਼ਲ ਮੀਡੀਆ 'ਤੇ ਪ੍ਰਸਿੱਧੀ ਹਾਸਲ ਕਰਨ ਦੀ ਕੋਸ਼ਿਸ਼ ਵਿੱਚ ਇੱਕ ਔਰਤ ਨੇ ਦੇਵੀ ਦੁਰਗਾ ਦੇ ਰੂਪ ਵਿੱਚ ਪੇਸ਼ ਹੋ ਕੇ ਚਸ਼ਮਾ ਪਹਿਨੇ ਹੋਏ ਆਪਣੀ ਫੋਟੋ ਪੋਸਟ ਕੀਤੀ। ਇਸ ਘਟਨਾ ਨੇ ਹਿੰਦੂ ਸੰਗਠਨਾਂ ਵਿੱਚ ਵਿਆਪਕ ਰੋਸ ਫੈਲਾ ਦਿੱਤਾ। ਇਸ ਕਾਰਵਾਈ ਨੂੰ ਮਾਂ ਦਾ ਅਪਮਾਨ ਕਰਾਰ ਦਿੰਦੇ ਹੋਏ, ਸ਼ਿਵ ਸੈਨਾ ਨੇ ਪੁਲਿਸ ਕਮਿਸ਼ਨਰ ਦਫ਼ਤਰ ਵਿਖੇ ਡੀਸੀਪੀ ਮਨਪ੍ਰੀਤ ਸਿੰਘ ਢਿੱਲੋਂ ਨੂੰ ਇੱਕ ਮੰਗ ਪੱਤਰ ਸੌਂਪਿਆ ਹੈ ਅਤੇ ਉਸ ਔਰਤ ਖਿਲਾਫ ਸਖ਼ਤ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ।

## ਬਿਹਾਰ ਦੇ ਵੈਸ਼ਾਲੀ 'ਚ ਕਿਸ਼ਤੀ ਪਲਟਣ ਕਾਰਨ 13 ਹਲਾਕ

ਨਰਿੰਦਰ ਮੋਦੀ ਵੱਲੋਂ ਮ੍ਰਿਤਕਾਂ ਦੇ ਵਾਰਸਾਂ ਨੂੰ ਦੋ-ਦੋ ਲੱਖ ਰੁਪਏ ਦੇਣ ਦਾ ਐਲਾਨ

ਵੈਸ਼ਾਲੀ, 14 ਅਕਤੂਬਰ (ਪੈ.ਗਾਮ-ਏ-ਜਗਤ)



ਬਿਹਾਰ ਦੇ ਵੈਸ਼ਾਲੀ ਜ਼ਿਲ੍ਹੇ ਵਿੱਚ ਗੰਗਾ ਵਿੱਚ ਕਿਸ਼ਤੀ ਪਲਟਣ ਕਾਰਨ 13 ਜਣਿਆਂ ਦੀ ਮੌਤ ਹੋ ਗਈ। ਕਿਸ਼ਤੀ ਵਿੱਚ ਕਰੀਬ 20 ਨੌਜਵਾਨ ਅਤੇ ਬੱਚੇ ਸਵਾਰ ਸਨ। ਮ੍ਰਿਤਕਾਂ ਦੀ ਉਮਰ 6 ਤੋਂ 18 ਸਾਲ ਵਿਚਕਾਰ ਦੱਸੀ ਜਾ ਰਹੀ ਹੈ। ਇਹ ਹਾਦਸਾ ਮੰਗਲਵਾਰ ਸ਼ਾਮ ਰਾਘੋਪੁਰ ਥਾਣੇ ਦੇ ਅਧਿਕਾਰ ਖੇਤਰ ਵਿੱਚ ਵਾਪਰਿਆ।

ਜਾਣਕਾਰੀ ਅਨੁਸਾਰ ਕਿਸ਼ਤੀ ਵਿੱਚ ਸਵਾਰ ਲੋਕ ਗੰਗਾ ਦਰਿਆ ਦੇ ਦੂਜੇ ਪਾਸੇ ਸਥਿਤ ਇੱਕ ਪਿੰਡ ਵਿੱਚ ਦਾਅਵਤ ਵਿੱਚ ਸ਼ਾਮਲ ਹੋਣ ਜਾ ਰਹੇ ਸਨ। ਇਸ ਦੌਰਾਨ ਕਿਸ਼ਤੀ ਦਰਿਆ ਵਿੱਚ ਪਲਟ ਗਈ। ਹਾਦਸੇ ਮਗਰੋਂ ਇਲਾਕੇ ਵਿੱਚ ਹਫ਼ੜਾ-ਦਫ਼ੜੀ ਮਚ ਗਈ। ਕਿਸ਼ਤੀ ਵਿੱਚ ਬੱਚਿਆਂ ਅਤੇ ਨੌਜਵਾਨਾਂ ਦੇ ਸਵਾਰ ਹੋਣ ਕਾਰਨ ਹਾਦਸੇ ਨੇ ਗੰਭੀਰ ਰੂਪ ਧਾਰ ਲਿਆ। ਬਿਹਾਰ ਦੇ ਮੁੱਖ ਮੰਤਰੀ ਸਮਰਾਟ ਚੌਧਰੀ ਨੇ ਹਾਦਸੇ ਵਿੱਚ ਹੋਈਆਂ ਮੌਤਾਂ 'ਤੇ ਦੁੱਖ ਪ੍ਰਗਟਾਇਆ ਅਤੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਹਰੇਕ ਮ੍ਰਿਤਕ ਦੇ ਵਾਰਸਾਂ ਲਈ ਚਾਰ ਲੱਖ ਰੁਪਏ ਦੀ ਐਕਸ-ਗ੍ਰੇਸ਼ੀਆ ਰਾਸ਼ੀ ਦੇਣ ਦਾ ਐਲਾਨ ਕੀਤਾ। ਵੈਸ਼ਾਲੀ ਦੀ ਜ਼ਿਲ੍ਹਾ ਮੈਜਿਸਟਰੇਟ ਵਰਸ਼ਾ ਸਿੰਘ ਨਾਲ ਘਟਨਾ ਬਾਰੇ ਜਾਣਕਾਰੀ ਲੈਣ ਲਈ ਵਾਰ-ਵਾਰ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਉਹ ਟਿੱਪਣੀ ਲਈ ਉਪਲਬਧ ਨਹੀਂ ਹੋ ਸਕੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬਿਹਾਰ ਦੇ ਵੈਸ਼ਾਲੀ ਜ਼ਿਲ੍ਹੇ ਵਿੱਚ ਕਿਸ਼ਤੀ ਪਲਟਣ ਕਾਰਨ ਹੋਈਆਂ ਮੌਤਾਂ 'ਤੇ ਦੁੱਖ ਪ੍ਰਗਟਾਇਆ ਹੈ। (ਬਾਕੀ 4 ਤੇ)

## ਜਰਮਨੀ ਦੀ ਇੱਕ ਇਮਾਰਤ 'ਚ ਲੱਗੀ ਅੱਗ; ਤਿੰਨ ਭਾਰਤੀਆਂ ਦੀ ਮੌਤ: ਰਿਪੋਰਟ

ਲੰਡਨ - ਜਰਮਨੀ ਦੇ ਬੋਖੁਮ ਸ਼ਹਿਰ ਵਿੱਚ ਇੱਕ ਰਿਹਾਇਸ਼ੀ ਇਮਾਰਤ ਵਿੱਚ ਅੱਗ ਲੱਗਣ ਕਾਰਨ ਤਿੰਨ ਭਾਰਤੀ ਨਾਗਰਿਕਾਂ ਦੀ ਮੌਤ ਹੋ ਗਈ। ਸਥਾਨਕ ਮੀਡੀਆ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ।

ਜਰਮਨੀ ਦੇ ਜਨਤਕ ਪ੍ਰਸਾਰਕ (ਪਬਲਿਕ ਬ੍ਰੌਡਕਾਸਟਰ) ਡਬਲਯੂ ਡੀ ਆਰ ਨੇ ਬੋਖੁਮ ਪੁਲੀਸ ਵੱਲੋਂ ਜਾਰੀ ਰਿਪੋਰਟ ਦੇ ਹਵਾਲੇ ਨਾਲ ਦੱਸਿਆ ਕਿ ਮ੍ਰਿਤਕਾਂ ਵਿੱਚ 25 (ਬਾਕੀ 4 ਤੇ)

ਕੇਂਦਰੀ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਨੇ ਕੀਤਾ ਐਲਾਨ

## ਰੇਲਵੇ ਆਪਣੇ 11.40 ਲੱਖ ਕਰਮਚਾਰੀਆਂ ਨੂੰ ਦੇਵੇਗੀ 78 ਦਿਨਾਂ ਦਾ ਦੀਵਾਲੀ ਬੋਨਸ



**ਨਵੀਂ ਦਿੱਲੀ :** ਕੇਂਦਰ ਸਰਕਾਰ ਨੇ ਦੀਵਾਲੀ ਤੋਂ ਪਹਿਲਾਂ ਰੇਲਵੇ ਦੇ ਲਗਭਗ 11.40 ਲੱਖ ਕਰਮਚਾਰੀਆਂ ਨੂੰ 78 ਦਿਨਾਂ ਦਾ ਬੋਨਸ ਦੇਣ ਦੀ ਮਨਜ਼ੂਰੀ ਦੇ ਦਿੱਤੀ ਹੈ । ਕੇਂਦਰੀ ਮੰਤਰੀ ਅਸ਼ਵਨੀ ਵੈਸ਼ਨਵ ਨੇ ਦੱਸਿਆ ਕਿ ਇਸ ਉੱਤੇ 2,009 ਕਰੋੜ ਰੁਪਏ ਖ਼ਰਚ ਹੋਣਗੇ। ਕੇਂਦਰੀ ਕੈਬਨਿਟ ਨੇ ਬੁੱਧਵਾਰ ਨੂੰ ਇਹ ਫ਼ੈਸਲਾ ਲਿਆ । ਬੋਨਸ ਤੋਂ ਇਲਾਵਾ ਦਿਵਿਆਂਗ ਪੈਨਸ਼ਨ ਨਿਯਮ ਵਿੱਚ ਵੀ ਬਦਲਾਅ ਕੀਤਾ ਗਿਆ ਹੈ। ਇਸ ਦੇ ਤਹਿਤ ਹੁਣ ਜਨਮ ਤੋਂ ਹੀ ਪੈਨਸ਼ਨ ਦਿੱਤੀ ਜਾਵੇਗੀ।

ਸਕੀਮ ਦੇ ਤਹਿਤ ਜਿਹੜੇ ਲੋਕ ਜਨਮ ਤੋਂ 80% ਦਿਵਿਆਂਗ ਹਨ, ਉਨ੍ਹਾਂ ਨੂੰ ਪੈਨਸ਼ਨ ਦਿੱਤੀ ਜਾਂਦੀ ਹੈ। ਹੁਣ ਦਿਵਿਆਂਗਤਾ ਦੀ ਇਹ ਸੀਮਾ 80% ਤੋਂ ਘਟਾ ਕੇ 40% ਕਰ ਦਿੱਤੀ ਗਈ ਹੈ। ਰਾਸ਼ਟਰੀ ਵਿਧਵਾ ਪੈਨਸ਼ਨ ਯੋਜਨਾ ਅਤੇ ਬੁਢਾਪਾ ਪੈਨਸ਼ਨ ਯੋਜਨਾ ਅਗਲੇ 5 ਸਾਲਾਂ ਤੱਕ ਜਾਰੀ ਰਹੇਗੀ। ਇਹ ਤਿੰਨੇ ਪੈਨਸ਼ਨ ਯੋਜਨਾਵਾਂ ਪਹਿਲਾਂ 'ਇੰਦਰਾ ਗਾਂਧੀ ਪੈਨਸ਼ਨ ਯੋਜਨਾਵਾਂ' ਦੇ ਨਾਮ ਨਾਲ ਜਾਣੀਆਂ ਜਾਂਦੀਆਂ ਸਨ। ਕੈਬਨਿਟ ਨੇ ਹੁਣ ਇਨ੍ਹਾਂ ਯੋਜਨਾਵਾਂ ਦੇ ਨਾਮ ਵਿੱਚੋਂ 'ਇੰਦਰਾ ਗਾਂਧੀ' ਹਟਾ ਕੇ 'ਪ੍ਰਧਾਨ ਮੰਤਰੀ ਪੈਨਸ਼ਨ ਯੋਜਨਾ' ਕਰ ਦਿੱਤਾ ਹੈ।

## ਫਿਰੌਤੀ ਅਤੇ ਗੋਲੀਬਾਰੀ ਦੇ 59 ਮਾਮਲਿਆਂ ਵਿੱਚ ਲੋੜੀਂਦੇ 17 ਵਿਅਕਤੀਆਂ ਦੀਆਂ ਫ਼ੋਟੋਆਂ ਜਾਰੀ

ਵੈਨਕੂਵਰ, 14 ਅਕਤੂਬਰ (ਪੈ.ਗਾਮ-ਏ-ਜਗਤ)

ਕੈਲਗਰੀ ਪੁਲੀਸ ਨੇ ਲੰਮੀ ਜਾਂਚ ਤੋਂ ਬਾਅਦ ਮਿਲੇ ਸਬੂਤਾਂ ਦੇ ਆਧਾਰ ਉੱਤੇ ਫਿਰੌਤੀ ਅਤੇ ਗੋਲੀਬਾਰੀ ਦੇ 59 ਮਾਮਲਿਆਂ ਵਿੱਚ ਸ਼ਾਮਲ 17 ਵਿਅਕਤੀਆਂ ਦੀਆਂ ਫ਼ੋਟੋਆਂ ਜਾਰੀ ਕੀਤੀਆਂ ਹਨ। ਇਨ੍ਹਾਂ ਦੀ ਗ੍ਰਿਫ਼ਤਾਰੀ ਲਈ ਪੁਲੀਸ ਨੇ ਆਮ ਲੋਕਾਂ ਤੋਂ ਸਹਿਯੋਗ ਦੀ ਮੰਗ ਕੀਤੀ ਹੈ। ਦੱਸਿਆ ਜਾ ਰਿਹਾ ਹੈ ਕਿ ਇਨ੍ਹਾਂ ਵਿੱਚੋਂ ਜ਼ਿਆਦਾਤਰ ਨੌਜਵਾਨ ਸਟੱਡੀ ਪਰਮਿਟ 'ਤੇ ਕੈਨੇਡਾ ਪੜ੍ਹਨ ਆਏ ਸਨ।



ਪੁਲੀਸ ਅਨੁਸਾਰ ਇਨ੍ਹਾਂ ਵਿੱਚੋਂ ਬਹੁਤੇ ਨੌਜਵਾਨ ਪੜ੍ਹਾਈ ਕਰਨ ਦੀ ਥਾਂ ਗ਼ਲਤ ਸੰਗਤ ਵਿੱਚ ਪੈ ਕੇ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਲ ਹੋ ਗਏ।ਪੁਲੀਸ ਨੇ ਦੱਸਿਆ ਕਿ ਇਨ੍ਹਾਂ ਮੁਲਜ਼ਮਾਂ ਵਿੱਚ ਜ਼ਿਆਦਾਤਰ ਛੋਟੀ ਉਮਰ ਦੇ ਨੌਜਵਾਨ ਹਨ। ਪੁਲੀਸ ਨੇ ਭਰੋਸਾ ਪ੍ਰਗਟਾਇਆ ਹੈ ਕਿ ਤਸਵੀਰਾਂ ਅਤੇ ਨਾਮ ਜਾਰੀ ਹੋਣ ਤੋਂ ਬਾਅਦ ਲੋਕ ਇਨ੍ਹਾਂ ਦੀ ਪਛਾਣ ਕਰਕੇ ਪੁਲੀਸ ਨੂੰ ਜ਼ਰੂਰ ਸੂਚਿਤ ਕਰਨਗੇ। ਸੂਚਨਾ ਦੇਣ ਵਾਲਿਆਂ ਨੂੰ ਪੂਰਾ ਭਰੋਸਾ ਦਿੱਤਾ ਗਿਆ ਹੈ ਕਿ ਉਨ੍ਹਾਂ ਦੀ ਪਛਾਣ ਬਿਲਕੁਲ ਗੁਪਤ ਰੱਖੀ ਜਾਵੇਗੀ, ਇਸ ਲਈ ਉਹ ਬਿਨਾਂ ਕਿਸੇ ਡਰ ਤੋਂ ਪੁਲੀਸ ਨਾਲ ਸੰਪਰਕ ਕਰ ਸਕਦੇ ਹਨ। ਪੁਲੀਸ ਬੁਲਾਰੇ ਨੇ ਦੱਸਿਆ ਕਿ ਇਨ੍ਹਾਂ ਮੁਲਜ਼ਮਾਂ ਖ਼ਿਲਾਫ਼ 59 ਮਾਮਲੇ ਪਹਿਲਾਂ ਹੀ ਦਰਜ ਹੋ ਚੁੱਕੇ ਹਨ।

ਇਹ ਵੀ ਖਦਸ਼ਾ ਪ੍ਰਗਟਾਇਆ ਗਿਆ ਹੈ ਕਿ ਇਨ੍ਹਾਂ ਵਿੱਚੋਂ ਕੁਝ ਮੁਲਜ਼ਮ ਭਾਰਤ ਵੀ ਫ਼ਰਾਰ ਹੋ ਗਏ ਹੋ ਸਕਦੇ ਹਨ। ਜੇਕਰ ਕੋਈ ਉਨ੍ਹਾਂ ਦੇ ਟਿਕਾਣੇ ਬਾਰੇ ਸਹੀ ਜਾਣਕਾਰੀ ਦਿੰਦਾ ਹੈ, ਤਾਂ ਇੰਟਰਪੋਲ ਦੀ ਮਦਦ ਨਾਲ ਉਨ੍ਹਾਂ ਨੂੰ ਵਾਪਸ ਕੈਨੇਡਾ ਲਿਆ ਕੇ ਮੁਕੱਦਮਾ ਚਲਾਇਆ ਜਾਵੇਗਾ। ਪੁਲੀਸ ਵੱਲੋਂ ਜਾਰੀ ਕੀਤੀਆਂ ਗਈਆਂ ਫ਼ੋਟੋਆਂ ਮੁਤਾਬਿਕ ਲੋੜੀਂਦੇ ਵਿਅਕਤੀਆਂ ਦੀ ਪਛਾਣ ਗਗਨਦੀਪ ਸਿੰਘ ਉਰਫ਼ ਗੱਗੀ (29), ਤਨਵੀਰ ਸਿੰਘ (21), ਕਨੁਰੀਤ ਕੌਰ (23), ਰਵਜੋਤ ਤੂਰ (20), ਆਕਾਸ਼ਦੀਪ ਸਿੰਘ (19), ਗੁਰਕਰਨ ਧਾਲੀਵਾਲ (21), ਇਸ਼ਾਨਦੀਪ ਸਿੰਘ (19), ਜਰਮਨਜੀਤ ਸਿੰਘ ਉਰਫ਼ ਗੈਰੀ ਸਿੰਘ (20), ਅਮਨਦੀਪ ਸਿੰਘ (21), ਤਰਨਵੀਰ ਸਿੰਘ (24), ਕਰਨਬੀਰ ਸਿੰਘ (21), ਅਮਨਦੀਪ ਮੱਲੀ (39), ਸੰਦੀਪ ਸਿੰਘ ਉਰਫ਼ ਹਰਮਨ ਗਿੱਲ (32), ਪਰਦੀਪ ਸਿੰਘ (24), ਜਸਕਰਨ ਸਿੰਘ ਉਰਫ਼ ਜੱਸੀ ਬੁੱਟਰ (21), ਅਨੁਰਾਗ ਸਿੰਘ ਸਿੱਧੂ (21) ਅਤੇ ਦਕਸ਼ ਗੌਤਮ (25) ਵਜੋਂ ਕੀਤੀ ਗਈ ਹੈ।

## ਸੀ.ਬੀ.ਆਈ. ਦੀ ਟੀਮ ਵੱਲੋਂ ਕੰਢੀ ਖੇਤਰ ਦੇ ਸਟੋਨ ਕਰੱਸ਼ਰਾਂ ਦਾ ਦੌਰਾ

ਤਲਵਾੜਾ - ਕੇਂਦਰੀ ਜਾਂਚ ਏਜੰਸੀ ਦੀ ਟੀਮ ਵੱਲੋਂ ਤਲਵਾੜਾ ਅਤੇ ਆਸ-ਪਾਸ ਦੇ ਕੰਢੀ ਖ਼ੇਤਰ ਵਿੱਚ ਗ਼ੈਰ-ਕਾਨੂੰਨੀ ਖਣਨ (ਮਾਈਨਿੰਗ) ਦੇ ਮਾਮਲੇ ਸਬੰਧੀ ਵਿਸ਼ੇਸ਼ ਦੌਰਾ ਕੀਤਾ ਗਿਆ। ਜਾਂਚ ਦੌਰਾਨ ਸੀ.ਬੀ.ਆਈ. ਦੀ ਟੀਮ ਨੇ ਇਲਾਕੇ ਦੇ ਮਾਸਟਰ ਸਟੋਨ ਕਰੱਸ਼ਰ ਸਮੇਤ ਹੋਰ ਮਾਈਨਿੰਗ ਵਾਲੀਆਂ ਥਾਵਾਂ 'ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ। ਜਾਂਚ ਟੀਮ ਦੇ ਇਸ ਦੌਰੇ ਤੋਂ ਬਾਅਦ ਇਲਾਕੇ ਦੇ ਸਟੋਨ ਕਰਸ਼ਰ ਮਾਲਕਾਂ ਅਤੇ ਖਣਨ ਕਾਰੋਬਾਰੀਆਂ ਵਿੱਚ ਹੜਕੰਪ ਮਚ ਗਿਆ ਹੈ।

ਜ਼ਿਕਰਯੋਗ ਹੈ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਬੀਤੇ ਦਿਨੀਂ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਵੱਡੇ ਪੱਧਰ 'ਤੇ ਹੋ ਰਹੀ ਗ਼ੈਰ-ਕਾਨੂੰਨੀ ਖਣਨ ਦੀ ਮੁੱਢਲੀ ਜਾਂਚ ਸੀ ਬੀ ਆਈ ਨੂੰ ਸੌਂਪ ਦਿੱਤੀ ਸੀ। ਹਾਈ ਕੋਰਟ ਦੇ ਚੀਫ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਅਤੇ ਜਸਟਿਸ ਰੋਹਿਤ ਕਪੂਰ ਦੇ ਬੈਂਚ ਨੇ ਨਿਰਦੇਸ਼ ਦਿੱਤੇ ਸਨ ਕਿ ਸੀ ਬੀ ਆਈ ਇਸ ਖੇਤਰ 'ਚ ਡਰੋਨ ਸਰਵੇ ਕਰਵਾਏ। ਡਰੋਨ ਸਰਵੇਖਣ ਜਾਂ ਸੈਟੇਲਾਈਟ ਰਾਹੀਂ ਤਸਵੀਰਾਂ ਹਾਸਿਲ ਕਰਨ 'ਤੇ ਆਉਣ ਵਾਲਾ ਪੂਰਾ ਖਰਚਾ ਪੰਜਾਬ ਸਰਕਾਰ ਚੁੱਕੇਗੀ। ਸੀਬੀਆਈ ਆਪਣੀ ਰਿਪੋਰਟ 7 ਦਸੰਬਰ ਤੱਕ ਅਦਾਲਤ 'ਚ ਪੇਸ਼ ਕਰੇਗੀ।

ਹਾਈ ਕੋਰਟ 'ਚ ਰਾਹੁਲ ਮਨਚੰਦਾ ਵੱਲੋਂ ਪਟੀਸ਼ਨ ਦਾਇਰ ਕੀਤੀ ਗਈ ਸੀ, ਜਿਸ 'ਤੇ ਸੁਣਵਾਈ ਮਗਰੋਂ ਸੀ ਬੀ ਆਈ ਜਾਂਚ ਕਰਾਏ ਜਾਣ ਦਾ ਫ਼ੈਸਲਾ 18 ਸਤੰਬਰ ਨੂੰ ਸੁਣਾਇਆ ਗਿਆ। ਪਟੀਸ਼ਨ ਵਿਚ ਗ਼ੈਰ-ਕਾਨੂੰਨੀ ਖਣਨ ਬਾਰੇ ਪੇਸ਼ ਕੀਤੇ ਸਬੂਤਾਂ ਨੂੰ ਜਾਂਚਣ ਤੋਂ ਬਾਅਦ ਅਦਾਲਤ ਨੇ ਪਿਛਲੇ ਮਹੀਨੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੂੰ ਹੁਸ਼ਿਆਰਪੁਰ ਨਾਲ ਸਬੰਧਤ ਥਾਵਾਂ ਦਾ ਨਿਰੀਖਣ ਕਰ ਕੇ ਹਫ਼ਤੇ ਅੰਦਰ ਰਿਪੋਰਟ ਸੌਂਪਣ ਦੇ ਨਿਰਦੇਸ਼ ਦਿੱਤੇ ਸਨ। ਰਿਪੋਰਟ 'ਚ ਜ਼ਿਲ੍ਹੇ ਦੇ ਕਈ ਪਿੰਡਾਂ ਵਿਚ ਵੱਡੇ ਪੱਧਰ 'ਤੇ ਗ਼ੈਰ-ਕਾਨੂੰਨੀ ਖਣਨ ਹੋਣ ਦੀ ਪੁਸ਼ਟੀ ਕੀਤੀ ਗਈ ਹੈ।



## ਸੰਪਾਦਕ ਦੀ ਕਲਮ ਤੋਂ

# ਪਰਾਲੀ ਸਾੜਨ ਤੋਂ ਰੋਕਥਾਮ, ਨਿਗਰਾਨੀ ਦੇ ਨਾਲ ਕਿਸਾਨਾਂ ਨੂੰ ਸਹਾਇਤਾ ਵੀ



ਹਰ ਸਾਲ ਝੋਨੇ ਦੀ ਕਟਾਈ ਦਾ ਸਮਾਂ ਨੇੜੇ ਆਉਂਦਿਆਂ ਹੀ ਪਰਾਲੀ ਸਾੜਨ ਦੀ ਸਮੱਸਿਆ ਮੁੜ ਚਰਚਾ ਦਾ ਵਿਸ਼ਾ ਬਣ ਜਾਂਦੀ ਹੈ। ਖੇਤਾਂ ਵਿੱਚੋਂ ਉੱਠਦਾ ਧੂੰਆਂ ਹਵਾ ਦੀ ਗੁਣਵੱਤਾ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਇਸ ਦਾ ਅਸਰ ਪਿੰਡਾਂ ਤੋਂ ਲੈ ਕੇ ਸ਼ਹਿਰਾਂ ਤੱਕ ਮਹਿਸੂਸ ਹੁੰਦਾ ਹੈ। ਸਾਹ ਲੈਣ ਵਿੱਚ ਤਕਲੀਫ਼ ਅਤੇ ਅੱਖਾਂ ਵਿੱਚ ਜਲਣ ਦੇ ਨਾਲ-ਨਾਲ ਮਿੱਟੀ ਦੀ ਉਪਜਾਊ ਸ਼ਕਤੀ ਅਤੇ ਵਾਤਾਵਰਣ ਨੂੰ ਵੀ ਨੁਕਸਾਨ ਪਹੁੰਚਦਾ ਹੈ। ਇਸ ਲਈ ਪਰਾਲੀ ਸਾੜਨ ਤੋਂ ਰੋਕਥਾਮ ਸਿਰਫ਼ ਇੱਕ ਮੌਸਮੀ ਮੁਹਿੰਮ ਨਹੀਂ, ਸਗੋਂ ਖੇਤੀਬਾੜੀ ਅਤੇ ਜਨਤਕ ਸਿਹਤ ਨਾਲ ਜੁੜਿਆ ਮਸਲਾ ਹੈ। ਪਰ ਇਸ ਸਮੱਸਿਆ ਦਾ ਹੱਲ ਲੱਭਦਿਆਂ ਕਿਸਾਨਾਂ ਦੀਆਂ ਅਸਲ ਲੋੜਾਂ ਅਤੇ ਖੇਤੀ ਦੀਆਂ ਆਰਥਿਕ ਮਜਬੂਰੀਆਂ ਨੂੰ ਸਮਝਣਾ ਵੀ ਜ਼ਰੂਰੀ ਹੈ। ਝੋਨੇ ਦੀ ਕਟਾਈ ਅਤੇ ਅਗਲੀ ਕਣਕ ਦੀ ਬਿਜਾਈ ਵਿਚਕਾਰ ਸਮਾਂ ਬਹੁਤ ਘੱਟ ਹੁੰਦਾ ਹੈ। ਕਿਸਾਨਾਂ ਲਈ ਖੇਤ ਨੂੰ ਜਲਦੀ ਤਿਆਰ ਕਰਨਾ ਇੱਕ ਵੱਡੀ ਚੁਣੌਤੀ ਬਣ ਜਾਂਦੀ ਹੈ।



ਦਵਿੰਦਰ ਕੁਮਾਰ
ਸੰਪਾਦਕ, ਪੈਗ਼ਾਮ-ਏ-ਜਗਤ

ਜੇਕਰ ਪਰਾਲੀ ਦਾ ਪ੍ਰਬੰਧ ਕਰਨ ਲਈ ਲੋੜੀਂਦੀ ਮਸ਼ੀਨਰੀ ਸਮੇਂ ਸਿਰ ਉਪਲਬਧ ਨਾ ਹੋਵੇ ਜਾਂ ਉਸ ਦਾ ਕਿਰਾਇਆ ਵੱਧ ਹੋਵੇ ਤਾਂ ਛੋਟੇ ਅਤੇ ਦਰਮਿਆਨੇ ਕਿਸਾਨਾਂ ਲਈ ਮੁਸ਼ਕਲ ਹੋਰ ਵਧ ਜਾਂਦੀ ਹੈ। ਇਸ ਤੋਂ ਇਲਾਵਾ ਮਸ਼ੀਨਾਂ ਦੀ ਮੁਰੰਮਤ, ਡੀਜ਼ਲ ਦਾ ਖਰਚਾ, ਮਜ਼ਦੂਰਾਂ ਦੀ ਘਾਟ ਅਤੇ ਖੇਤਾਂ ਵਿੱਚ ਬਚੀ ਰਹਿੰਦ-ਖੂੰਹਦ ਦਾ ਪ੍ਰਬੰਧ ਵੀ ਉਨ੍ਹਾਂ ਦੇ ਸਾਹਮਣੇ ਹੁੰਦਾ ਹੈ। ਅਜਿਹੇ ਹਾਲਾਤ ਵਿੱਚ ਸਿਰਫ਼ ਜੁਰਮਾਨੇ ਜਾਂ ਕਾਨੂੰਨੀ ਕਾਰਵਾਈ ਦਾ ਡਰ ਪੈਦਾ ਕਰਨਾ ਸਮੱਸਿਆ ਦਾ ਪੱਕਾ ਹੱਲ ਨਹੀਂ ਹੋ ਸਕਦਾ।

ਪਰਾਲੀ ਸਾੜਨ ਨਾਲ ਜਿੱਥੇ ਹਵਾ ਪ੍ਰਦੂਸ਼ਿਤ ਹੁੰਦੀ ਹੈ, ਉੱਥੇ ਮਿੱਟੀ ਵਿੱਚ ਮੌਜੂਦ ਲਾਭਦਾਇਕ ਜੀਵਾਣੂ ਅਤੇ ਜੈਵਿਕ ਤੱਤ ਵੀ ਪ੍ਰਭਾਵਿਤ ਹੁੰਦੇ ਹਨ। ਅੱਗ ਕਾਰਨ ਮਿੱਟੀ ਦੀ ਉਪਰਲੀ ਪਰਤ ਨੂੰ ਨੁਕਸਾਨ ਪਹੁੰਚ ਸਕਦਾ ਹੈ ਅਤੇ ਇਸ ਵਿੱਚ ਮੌਜੂਦ ਕੁਝ ਪੋਸ਼ਕ ਤੱਤ ਨਸ਼ਟ ਹੋ ਜਾਂਦੇ ਹਨ। ਇਸ ਲਈ ਪਰਾਲੀ ਨੂੰ ਅੱਗ ਲਗਾਉਣ ਦੀ ਬਜਾਏ ਖੇਤ ਵਿੱਚ ਹੀ ਸੰਭਾਲਣ ਜਾਂ ਇਸ ਦੀ ਹੋਰ ਵਰਤੋਂ ਕਰਨ ਦੇ ਤਰੀਕਿਆਂ ਨੂੰ ਉਤਸ਼ਾਹਿਤ ਕਰਨਾ ਸਮੇਂ ਦੀ ਲੋੜ ਹੈ। ਪਿਛਲੇ ਕੁਝ ਸਾਲਾਂ ਦੌਰਾਨ ਪਰਾਲੀ ਦੇ ਪ੍ਰਬੰਧਨ ਲਈ ਕਈ ਤਰ੍ਹਾਂ ਦੀ ਮਸ਼ੀਨਰੀ ਅਤੇ ਤਕਨੀਕਾਂ ਸਾਹਮਣੇ ਆਈਆਂ ਹਨ। ਸੁਪਰ ਸੀਡਰ, ਹੈਪੀ ਸੀਡਰ, ਸਰਫੇਸ ਸੀਡਰ ਅਤੇ ਹੋਰ ਖੇਤੀ ਸੰਦਾਂ ਰਾਹੀਂ ਪਰਾਲੀ ਨੂੰ ਖੇਤ ਵਿੱਚ ਰੱਖ ਕੇ ਅਗਲੀ ਫਸਲ ਦੀ ਬਿਜਾਈ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਪਰਾਲੀ ਦੀਆਂ ਗੱਠਾਂ ਬਣਾ ਕੇ ਪਸ਼ੂਆਂ ਲਈ ਬਿਸਤਰੇ, ਉਦਯੋਗਿਕ ਬਾਲਣ ਅਤੇ ਹੋਰ ਉਤਪਾਦਾਂ ਵਾਸਤੇ ਵਰਤੋਂ ਦੇ ਰਸਤੇ ਵੀ ਮੌਜੂਦ ਹਨ। ਪਰ ਇਨ੍ਹਾਂ ਤਰੀਕਿਆਂ ਦੀ ਸਫਲਤਾ ਇਸ ਗੱਲ ’ਤੇ ਨਿਰਭਰ ਕਰਦੀ ਹੈ ਕਿ ਕਿਸਾਨਾਂ ਨੂੰ ਮਸ਼ੀਨਾਂ, ਤਕਨੀਕੀ ਜਾਣਕਾਰੀ ਅਤੇ ਉਪਜ ਦੀ ਖਰੀਦ ਜਾਂ ਵਰਤੋਂ ਲਈ ਢੁਕਵਾਂ ਬਾਜ਼ਾਰ ਮਿਲਦਾ ਹੈ ਜਾਂ ਨਹੀਂ।

ਸਹਿਕਾਰੀ ਸਭਾਵਾਂ, ਕਿਸਾਨ ਉਤਪਾਦਕ ਸੰਸਥਾਵਾਂ ਅਤੇ ਕਸਟਮ ਹਾਇਰਿੰਗ ਕੇਂਦਰਾਂ ਦੀ ਭੂਮਿਕਾ ਇਸ ਸਬੰਧੀ ਮਹੱਤਵਪੂਰਨ ਹੋ ਸਕਦੀ ਹੈ। ਹਰ ਕਿਸਾਨ ਲਈ ਮਹਿੰਗੀ ਮਸ਼ੀਨ ਖਰੀਦਣਾ ਸੰਭਵ ਨਹੀਂ ਹੁੰਦਾ। ਜੇਕਰ ਪਿੰਡ ਪੱਧਰ ’ਤੇ ਮਸ਼ੀਨਾਂ ਕਿਰਾਏ ’ਤੇ ਉਪਲਬਧ ਹੋਣ ਅਤੇ ਉਨ੍ਹਾਂ ਦੀ ਵਰਤੋਂ ਲਈ ਪਹਿਲਾਂ ਤੋਂ ਸਮਾਂ ਨਿਰਧਾਰਤ ਕੀਤਾ ਜਾਵੇ ਤਾਂ ਵੱਡੀ ਗਿਣਤੀ ਵਿੱਚ ਕਿਸਾਨ ਲਾਭ ਲੈ ਸਕਦੇ ਹਨ। ਇਸ ਦੇ ਨਾਲ ਹੀ ਮਸ਼ੀਨਾਂ ਦੀ ਮੁਰੰਮਤ ਅਤੇ ਸੰਭਾਲ ਲਈ ਸਥਾਨਕ ਪੱਧਰ ’ਤੇ ਸਹੂਲਤਾਂ ਹੋਣੀਆਂ ਚਾਹੀਦੀਆਂ ਹਨ, ਤਾਂ ਜੋ ਕਟਾਈ ਦੇ ਰੁਝੇਵੇਂ ਵਾਲੇ ਦਿਨਾਂ ਵਿੱਚ ਕੋਈ ਸੰਦ ਖਰਾਬ ਹੋਣ ਕਾਰਨ ਕਿਸਾਨ ਨੂੰ ਮੁਸ਼ਕਲ ਨਾ ਆਵੇ। ਪਰਾਲੀ ਨੂੰ ਖੇਤਾਂ ਵਿੱਚੋਂ ਇਕੱਠਾ ਕਰਕੇ ਹੋਰ ਕੰਮਾਂ ਲਈ ਵਰਤਣ ਵਾਸਤੇ ਵੀ ਮਜ਼ਬੂਤ ਪ੍ਰਬੰਧ ਦੀ ਲੋੜ ਹੈ। ਜਦੋਂ ਤੱਕ ਇਸ ਦੀ ਖਰੀਦ ਕਰਨ ਵਾਲੇ ਉਦਯੋਗ, ਬਿਜਲੀ ਉਤਪਾਦਨ ਇਕਾਈਆਂ ਅਤੇ ਹੋਰ ਵਰਤੋਂਕਾਰ ਕਿਸਾਨਾਂ ਦੇ ਨੇੜੇ ਨਹੀਂ ਪਹੁੰਚਦੇ, ਉਦੋਂ ਤੱਕ ਪਰਾਲੀ ਦੀ ਢੋਆ-ਢੁਆਈ ਦਾ ਖਰਚਾ ਇਸ ਦੀ ਵਰਤੋਂ ਨੂੰ ਮਹਿੰਗਾ ਬਣਾ ਸਕਦਾ ਹੈ। ਇਸ ਨਾਲ ਪਰਾਲੀ ਕਿਸਾਨ ਲਈ ਬੋਝ ਬਣਨ ਦੀ ਬਜਾਏ ਆਮਦਨ ਦਾ ਇੱਕ ਵਾਧੂ ਸਾਧਨ ਵੀ ਬਣ ਸਕਦੀ ਹੈ।

ਨਿਗਰਾਨੀ ਅਤੇ ਜਾਗਰੂਕਤਾ ਵੀ ਇਸ ਮੁਹਿੰਮ ਦੇ ਅਹਿਮ ਹਿੱਸੇ ਹਨ। ਖੇਤਾਂ ਵਿੱਚ ਅੱਗ ਲੱਗਣ ਦੀਆਂ ਘਟਨਾਵਾਂ ਦੀ ਸਮੇਂ ਸਿਰ ਪਛਾਣ, ਸਥਾਨਕ ਪੱਧਰ ’ਤੇ ਜਾਣਕਾਰੀ ਅਤੇ ਪ੍ਰਸ਼ਾਸਨਿਕ ਟੀਮਾਂ ਦੀ ਸਰਗਰਮੀ ਨਾਲ ਨੁਕਸਾਨ ਘਟਾਇਆ ਜਾ ਸਕਦਾ ਹੈ। ਨਿਗਰਾਨੀ ਦਾ ਮਕਸਦ ਸਮੱਸਿਆ ਦਾ ਕਾਰਨ ਸਮਝਣਾ ਅਤੇ ਕਿਸਾਨ ਨੂੰ ਢੁਕਵਾਂ ਬਦਲ ਦੇਣਾ ਵੀ ਹੋਣਾ ਚਾਹੀਦਾ ਹੈ। ਜਿੱਥੇ ਜਾਣਬੁੱਝ ਕੇ ਨਿਯਮਾਂ ਦੀ ਉਲੰਘਣਾ ਹੁੰਦੀ ਹੈ, ਉੱਥੇ ਨਿਯਮਾਂ ਅਨੁਸਾਰ ਕਾਰਵਾਈ ਹੋ ਸਕਦੀ ਹੈ, ਪਰ ਜਿਨ੍ਹਾਂ ਕਿਸਾਨਾਂ ਕੋਲ ਮਸ਼ੀਨਰੀ ਜਾਂ ਹੋਰ ਪ੍ਰਬੰਧਾਂ ਦੀ ਘਾਟ ਹੈ, ਉਨ੍ਹਾਂ ਤੱਕ ਪਹਿਲਾਂ ਸਹਾਇਤਾ ਪਹੁੰਚਾਉਣੀ ਜ਼ਰੂਰੀ ਹੈ। ਕਿਸਾਨਾਂ ਦੀਆਂ ਜਥੇਬੰਦੀਆਂ, ਖੇਤੀਬਾੜੀ ਵਿਭਾਗ, ਖੇਤੀਬਾੜੀ ਯੂਨੀਵਰਸਿਟੀਆਂ ਅਤੇ ਪਿੰਡ ਪੱਧਰ ਦੀਆਂ ਸੰਸਥਾਵਾਂ ਮਿਲ ਕੇ ਅਜਿਹੇ ਤਰੀਕੇ ਲੱਭ ਸਕਦੀਆਂ ਹਨ ਜੋ ਸਥਾਨਕ ਹਾਲਾਤਾਂ ਅਨੁਸਾਰ ਲਾਭਦਾਇਕ ਹੋਣ।

ਪਰਾਲੀ ਸਾੜਨ ਦੀ ਸਮੱਸਿਆ ਦਾ ਹੱਲ ਕਿਸੇ ਇੱਕ ਧਿਰ ਦੀ ਜ਼ਿੰਮੇਵਾਰੀ ਨਹੀਂ ਹੈ। ਕਿਸਾਨਾਂ ਨੂੰ ਵਾਤਾਵਰਣ ਦੀ ਸੁਰੱਖਿਆ ਵਿੱਚ ਆਪਣੀ ਭੂਮਿਕਾ ਨਿਭਾਉਣੀ ਚਾਹੀਦੀ ਹੈ, ਜਦਕਿ ਪ੍ਰਸ਼ਾਸਨ ਅਤੇ ਸਬੰਧਤ ਸੰਸਥਾਵਾਂ ਨੂੰ ਉਨ੍ਹਾਂ ਲਈ ਲੋੜੀਂਦੇ ਸਾਧਨ ਅਤੇ ਸਹੂਲਤਾਂ ਯਕੀਨੀ ਬਣਾਉਣੀਆਂ ਚਾਹੀਦੀਆਂ ਹਨ। ਸਾਫ਼ ਹਵਾ ਅਤੇ ਸਿਹਤਮੰਦ ਮਿੱਟੀ ਦੀ ਲੋੜ ਸਾਰੇ ਸਮਾਜ ਦੀ ਸਾਂਝੀ ਲੋੜ ਹੈ। ਇਸ ਲਈ ਪਰਾਲੀ ਦੇ ਪ੍ਰਬੰਧਨ ਨੂੰ ਸਿਰਫ਼ ਰੋਕਥਾਮ ਦੀ ਮੁਹਿੰਮ ਨਹੀਂ, ਸਗੋਂ ਕਿਸਾਨਾਂ ਅਤੇ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਵਜੋਂ ਦੇਖਣ ਦੀ ਲੋੜ ਹੈ।

# ਪ੍ਰਸਿੱਧ ਅਦਾਕਾਰ ‘ਨਾਨਾ ਪਾਟੇਕਰ ਜੀ’ ਅਲਵਿਦਾ ਕਹਿ ਗਏ



**ਜ਼ਿੰਦਗੀ** ਇੱਕ ਸਫ਼ਰ ਹੈ ਅਤੇ ਅਸੀਂ ਮੁਸਾਫਰ ਹਾਂ ਪਤਾ ਨਹੀਂ ਇਹ ਜ਼ਿੰਦਗੀ ਕਦੋਂ ਕਿੱਥੇ ਦਗ਼ਾ ਦੇ ਜਾਵੇ। ਇਹ ਕੋਈ ਨਹੀਂ ਜਾਣਦਾ, ਨੇਤਾ, ਅਭਿਨੇਤਾ, ਗਰੀਬ, ਅਮੀਰ ਇੱਕ ਦਿਨ ਮੌਤ ਦੀ ਆਗੋਸ਼ ਵਿੱਚ ਸਮਾ ਜਾਂਦੇ ਹਨ, ਜਿੱਥੋਂ ਕਦੇ ਨਾ ਵਾਪਸ ਆਉਣਾ ਇਕ ਗੁੰਝਲਦਾਰ ਸਵਾਲ ਵਾਂਗ ਹੈ। ਇਹ ਕੋਰੀ ਸੱਚਾਈ ਹੈ ਕਿ ਮਨੁੱਖ ਧਰਤੀ ਵਰਗੇ ਗ੍ਰਹਿ ਉੱਪਰ ਇੱਕ ਮੁਸਾਫਰ ਹੈ ਅਤੇ ਇੱਥੇ ਉਸ ਦਾ ਅੰਤ ਯਕੀਨੀ ਹੈ। ਮੌਤ ਹਰ ਮਨੁੱਖ ਦੀ ਜ਼ਿੰਦਗੀ ਦੀ ਇਬਾਰਤ ਲਿਖਦੀ ਹੈ ਅਤੇ ਇਹ ਇਬਾਰਤ 8 ਅਕਤੂਬਰ, 2026 ਨੂੰ 75 ਸਾਲ ਦੀ ਉਮਰ ਵਿੱਚ ਪ੍ਰਸਿੱਧ ਅਦਾਕਾਰ ‘ਨਾਨਾ ਪਾਟੇਕਰ’ ਦੇ ਨਾਂ ਤੇ ਲਿਖੀ ਗਈ ਸੀ। ਨਾਨਾ ਪਾਟੇਕਰ ਦਾ ਅਸਲ ਨਾਮ ਵਿਸ਼ਵਨਾਥ ਪਾਟੇਕਰ ਸੀ। ਉਨਾਂ ਦਾ ਜਨਮ 1 ਜਨਵਰੀ, 1951 ਨੂੰ ‘ਮੁਰਡ-ਜੰਜੀਰਾ’ ਮਹਾਰਾਸ਼ਟਰ ਵਿਚ ਹੋਇਆ ਸੀ। ਉਨਾਂ ਦਾ ਬਚਪਨ ਬਹੁਤ ਗਰੀਬੀ ਵਿੱਚ ਬੀਤਿਆ, ਉਨ੍ਹਾਂ ਨੇ 13 ਸਾਲ ਦੀ ਉਮਰ ਤੋਂ ਫਿਲਮਾਂ ਦੇ ਪੋਸਟਰ ਪੇਂਟ ਕਰਕੇ ਪਰਿਵਾਰ ਪਾਲਿਆ ਸੀ। ਉਨਾਂ ਦੀ ਪੜ੍ਹਾਈ ਸਰ ਜੇ.ਜੇ. ਇੰਸਟੀਚਿਊਟ ਆਫ ਅਪਲਾਈਡ ਆਰਟ, ਮੁੰਬਈ ਤੋਂ ਹੋਈ ਸੀ।

ਉਹਨਾਂ ਦੇ ਫ਼ਿਲਮੀ ਸਫ਼ਰ ਦੀ ਸ਼ੁਰੂਆਤ 1978 ਵਿੱਚ ਫਿਲਮ ‘ਗਮਨ’ ਨਾਲ ਹੋਈ ਸੀ ਜੋਂ ਇਕ ਮਰਾਠੀ ਫਿਲਮ ਸੀ। ਇਸ ਤੋਂ ਬਾਅਦ ‘ਪਰਿੰਦਾ ’ ਫਿਲਮ 1989 ਵਿੱਚ ਆਈ ਜਿਸ ਨੇ ਪਹਿਲਾ ਨੈਸ਼ਨਲ ਅਵਾਰਡ ਜਿੱਤਿਆ ਸੀ।

ਉਹਨਾਂ ਦੀਆਂ ਮਸ਼ਹੂਰ ਫਿਲਮਾਂ ਵਿੱਚ ਸਲਾਮ ਬੰਬੇ, ਪ੍ਰਹਾਰ, ਕ੍ਰਾਂਤੀ ਵੀਰ, ਅਗਨੀ ਸਾਖੀ, ਖਾਮੋਸ਼ੀ, ਅਪਹਰਣ, ਰਾਜਨੀਤੀ ਅਤੇ ਵੈਲਕਮ ਹਨ।

ਉਹ ਗੁੱਸੇ ਵਾਲੇ ਕਿਰਦਾਰ ਲਈ ਜਾਣੇ ਜਾਂਦੇ ਸਨ, ਪਰ ਵੈਲਕਮ ਵਿੱਚ ਉਹਨਾਂ ਨੇ ਸਾਬਤ ਕੀਤਾ ਕਿ ਉਹ ਕਾਮੇਡੀ ਦੇ ਵੀ ਬਾਦਸ਼ਾਹ ਹਨ। ਫਿਲਮੀ ਕੈਰੀਅਰ ਤੇ ਸਫ਼ਰ ਵਿੱਚ ਉਹਨਾਂ ਨੂੰ ਬਹੁਤ ਸਾਰੇ ਮਾਨ ਸਨਮਾਨ ਵੀ ਮਿਲੇ। ਇਸ ਸਫ਼ਰ ਦੌਰਾਨ ਉਨਾਂ ਨੂੰ 3 ਵਾਰ ਨੈਸ਼ਨਲ ਫਿਲਮ ਐਵਾਰਡ- ਫਿਲਮਫੇਅਰ ਬੈਸਟ ਐਕਟਰ, ਬੈਸਟ ਵਿਲੇਨ ਅਤੇ ਬੈਸਟ ਸਪੋਰਟਿੰਗ ਐਕਟਰ ਅਵਾਰਡ ਪ੍ਰਾਪਤ ਹੋਏ। ਉਹ ਤਿੰਨੋ ਕੈਟਾਗਰੀਆਂ ਜਿੱਤਣ ਵਾਲੇ ਗਿਣੇ-ਚੁਣੇ ਅਦਾਕਾਰਾ ਵਿੱਚੋ ਇੱਕ ਸਨ। ਸਾਲ 2013 ਵਿੱਚ ਉਹਨਾਂ ਨੂੰ ਭਾਰਤ ਸਰਕਾਰ ਵੱਲੋਂ ਪਦਮ ਸ੍ਰੀ ਅਵਾਰਡ ਨਾਲ ਨਿਵਾਜਿਆ ਗਿਆ। ਭਾਰਤ ਸਰਕਾਰ ਵੱਲੋਂ ਉਨਾਂ ਨੂੰ ਸਨਮਾਨ ਵਜੋ ਆਨਰੇਰੀ ਲੈਫਟੀਨੈਂਟ ਕਰਨਲ ਦਾ ਅਹੁਦਾ ਵੀ ਦਿੱਤਾ ਗਿਆ ਸੀ ਇਸ ਕਾਰਨ ਉਨਾਂ ਨੇ ਭਾਰਤੀ ਫੌਜ ਵਿੱਚ ਕਾਰਗਲ ਜੰਗ ਦੌਰਾਨ ਸੇਵਾ ਵੀ ਨਿਭਾਈ ਸੀ।

ਨਾਨਾ ਪਾਟੇਕਰ ਜੀ ਸੱਚੇ- ਸੁੱਚੇ ਸਮਾਜ ਸੇਵਕ ਵੀ ਸਨ ਉਹਨਾਂ ਨੇ ਮਰਾਠੀ ਅਦਾਕਾਰ ਮਕਰੰਦ ਅਨਾਸਪੁਰੇ ਨਾਲ ਮਿਲ ਕੇ ‘ਨਾਮ ਫਾਊਂਡੇਸ਼ਨ’ ਵਰਗੀ ਸੰਸਥਾ ਵੀ ਬਣਾਈ ਸੀ ਜੋ ਸੋਕਾ ਪੀੜਤ ਕਿਸਾਨਾਂ ਦੀ ਮਦਦ ਕਰਦੀ ਸੀ।



ਕੇ.ਐੱਸ. ਅਮਰ
ਪਿੰਡ ਤੇ ਡਾਕ. ਕੋਟਲੀ ਖਾਸ ਤਹਿਸੀਲ ਮੁਕੇਰੀਆਂ, ਜ਼ਿਲ੍ਹਾ ਹੁਸ਼ਿਆਰਪੁਰ,
ਮੋਬਾ. 94653-69343

ਇੱਕ ਵਧੀਆ ਅਦਾਕਾਰ ਸਮਾਜ ਸੇਵਕ ਅਤੇ ਗਰੀਬ ਕਿਸਾਨਾਂ ਦੀ ਮਦਦ ਕਰਨ ਵਾਲਾ ‘ਨਾਨਾ ਪਾਟੇਕਰ’ ਅੱਜ ਸਾਡੇ ਕੋਲੋ ਹਮੇਸ਼ਾ ਲਈ ਜੁਦਾ ਹੋ ਗਿਆ ਹੈ।

8 ਅਕਤੂਬਰ ਦੀ ਸਵੇਰ ਨੂੰ ਗੋਆ ਦੇ ‘ਡੋਨਾ ਪੌਲਾ’ ਵਿੱਚ ਆਪਣੇ ਘਰ ਵਿੱਚ ਉਹ ਬੇਹੋਸ਼ ਮਿਲੇ। ਜਦੋਂ ਉਨਾਂ ਨੂੰ ‘ਮਨੀਪਾਲ’ ਹਸਪਤਾਲ ਪਹੁੰਚਾਇਆ ਗਿਆ ਤਾਂ ਡਾਕਟਰਾਂ ਨੇ ਦਿਲ ਦਾ ਦੌਰਾ ਪੈਣ ਕਾਰਨ ਉਹਨਾਂ ਨੂੰ ਮ੍ਰਿਤਕ ਐਲਾਨਿਆ। ਉਹਨਾਂ ਦਾ ਅੰਤਿਮ ਸੰਸਕਾਰ ਪੁਣੇ ਨੇੜੇ ਪਿੰਡ ‘ਡੋਨਜੇ’ ਵਿੱਚ ਪੂਰੇ ਰਾਜਕੀ ਸਨਮਾਨ ਅਤੇ 21 ਤੋਪਾਂ ਦੀ ਸਲਾਮੀ ਨਾਲ ਕੀਤਾ ਗਿਆ। ਉਹਨਾਂ ਦੇ ਜਾਣ ਨਾਲ ਭਾਰਤੀ ਸਿਨੇਮਾ ਦਾ ਇੱਕ ਯੁੱਗ ਖਤਮ ਹੋ ਗਿਆ ਹੈ।

# ਨਾਈ ਦੀ ਦੁਕਾਨ

## ਸਾਂਝ, ਸੱਭਿਆਚਾਰ ਅਤੇ ਸਮਾਜ ਦਾ ਆਇਨਾ

**ਪਿੰਡਾਂ** ਅਤੇ ਸ਼ਹਿਰਾਂ ਦੀਆਂ ਗਲੀਆਂ ਵਿੱਚ ਸਥਿਤ ਨਾਈ ਦੀ ਦੁਕਾਨ ਸਿਰਫ਼ ਵਾਲ ਕਟਵਾਉਣ ਜਾਂ ਦਾੜ੍ਹੀ ਬਣਵਾਉਣ ਦੀ ਥਾਂ ਨਹੀਂ ਰਹੀ। ਇਹ ਇੱਕ ਅਜਿਹਾ ਸਮਾਜਕ ਮੰਚ ਹੈ ਜਿੱਥੇ ਲੋਕ ਮਿਲਦੇ ਹਨ, ਵਿਚਾਰ ਸਾਂਝੇ ਕਰਦੇ ਹਨ, ਖ਼ਬਰਾਂ ਸੁਣਦੇ ਹਨ, ਹੱਸਦੇ-ਖੇਡਦੇ ਹਨ ਅਤੇ ਆਪਣੇ ਸਮਾਜ ਨਾਲ ਜੁੜੇ ਰਹਿੰਦੇ ਹਨ। ਨਾਈ ਦੀ ਦੁਕਾਨ ਸਦੀਆਂ ਤੋਂ ਭਾਈਚਾਰੇ, ਸੱਭਿਆਚਾਰ ਅਤੇ ਲੋਕ-ਜੀਵਨ ਦਾ ਇੱਕ ਮਹੱਤਵਪੂਰਨ ਹਿੱਸਾ ਰਹੀ ਹੈ।

ਪੁਰਾਣੇ ਸਮਿਆਂ ਵਿੱਚ ਜਦੋਂ ਨਾ ਟੈਲੀਵਿਜ਼ਨ ਸੀ, ਨਾ ਮੋਬਾਈਲ ਫੋਨ ਅਤੇ ਨਾ ਹੀ ਸੋਸ਼ਲ ਮੀਡੀਆ, ਉਦੋਂ ਨਾਈ ਦੀ ਦੁਕਾਨ ਪਿੰਡ ਦੀ ਜਾਣਕਾਰੀ ਦਾ ਇੱਕ ਅਹਿਮ ਕੇਂਦਰ ਹੁੰਦੀ ਸੀ। ਇੱਥੇ ਲੋਕ ਸਵੇਰੇ ਜਾਂ ਸ਼ਾਮ ਨੂੰ ਇਕੱਠੇ ਹੁੰਦੇ, ਦੇਸ਼-ਦੁਨੀਆ ਦੀਆਂ ਗੱਲਾਂ ਕਰਦੇ, ਖੇਤੀਬਾੜੀ, ਮੌਸਮ, ਵਿਆਹ-ਸ਼ਾਦੀਆਂ ਅਤੇ ਸਮਾਜਕ ਮਸਲਿਆਂ ਬਾਰੇ ਵਿਚਾਰ ਸਾਂਝੇ ਕਰਦੇ। ਕਈ ਵਾਰ ਕਿਸੇ ਸਮੱਸਿਆ ਦਾ ਹੱਲ ਵੀ ਇਨ੍ਹਾਂ ਗੱਲਬਾਤਾਂ ਵਿੱਚੋਂ ਹੀ ਨਿਕਲ ਆਉਂਦਾ ਸੀ।



ਡਾ. ਵਿਜੈ ਗਰਗ
ਸੇਵਾਮੁਕਤ ਪ੍ਰਿੰਸੀਪਲ, ਮਲੋਟ, ਪੰਜਾਬ

ਨਾਈ ਦਾ ਪੇਸ਼ਾ ਭਾਰਤੀ ਸਮਾਜ ਵਿੱਚ ਸੇਵਾ ਅਤੇ ਭਰੋਸੇ ਨਾਲ ਜੁੜਿਆ ਰਿਹਾ ਹੈ। ਉਹ ਆਪਣੇ ਗਾਹਕਾਂ ਨੂੰ ਸਿਰਫ਼ ਸੇਵਾ ਹੀ ਨਹੀਂ ਦਿੰਦਾ, ਸਗੋਂ ਉਨ੍ਹਾਂ ਨਾਲ ਇੱਕ ਪਰਿਵਾਰਕ ਰਿਸ਼ਤਾ ਵੀ ਬਣਾਉਂਦਾ ਹੈ। ਇੱਕ ਨਾਈ ਨੂੰ ਆਪਣੇ ਪਿੰਡ ਜਾਂ ਮੁਹੱਲੇ ਦੇ ਲਗਭਗ ਹਰ ਪਰਿਵਾਰ ਬਾਰੇ ਜਾਣਕਾਰੀ ਹੁੰਦੀ ਸੀ। ਵਿਆਹ, ਜਨਮ, ਮੌਤ ਜਾਂ ਹੋਰ ਸਮਾਜਕ ਸਮਾਗਮਾਂ ਵਿੱਚ ਵੀ ਨਾਈ ਦੀ ਭੂਮਿਕਾ ਮਹੱਤਵਪੂਰਨ ਰਹਿੰਦੀ ਸੀ। ਇਸ ਲਈ ਉਹ ਸਿਰਫ਼ ਇੱਕ ਕਾਰੀਗਰ ਨਹੀਂ, ਸਗੋਂ ਸਮਾਜਕ ਜੀਵਨ ਦਾ ਅਹਿਮ ਹਿੱਸਾ ਮੰਨਿਆ ਜਾਂਦਾ ਸੀ।

ਨਾਈ ਦੀ ਦੁਕਾਨ ਲੋਕਤੰਤਰ ਦੀ ਇੱਕ ਛੋਟੀ ਜਿਹੀ ਤਸਵੀਰ ਵੀ ਹੈ। ਇੱਥੇ ਅਮੀਰ-ਗਰੀਬ, ਕਿਸਾਨ-ਵਪਾਰੀ, ਵਿਦਿਆਰਥੀ-ਅਧਿਆਪਕ ਅਤੇ ਨੌਜਵਾਨ-ਬਜ਼ੁਰਗ ਇੱਕੋ ਕੁਰਸੀ ਦੇ ਆਲੇ-ਦੁਆਲੇ ਬੈਠ ਕੇ ਗੱਲਾਂ ਕਰਦੇ ਹਨ। ਹਰ ਕਿਸੇ ਨੂੰ ਆਪਣੀ ਰਾਏ ਦੇਣ ਦਾ ਮੌਕਾ ਮਿਲਦਾ ਹੈ। ਇਹ ਸਮਾਨਤਾ ਅਤੇ ਸਮਾਜਕ ਸਾਂਝ ਦਾ ਸੁੰਦਰ ਉਦਾਹਰਨ ਹੈ।

ਅੱਜ ਦੇ ਸਮੇਂ ਵਿੱਚ ਨਾਈ ਦੀਆਂ ਦੁਕਾਨਾਂ ਦਾ ਰੂਪ ਬਦਲ ਗਿਆ ਹੈ। ਏਅਰ ਕੰਡੀਸ਼ਨਡ ਸੈਲੂਨ, ਆਧੁਨਿਕ ਉਪਕਰਨ,



ਆਨਲਾਈਨ ਬੁਕਿੰਗ ਅਤੇ ਫੈਸ਼ਨ ਦੇ ਨਵੇਂ ਰੁਝਾਨ ਇਸ ਪੇਸ਼ੇ ਨੂੰ ਨਵੀਂ ਦਿਸ਼ਾ ਦੇ ਰਹੇ ਹਨ। ਫਿਰ ਵੀ ਕਈ ਥਾਵਾਂ ’ਤੇ ਉਹੀ ਪੁਰਾਣਾ ਮਾਹੌਲ ਅੱਜ ਵੀ ਜ਼ਿੰਦਾ ਹੈ, ਜਿੱਥੇ ਅਖ਼ਬਾਰ ਪੜ੍ਹਦੇ ਲੋਕ, ਚਾਹ ਦੇ ਕੱਪ ਅਤੇ ਹਲਕੀਆਂ-ਫੁਲਕੀਆਂ ਗੱਲਾਂ ਸਮਾਜਕ ਰਿਸ਼ਤਿਆਂ ਨੂੰ ਮਜ਼ਬੂਤ ਕਰਦੀਆਂ ਹਨ।

ਸੋਸ਼ਲ ਮੀਡੀਆ ਅਤੇ ਡਿਜ਼ਿਟਲ ਸੰਚਾਰ ਦੇ ਯੁੱਗ ਵਿੱਚ ਲੋਕ ਇੱਕ-ਦੂਜੇ ਨਾਲ ਘੱਟ ਮਿਲਦੇ ਹਨ। ਅਜਿਹੇ ਸਮੇਂ ਵਿੱਚ ਨਾਈ ਦੀ ਦੁਕਾਨ ਸਾਨੂੰ ਰੂਬਰੂ ਗੱਲਬਾਤ ਦੀ ਮਹੱਤਤਾ ਯਾਦ ਦਿਵਾਉਂਦੀ ਹੈ। ਇੱਥੇ ਬਣਨ ਵਾਲੇ ਰਿਸ਼ਤੇ ਵਰਚੁਅਲ ਨਹੀਂ, ਸਗੋਂ ਅਸਲ ਜ਼ਿੰਦਗੀ ਦੇ ਰਿਸ਼ਤੇ ਹੁੰਦੇ ਹਨ। ਇਹ ਮਨੁੱਖੀ ਨੇੜਤਾ ਅਤੇ ਆਪਸੀ ਭਰੋਸੇ ਨੂੰ ਵਧਾਉਂਦੇ ਹਨ। ਨਾਈ ਦੀ ਦੁਕਾਨ ਸਥਾਨਕ ਸੱਭਿਆਚਾਰ ਦੀ ਵੀ ਇੱਕ ਜੀਵੰਤ ਝਲਕ ਹੈ। ਇੱਥੇ ਬੋਲੀ, ਮੁਹਾਵਰੇ, ਲੋਕ-ਕਹਾਣੀਆਂ, ਹਾਸਾ-ਮਜ਼ਾਕ ਅਤੇ ਲੋਕ-ਸਿਆਣਪ ਪੀੜ੍ਹੀ ਦਰ ਪੀੜ੍ਹੀ ਅੱਗੇ ਵਧਦੀ ਹੈ। ਕਈ ਵਾਰ ਨੌਜਵਾਨ ਇੱਥੇ ਬੈਠ ਕੇ ਬਜ਼ੁਰਗਾਂ ਦੇ ਤਜਰਬਿਆਂ ਤੋਂ ਜੀਵਨ ਦੇ ਮਹੱਤਵਪੂਰਨ ਸਬਕ ਸਿੱਖਦੇ ਹਨ।

ਇਸ ਦੇ ਨਾਲ ਹੀ ਨਾਈ ਦੀ ਦੁਕਾਨ ਛੋਟੇ ਕਾਰੋਬਾਰਾਂ ਦੀ ਮਹੱਤਤਾ ਨੂੰ ਵੀ ਦਰਸਾਉਂਦੀ ਹੈ। ਇਹ ਸਵੈ-ਰੁਜ਼ਗਾਰ ਦਾ ਇੱਕ ਵਧੀਆ ਉਦਾਹਰਨ ਹੈ, ਜੋ ਲੱਖਾਂ ਪਰਿਵਾਰਾਂ ਦੀ ਆਰਥਿਕਤਾ ਨੂੰ ਮਜ਼ਬੂਤ ਕਰਦਾ ਹੈ। ਹੁਨਰ, ਮਿਹਨਤ ਅਤੇ ਗਾਹਕਾਂ ਨਾਲ ਚੰਗਾ ਵਿਵਹਾਰ ਇਸ ਪੇਸ਼ੇ ਦੀ ਸਫਲਤਾ ਦੀ ਕੁੰਜੀ ਹਨ। ਭਵਿੱਖ ਵਿੱਚ ਭਾਵੇਂ ਤਕਨਾਲੋਜੀ ਹੋਰ ਅੱਗੇ ਵਧੇ, ਪਰ ਨਾਈ ਦੀ ਦੁਕਾਨ ਦੀ ਸਮਾਜਕ ਮਹੱਤਤਾ ਕਦੇ ਖਤਮ ਨਹੀਂ ਹੋਵੇਗੀ। ਮਨੁੱਖ ਨੂੰ ਹਮੇਸ਼ਾ ਅਜਿਹੀਆਂ ਥਾਵਾਂ ਦੀ ਲੋੜ ਰਹੇਗੀ ਜਿੱਥੇ ਉਹ ਖੁੱਲ੍ਹ ਕੇ ਗੱਲ ਕਰ ਸਕੇ, ਆਪਣੇ ਵਿਚਾਰ ਸਾਂਝੇ ਕਰ ਸਕੇ ਅਤੇ ਸਮਾਜ ਨਾਲ ਜੁੜਿਆ ਮਹਿਸੂਸ ਕਰੇ।

ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਨਾਈ ਦੀ ਦੁਕਾਨ ਸਿਰਫ਼ ਇੱਕ ਕਾਰੋਬਾਰ ਨਹੀਂ, ਸਗੋਂ ਸਾਂਝ, ਸੱਭਿਆਚਾਰ ਅਤੇ ਸਮਾਜ ਦਾ ਆਇਨਾ ਹੈ। ਇਹ ਸਾਨੂੰ ਦੱਸਦੀ ਹੈ ਕਿ ਅਸਲ ਸਮਾਜ ਸਿਰਫ਼ ਇਮਾਰਤਾਂ ਨਾਲ ਨਹੀਂ, ਸਗੋਂ ਲੋਕਾਂ ਦੇ ਆਪਸੀ ਰਿਸ਼ਤਿਆਂ, ਸੰਵਾਦ ਅਤੇ ਭਰੋਸੇ ਨਾਲ ਬਣਦਾ ਹੈ। ਇਸ ਲਈ ਨਾਈ ਦੀ ਦੁਕਾਨ ਸਾਡੇ ਸਮਾਜ ਦੀ ਇੱਕ ਅਨਮੋਲ ਵਿਰਾਸਤ ਹੈ, ਜਿਸ ਦੀ ਮਹੱਤਤਾ ਨੂੰ ਸਮਝਣਾ ਅਤੇ ਸੰਭਾਲਣਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ।

# ਭਗਵਾਨ ਸ੍ਰੀਰਾਮ ਅਤੇ ਰਾਵਣ ਦੇ ਗੁਣਾਂ ਵਿੱਚਲਾ ਅੰਤਰ

**ਜਦੋਂ ਗ੍ਰੰਥਾਂ** ਦੀ ਗੱਲ ਆਉਂਦੀ ਹੈ ਤਾਂ ਉਸ ਵਿੱਚ ਰਾਮਾਇਣ ਮਹਾਂ ਗ੍ਰੰਥ ਮੂਹਰਲੀ ਕਤਾਰ ਵਿੱਚ ਹੁੰਦਾ ਹੈ ਅਤੇ ਜਦੋਂ ਰਾਮਾਇਣ ਮਹਾਂ ਗ੍ਰੰਥ ਦੀ ਗੱਲ ਹੁੰਦੀ ਹੈ ਤਾਂ ਭਗਵਾਨ ਸ੍ਰੀ ਰਾਮ ਚੰਦਰ ਜੀ ਅਤੇ ਲੰਕਾ ਦੇ ਰਾਜਾ ਰਾਵਣ ਦੀ ਗੱਲ ਵੀ ਬਦੋ-ਬਦੀ ਤੁਰ ਹੀ ਪੈਂਦੀ ਹੈ। 14 ਸਾਲਾਂ ਦਾ ਬਨਵਾਸ ਕੱਟ ਰਹੇ ਭਗਵਾਨ ਸ੍ਰੀ ਰਾਮ ਚੰਦਰ ਜੀ ਨੇ ਬਨਵਾਸ ਦੇ ਅਖੀਰ ਵਿੱਚ ਲੰਕਾ ਦੇ ਰਾਜਾ ਰਾਵਣ ਨਾਲ਼ ਆਰ ਪਾਰ ਦੀ ਲੜਾਈ ਕੀਤੀ ਸੀ। ਗਿਆਨੀਜਨ ਉਹਨਾਂ ਦਾ ਜਨਮ ਇਸੇ ਮਕਸਦ ਲਈ ਹੋਇਆ ਦੱਸਦੇ ਹਨ। ਹਾਲਾਂਕਿ ਇਸ ਲੜਾਈ ਨੂੰ ਬਦੀ ਉੱਤੇ ਨੇਕੀ ਦੀ ਜਿੱਤ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ ’ਤੇ ਜਿੱਤ ਦੇ ਦਿਨ ਨੂੰ ਵਿਜੈ ਦਸਮੀ ਭਾਵ ਦਸਹਿਰੇ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ।

ਇਸ ਵਿੱਚ ਬਥੇਰੇ ਪਾਤਰ ਹਨ, ਮਹਾਂ ਗਿਆਨੀ, ਮਹਾਂ ਪੰਡਤ ’ਤੇ ਗਿਆਨਵਾਨ, ਕੂਟਨੀਤੀਵਾਨ ਰਾਜਨੀਤੀਵਾਨ, ਧਰਮ ਸ਼ਾਸਤਰ ਦਾ ਗਿਆਨ ਰੱਖਣ ਵਾਲ਼ੇ ਵੱਡੇ-ਵੱਡੇ ਯੋਧੇ ਅਤੇ ਕਈ ਵਿਗਿਆਨੀ ਅਤੇ ਇੰਜ਼ੀਨੀਅਰ ਵੀ ਇਸ ਮਹਾਂ ਗ੍ਰੰਥ ਵਿੱਚ ਆਪੋ ਆਪਣੇ ਕਰਮ ਅਤੇ ਡਿਊਟੀਆਂ ਨਿਭਾ ਰਹੇ ਹਨ। ਪਰ ਭਗਵਾਨ ਸ੍ਰੀ ਰਾਮ ਚੰਦਰ ਜੀ ਅਤੇ ਲੰਕਾਪਤੀ ਰਾਵਣ ਦੀ ਚਰਚਾ ਸਹਿਜੇ ਹੀ ਹੋ ਜਾਂਦੀ ਹੈ। ਦੋਨਾਂ ਵਿੱਚ ਬਹੁਤ ਹੀ ਸਮਾਨਤਾਵਾਂ ਅਤੇ ਬਹੁਤ ਜ਼ਿਆਦਾ ਅਸਮਾਨਤਾਵਾਂ ਵੀ ਹਨ। ਦੋਨੋਂ ਹੀ ਰਾਜੇ ਹਨ। ਰਾਵਣ ਲੰਕਾ ਦਾ ਉਸ ਵੇਲ਼ੇ ਦਾ ਸਦਾ ਬਹਾਰ ਰਾਜਾ ਜਿਸ ਨੂੰ ਤਿ?ਰਲੋਕਵਿਜੇਤਾ ਵੀ ਕਿਹਾ ਜਾਂਦਾ ਹੈ ਅਤੇ ਦੂਜੇ ਪਾਸੇ ਭਗਵਾਨ ਸ੍ਰੀ ਰਾਮ ਜਿਹੜੇ ਕਿ ਇਕ ਰਾਜ ਕੁਮਾਰ ਹਨ ਅਤੇ ਰਾਜਾ ਬਣਦੇ ਬਣਦੇ ਆਖਰੀ ਮੌਕੇ ਤੇ ਬਨਵਾਸ ਚਲੇ ਜਾਂਦੇ ਹਨ। ਹਾਲਾਂਕਿ ਉਹ ਬਨਵਾਸ ਉਪਰੰਤ ਵੀ ਰਾਜਾ ਹੀ ਬਣਦੇ ਹਨ। ਰਾਵਣ ਫੌਜ ਪੱਖੋਂ, ਪੜ੍ਹਾਈ ਪੱਖੋਂ, ਉਮਰ ਪੱਖੋਂ, ਭਗਵਾਨ ਸ੍ਰੀ ਰਾਮ ਤੋਂ ਹਰ ਪਲ ਤਾਕਤਵਰ ਹੀ ਜਾਪਦਾ ਹੈ। ਮੌਕੇ ’ਤੇ ਭਗਵਾਨ ਰਾਮ ਬਨਵਾਸੀ ਹਨ ਅਤੇ ਰਾਵਣ ਰਾਜਾ। ਇਹ ਵੀ ਉਸਨੂੰ ਉਸ ਵੇਲੇ ਉੱਚਾ ਦਰਸਾਉਂਦਾ ਹੈ। ਪਰ ਅਣਗਿਣਤ ਸ਼ਕਤੀਆਂ ਦਾ ਸੁਆਮੀ, ਅਣਗਿਣਤ ਮਿਜ਼ਾਇਲਾਂ, ਅਸਤਰਾਂ-ਸ਼ਸਤਰਾਂ, ਲੜਾਕੂ-ਜਹਾਜਾਂ, ਵੱਡੀ ਸੈਨਾ ਆਦਿ ਦਾ ਮਾਲਕ ਫਿਰ ਵੀ ਭਗਵਾਨ ਰਾਮ ਤੋਂ ਹਾਰ ਜਾਂਦਾ ਹੈ। ਆਖਰ ਇਸ ਰਾਵਣ ਦੀ ਹਾਰ ਦਾ ਕਾਰਨ ਕੀ ਹੈ?

ਦਸਹਿਰੇ ਅਤੇ ਦਿਵਾਲ਼ੀ ਵਰਗੇ ਤਿਉਹਾਰਾਂ ਤੋਂ ਸਾਨੂੰ ਇਕ ਗੱਲ, ਇਕ ਸਿੱਖਿਆ ਜ਼ਰੂਰ ਮਿਲਦੀ ਹੈ ਕਿ ਜੋ ਮਰਜ਼ੀ ਹੋ ਜਾਵੇ, ਅਖੀਰ ਵਿੱਚ ਸੱਚ ਦੀ ਹੀ ਜਿੱਤ ਹੁੰਦੀ ਹੈ। ਤਾਂ ਹੀ ਤਾਂ ਦਸਹਿਰੇ ਭਾਵ ਰਾਵਣ ਦੇ ਮਰਨਦਿਨ ਨੂੰ ਬਦੀ ਉੱਤੇ ਨੇਕੀ ਦਾ ਤਿਉਹਾਰ ਵੀ ਕਿਹਾ ਜਾਂਦਾ ਹੈ। ਸੱਚ ਦੀ ਜਿੱਤ ਦਾ ਮਤਲਬ ਹੈ ਚੰਗੇ ਗੁਣਾਂ ਦੀ ਜਿੱਤ ਕਿਉਂਕਿ ਚੰਗੇ ਗੁਣ ਹਮੇਸ਼ਾ ਸੱਚ ਦੇ ਨਾਲ਼ ਹੀ ਹੁੰਦੇ ਹਨ। ਸੱਚੇ ਬੰਦੇ ਹਮੇਸ਼ਾ ਚੰਗੇ ਗੁਣਾਂ ਦੇ ਹੀ ਧਾਰਨੀ ਹੁੰਦੇ ਹਨ। ਸਿਆਣੇ ਕਹਿੰਦੇ ਹਨ ਕਿ ਜਿਸ ਨੇ ਆਪਣੇ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ’ਤੇ ਕਾਬੂ ਪਾ ਲਿਆ ਉਸ ਨੇ ਇਸ ਜੱਗ ਨੂੰ ਜਿੱਤ ਲਿਆ। ਭਾਵ ਉਹ ਜਗਤ ਵਿਜੇਤਾ ਹੋ ਜਾਂਦਾ ਹੈ। ਆਓ ਆਪਾਂ ਵੀ ਭਗਵਾਨ ਸ੍ਰੀ ਰਾਮ ਅਤੇ ਰਾਵਣ ਦੀ ਇਹਨਾਂ ਗੁਣਾਂ ਦੋਸ਼ਾਂ ਦੀ ਪੜਚੋਲ ਕਰਨ ਦੀ ਕੋਸ਼ਿਸ਼ ਕਰੀਏ। ਹਾਲਾਂਕਿ ਅਸੀਂ ਭਗਵਾਨ ਦੇ ਗੁਣ ਵਾਚਣ ਦੇ ਯੋਗ ਨਹੀਂ ਹਾਂ ਕਿਉਕਿ ਉਹ ਤਾਂ ਅਪਰੰਪਾਰ ਹੈ। ਪਰ ਫਿਰ ਵੀ ਆਓ ਜਿੰਨਾ ਸਾਨੂੰ ਸਮਝ ਲੱਗਦਾ ਹੈ, ਉਸ ਦਾ ਜ਼ਿਕਰ ਕਰਨ ਦੀ ਕੋਸ਼ਿਸ਼ ਕਰੀਏ।

ਭਗਵਾਨ ਸ੍ਰੀ ਰਾਮ ਚੰਦਰ ਜੀ ਦੀ ਇਕ ਘਰਵਾਲ਼ੀ ਮਾਤਾ ਸੀਤਾ ਹੈ/ਸੀ ਹਾਲਾਂਕਿ ਉਸ ਸਮੇਂ ਰਾਜੇ-ਮਹਾਰਾਜਿਆਂ ਵਿੱਚ ਇਹ ਵਿਚਾਰ ਅਤੇ ਰਿਵਾਜ਼ ਆਮ ਪ੍ਰਚਲਤ ਸੀ ਕਿ ਉਹ ਦੋ-ਦੋ, ਤਿੰਨ-ਤਿੰਨ ਵਿਆਹ ਕਰਵਾ ਲੈਂਦੇ ਸਨ। ਪਰ ਫਿਰ ਵੀ ਭਗਵਾਨ ਸ੍ਰੀ ਰਾਮ ਨੇ ਸਾਰੀ ਉਮਰ ਇਕ ਹੀ ਵਿਆਹ ਕਰਵਾਇਆ। ਕਿਹਾ ਜਾਂਦਾ ਹੈ ਕਿ ਇਸ ਦੀ ਪ੍ਰਤਿਗਿਆ* ਉਹਨਾਂ ਨੇ ਵਿਆਹ ਤੋਂ ਪਹਿਲਾਂ ਹੀ ਕਰ ਲਈ ਸੀ। ਦੂਜੇ ਪਾਸੇ ਲੰਕਾ ਦੇ ਰਾਜੇ ਰਾਵਣ ਦੀਆਂ ਤਿੰਨ ਘਰਵਾਲ਼ੀਆਂ ਕਹੀਆਂ ਜਾਂਦੀਆਂ ਹਨ। ਮੰਦੋਦਰੀ, ਧਨਯਮਾਲਣੀ ਅਤੇ ਤੀਜੀ ਬਾਰੇ ਕਿਸੇ ਗ੍ਰੰਥ ਵਿੱਚ ਕੋਈ ਜ਼ਿਆਦਾ ਚਰਚਾ ਨਹੀਂ ਆਉਂਦੀ। ਕਿਹਾ ਜਾਂਦਾ ਹੈ ਕਿ ਇਹ ਤਿੰਨੋਂ ਪਤਨੀਆਂ ਸ੍ਰੀ ਹਰੀ ਦੀਆਂ ਭਗਤਨੀਆਂ ਸਨ। ਪਰ ਰਾਵਣ ਨੇ ਉਹਨਾਂ ਨੂੰ ਸ੍ਰੀ ਹਰੀ ਦੀ ਪੂਜਾ-ਬੰਦਗੀ ਕਰਨ ਤੋਂ ਰੋਕ ਦਿੱਤਾ ਸੀ। ਮੰਦੋਦਰੀ ਅਤੇ ਧਨਯਮਾਲਣੀ ਤਾ ਮੰਨ ਗਈਆਂ ਸਨ ਪਰ ਤੀਜੀ ਪਤਨੀ ਨੇ ਅਜਿਹਾ ਨਹੀਂ ਕੀਤਾ ਸੀ ’ਤੇ ਇਹ ਵੀ ਕਿਹਾ ਜਾਂਦਾ ਹੈ ਕਿ ਗੁੱਸੇ ਵਿੱਚ ਰਾਵਣ ਨੇ ਉਸ ਨੂੰ ਮਾਰ ਮੁਕਾਇਆ ਸੀ। ਇਸ ਤੀਜੀ ਪਤਨੀ ਤੋਂ ਰਾਵਣ ਦੇ ਪ੍ਰਹਸਥ, ਨਰਾਂਤਕਾ ਅਤੇ ਦੇਵਤਾਕਾ ਤਿੰਨ ਬੇਟੇ ਸਨ।







ਸੰਜੀਵ ਝਾਂਜੀ
ਜਗਰਾਉਂ
ਸੰਪਰਕ : 80049-10000

ਭਗਵਾਨ ਸ੍ਰੀ ਰਾਮ ਚੰਦਰ ਜੀ ਪਰਾਈ ਇਸਤਰੀ ਨੂੰ ਹਮੇਸ਼ਾ ਮਾਂ ਦੇ ਬਰਾਬਰ ਦਾ ਦਰਜ਼ਾ ਦਿੰਦੇ ਸਨ। ਰਾਵਣ ਦੀ ਮੌਤ ਤੋਂ ਬਾਅਦ ਜਦੋਂ ਮਹਾਰਾਣੀ ਮੰਦੋਦਰੀ ਜੰਗ ਦੇ ਮੈਦਾਨ ਵਿੱਚ ਰਾਵਣ ਦੀ ਦੇਹ (ਸ਼ਰੀਰ) ਨੂੰ ਦੇਖਣ ਲਈ ਆਉਂਦੀ ਹੈ ਤਾਂ ਉਸ ਵੇਲ਼ੇ ਮਹਾਰਾਣੀ ਮੰਦੋਦਰੀ ਦੀ ਪਰਛਾਈ ਦੇਖ ਕੇ ਵੀ ਭਗਵਾਨ ਸ਼?ਰੀਰਾਮ ਹੱਥ ਜੋੜ ਕੇ ਉਸਨੂੰ ਮਾਤਾ ਕਹਿ ਕੇ, ਦੇਵੀ ਕਹਿ ਕੇ ਬੁਲਾਉਂਦੇ ਹਨ। ਜਿਹੜੀ ਕਿ ਉਹਨਾਂ ਦੀ ਉੱਚੀ ਸੋਚ ਨੂੰ ਦਰਸਾਉਂਦੀ ਹੈ। ਪਰ ਦੂਜੇ ਪਾਸੇ ਇਸ ਸੰਬੰਧੀ ਰਾਵਣ ’ਤੇ ਕਈ ਦੋਸ਼ ਹਨ। ਸਵਰਗ ਲੋਕ ਦੀ ਇਕ ਪਰੀ ਰੰਭਾ ਜਿਹੜੀ ਕਿ ਰਾਵਣ ਦੇ ਭਰਾ ਦੀ ਹੋਣ ਵਾਲੀ ਨੂੰਹ* ਸੀ ਨੂੰ ਵੀ ਰਾਵਣ ਦੀ ਹਵਸ ਦਾ ਸ਼ਿਕਾਰ ਹੋਣਾ ਪਿਆ ਸੀ। ਰਾਵਣ ਨੇ ਤਪੱਸਿਆ ਕਰ ਰਹੀ ਇਕ ਸਾਧਵੀ ਨੂੰ ਵੀ ਆਪਣੀ ਹਵਸ ਦਾ ਸ਼ਿਕਾਰ ਬਣਾਉਣ ਦੀ ਕੋਸ਼ਸ਼ ਕੀਤੀ ਸੀ। ਹਾਲਾਂਕਿ ਉਸ ਸਾਧਨੀ ਨੇ ਆਪਣਾ ਸ਼ਰੀਰ ਤਿਆਗ ਦਿੱਤਾ ਸੀ।

ਰਾਵਣ ਨੇ ਆਪਣੀ ਸਾਲੀ ’ਤੇ ਵੀ ਬੁਰੀ ਨਜ਼ਰ ਰੱਖੀ ਸੀ। ਉਸ ਨੇ ਆਪਣੀ ਘਰਵਾਲ਼ੀ ਦੀ ਵੱਡੀ ਭੈਣ ਮਾਇਆ ਜਿਹੜੀ ਕਿ ਵੈਜਯੰਤਪੁਰ ਦੇ ਰਾਜੇ ਸ਼ੰਭਰ ਦੀ ਘਰਵਾਲ਼ੀ ਸੀ, ਨੂੰ ਆਪਣੀ ਕਾਮ ਵਾਸਨਾ ਦਾ ਸ਼ਿਕਾਰ ਬਣਾਇਆ ਸੀ। ਸ਼ੰਭਰ ਨੂੰ ਇਸ ਦਾ ਪਤਾ ਲੱਗਣ ’ਤੇ ਉਸਨੇ ਰਾਵਣ ਨੂੰ ਬੰਦੀ ਬਣਾ ਲਿਆ ਸੀ। ਪਰ ਉਸ ਵੇਲ਼ੇ ਰਾਜਾ ਦਸ਼ਰਥ ਨੇ ਵੈਜਯੰਤਪੁਰ ’ਤੇ ਹਮਲਾ ਕਰ ਦਿੱਤਾ, ਜਿਸ ਵਿੱਚ ਸ਼ੰਭਰ ਮਾਰਿਆ ਗਿਆ। ਉਸ ਦੀ ਮੌਤ ਕਾਰਨ ਹੀ ਰਾਵਣ ਉਸਦੀ ਜੇਲ ਵਿੱਚੋਂ ਛੁੱਟ ਸਕਿਆ।

ਇਥੇ ਇਹ ਗੱਲ ਸਪਸਟ ਹੁੰਦੀ ਹੈ ਕਿ ਜਿੱਥੇ ਭਗਵਾਨ ਸ੍ਰੀ ਰਾਮ ਚੰਦਰ ਜੀ ਨੇ ਆਪਣੇ ਕਾਮ ’ਤੇ ਪੂਰੀ ਤਰ੍ਹਾਂ ਕਾਬੂ ਕੀਤਾ ਹੋਇਆ ਸੀ ਉੱਥੇ ਲੰਕਾਪਤੀ ਰਾਵਣ ਇੰਨ੍ਹਾ ਜ਼ਿਆਦਾ ਸ਼ਕਤੀਸਾਲੀ ਹੋਣ ਦੇ ਬਾਵਜ਼ੂਦ ਵੀ ਆਪਣੇ ਕਾਮ ’ਤੇ ਕਾਬੂ ਨਹੀਂ ਰੱਖ ਸਕਿਆ ਸੀ। ਉਸ ਦੇ ਪਤਨ ਦੇ ਕਾਰਨਾਂ ਵਿੱਚੋਂ ਇਕ ਇਹ ਵੀ ਪ੍ਰਮੁੱਖ ਕਾਰਨ ਹੈ/ਸੀ।

ਬਹੁਤ ਸਾਰੇ ਧਰਮ ਤੋਂ ਅਗਿਆਨੀ ’ਤੇ ਜਿੰਨ੍ਹਾਂ ਨੇ ਧਰਮ ਗ੍ਰੰਥਾਂ ਦਾ ਕੋਈ ਅਧਿਅਨ ਨਹੀਂ ਕੀਤਾ ਹੁੰਦਾ, ਇਹ ਕਹਿ ਦਿੰਦੇ ਹਨ ਕਿ ਰਾਵਣ ਤਾਂ ਆਪਣੀ ਭੈਣ ਸੂਰਪਨਖਾ ਦਾ ਬਚਾ ਕਰ ਰਿਹਾ ਸੀ ’ਤੇ ਉਸਨੂੰ ਕਰਨਾ ਵੀ ਚਾਹੀਦਾ ਸੀ। ਗੱਲ ਤਾਂ ਠੀਕ ਜਾਪਦੀ ਹੈ ਪਰ ਇਸ ਪਿੱਛੇ ਕੀ ਗੱਲਬਾਤ ਹੈ, ਉਹ ਪੂਰਾ ਜਾਨਣ ਦੇ ਲਈ ਸਾਨੂੰ ਰਾਮ ਚਰਿੱਤਰ, ਕਈ ਤਰ੍ਹਾਂ ਦੀਆਂ ਰਾਮਾਇਣਾਂ ਆਦਿ ਨੂੰ ਪੜ੍ਹਨਾ-ਵਾਚਣਾ ਪਵੇਗਾ। ਇਸਦਾ ਅਸਲ ਕਾਰਨ ਉਸ ਦੀ ਭੈਣ ਸਰੂਪਨਖਾਂ ਵੱਲੋਂ ਆਪਣੇ ਪਤੀ ਦੀ ਮੌਤ ਦਾ ਕਾਰਨ ਰਾਵਣ ਨੂੰ ਮੰਨਣਾ ਹੈ। ਇੱਥੇ ਸਰੂਪਨਖਾਂ ਵੱਲੋਂ ਰਾਵਣ ਨੂੰ ਆਪਣੇ ਮਨੋ ਦਿੱਤਾ ਸਰਾਪ ਕੰਮ ਕੀਤਾ ਜਾਪਦਾ ਹੈ। ਦੂਜਾ ਆਪਣੀ ਨੂੰਹ* ਭਾਵ ਨਲਕੂਬਰ ਦੀ ਹੋਣ ਵਾਲ਼ੀ ਪਤਨੀ ਜਿਸ ਦਾ ਰਾਵਣ ਨੇ ਚਰਿੱਤਰ ਹਣਨ ਕੀਤਾ ਸੀ, ਵੱਲੋਂ ਦਿੱਤਾ ਸਰਾਪ ਅਤੇ ਸਾਧਨੀ ਵੱਲੋਂ ਦਿੱਤਾ ਸਰਾਪ ਵੀ ਕਾਰਜ ਕੀਤਾ ਜਾਪਦਾ ਹੈ।

ਇਸ ਸੰਬੰਧੀ ਫਿਲਮ ਫਿਲਮਾਈ ਗਈ ਕਿਸੇ ਵੀ ਫਿਲਮ ਜਾਂ ਲੜੀਵਾਰ ਵਿੱਚ ਜੇ ਅਸੀਂ ਰਾਵਣ ਦੇ ਕਿਰਦਾਰ ਨੂੰ ਦੇਖੀਏ ਤਾਂ ਉਹ ਸਾਨੂੰ ਹਰ ਪਲ ਗੁੱਸੇ ਦੇ ਵਿੱਚ ਹੀ ਲੱਗਦਾ ਹੈ। ਉਸ ਦੇ ਦਰਬਾਰ ਦੇ ਵਿੱਚ ਵੀ ਉਸ ਦੇ ਦਰਬਾਰੀ ਉਸਦੀ ਹਰ ਗੱਲ ਮੰਨਣ ਲਈ ਮਜ਼ਬੂਰ ਦਿਸਦੇ ਹਨ। ਉਹ ਮਜ਼ਬੂਤੀ ਦੇ ਨਾਲ਼ ਆਪਣਾ ਪੱਖ ਕਿਤੇ ਵੀ ਰੱਖਦੇ ਹੋਏ ਦਿਖਾਈ ਨਹੀਂ ਦਿੰਦੇ। ਉਹਨਾਂ ਨੂੰ ਪਤਾ ਹੈ ਕਿ ਜੇ ਉਹਨਾਂ ਵੱਲੋਂ ਕਹੀ ਗੱਲ ਰਾਵਣ ਨੂੰ ਪਸੰਦ ਨਹੀਂ ਆਉਂਦੀ ਤਾਂ ਉਹ ਫਿਰ ਉਹਨਾਂ ਦਾ ਬੁਰਾ ਹਸ਼ਰ ਵੀ ਕਰ ਸਕਦਾ ਹੈ। ਪਰ ਰਾਵਣ ਨੂੰ ਸਹੀ ’ਤੇ ਸੱਚੀ ਸਲਾਹ ਦੇਣ ਦਾ ਕਾਰਜ ਉਸ ਦਾ ਛੋਟਾ ਭਰਾ ਵਿਭੀਸ਼ਣ ਕਰਦਾ ਹੈ। ਜਿਸ ਕਾਰਨ ਉਸਨੂੰ ਰਾਵਣ ਦੇ ਗੁੱਸੇ ਦਾ ਸ਼ਿਕਾਰ ਵੀ ਹੋਣਾ ਪੈਂਦਾ ਹੈ। ਉਹ ਵਿਭੀਸ਼ਣ ਨੂੰ ਦਰਬਾਰ ਵਿੱਚੋਂ ਲੱਤ ਮਾਰ ਕੇ ਬਾਹਰ ਕੱਢ ਦਿੰਦਾ ਹੈ, ਦੇਸ਼ ਨਿਕਾਲਾ ਦੇ ਦਿੰਦਾ ਹੈ। ਇਹ ਰਾਵਣ ਦੇ ਗੁੱਸੇ ਦਾ ਨਤੀਜਾ ਹੀ ਕਿਹਾ ਜਾ ਸਕਦਾ ਹੈ ਕਿ ਉਸ ਦੇ ਇਸ ਵਿਭੀਸ਼ਣ ਕੱਢਣ ਦੇ ਕਾਰਜ ਕਾਰਨ ਹੀ ਉਸਨੂੰ ਹਾਰ ਦਾ ਮੂੰਹ ਦੇਖਣਾ ਪਿਆ ਹੋਵੇ। ਪਰ ਦੂਜੇ ਪਾਸੇ ਜੇ ਅਸੀਂ ਸ੍ਰੀ ਰਾਮ ਚੰਦਰ ਜੀ ਦੇ ਕਿਰਦਾਰ ਦੀ ਗੱਲ ਕਰੀਏ ਅਤੇ ਉਸ ਨੂੰ ਵਾਚੀਏ ਤਾਂ ਸਾਨੂੰ ਪ੍ਰਭੂ ਰਾਮ ਹਰ ਪਲ ਸਾਂਤ ਸੁਭਾਅ ਵਿੱਚ ਹੀ ਦਿਖਾਈ ਦਿੰਦੇ ਹਨ। ਉਹ ਕਿਤੇ ਵੀ ਆਪਣਾ ਆਪਾ ਗਵਾਉਂਦੇ ਦਿਖਾਈ ਨਹੀਂ ਦਿੰਦੇ। ’ਤੇ ਨਾ ਹੀ ਕਿਸੇ ਨੂੰ ਗੁੱਸੇ ਨਾਲ਼ ਬੋਲਦੇ, ਝਾੜਝੰਭ ਕਰਦੇ ਦਿਖਾਈ ਦਿੰਦੇ ਹਨ।

ਚਾਹੇ ਜਨਕਪੁਰੀ ਵਿੱਚ ਸਵੰਬਰ ਦੀ ਗੱਲ ਹੋਵੇ, ਚਾਹੇ ਬਨਵਾਸ ਤੋਂ ਪਹਿਲਾਂ ਰਾਜ ਭਾਗ ਮਿਲਣ ਦੀ ਗੱਲ ਹੋਵੇ ਜਾਂ ਬਨਵਾਸ ਤੋਂ ਬਾਅਦ ਰਾਜ ਭਾਗ ਭੋਗਣ ਦੀ ਗੱਲ ਹੋਵੇ, ਭਗਵਾਨ ਰਾਮ ਜੀ ਕਿਤੇ ਵੀ ਲਾਲਚ ਨਹੀਂ ਦਿਖਾਉਂਦੇ, ਨਾ ਹੀ ਉਹ ਆਂਢ-ਗਵਾਂਢ ਦੇ ਕਿਸੇ ਰਾਜ-ਦੇਸ਼ ’ਤੇ ਕਬਜ਼ੇ ਦਾ ਲਾਲਚ ਵਿਖਾਉਂਦੇ ਹਨ। ਉਹ ਤਾਂ ਲੰਕਾ ਫਤਹਿ ਕਰਨ ਤੋਂ ਬਾਅਦ ਵੀ ਲੰਕਾ ਵਿਭੀਸ਼ਣ ਦੇ ਸਪੁਰਦ ਕਰ ਦਿੰਦੇ ਹਨ। ਪਰ ਦੂਜੇ ਪਾਸੇ ਰਾਵਣ ਲਾਲਚ ਵਿੱਚ ਫਸਿਆ ਦਿਖਾਈ ਦਿੰਦਾ ਹੈ। ਭਗਵਾਨ ਸ਼ਿਵ ਸ਼ੰਕਰ ਜੀ ਵੱਲੋਂ ਆਪਣੀ ਧਰਮ ਪਤਨੀ ਮਾਤਾ ਪਾਰਵਤੀ ਲਈ ਭਗਵਾਨ ਵਿਸ਼ਵਕਰਮਾ ਜੀ ਤੋਂ ਬਣਵਾਏ ਨਗਰ ਜਿਸ ਨੂੰ ਲੰਕਾ ਕਿਹਾ ਜਾਂਦਾ ਹੈ, ਦੀ ਚਮਕ-ਦਮਕ ਨੂੰ ਦੇਖ ਕੇ ਰਾਵਣ ਨੇ ਲਾਲਚ ਵਿੱਚ ਆ ਕੇ ਤਿਕੜਮ ਲੜਾ ਕੇ ਭਗਵਾਨ ਤੋਂ ਲੰਕਾ ਮੰਗ ਲਈ ਸੀ। ਇਹ ਉਸਦੇ ਲਾਲਚ ਦੀ ਤਰਜ਼ਮਾਨੀ ਕਰਦਾ ਹੈ, ਇਥੇ ਅਸੀਂ ਇਹ ਕਹਿ ਸਕਦੇ ਹਾਂ।

ਰਾਵਣ ਸਾਨੂੰ ਹਰ ਪਲ ਮੋਹ ਵਿੱਚ ਫਸਿਆ ਜਾਪਦਾ ਹੈ। ਮੇਘਨਾਥ (ਇੰਦਰਜੀਤ) ਦਾ ਮੋਹ, ਛੋਟੇ ਭਰਾ ਕੁੰਭਕਰਨ ਦਾ ਮੋਹ, ਆਪਣੇ ਹੋਰ ਛੇ ਬੱਚਿਆਂ ਦਾ ਪਿਆਰ, ਸਾਨੂੰ ਦਿਖਾਈ ਦਿੰਦਾ ਹੈ। ਜਦੋਂ ਉਸ ਦੀ ਇਹਨਾਂ ਸੱਤੇ ਪੁੱਤਰਾਂ ਦੀ ਮੌਤ ਹੁੰਦੀ ਹੈ ਤਾਂ ਉਹ ਮੋਹ ਵਸ ਰੋਣ ਫੜਫੜਾਉਣ ਦੀ ਕੋਸ਼ਸ਼ ਕਰਦਾ ਹੈ। ਉਹ ਲੰਕਾ ਨਾਲ਼ ਲਾਲਚੀ ਮੋਹ ਦਿਖਾਉਂਦਾ ਹੈ, ਜੋ ਕਿ ਅਸਲ ਵਿੱਚ ਲੰਕਾ (ਜਾਇਦਾਦ) ਨਾਲ਼ ਹੈ, ਲੰਕਾਂ ਦੇ ਲੋਕਾਂ ਨਾਲ਼ ਨਹੀਂ। ਪਰ ਦੂਜੇ ਪਾਸੇ ਭਗਵਾਨ ਸ੍ਰੀ ਰਾਮ ਚੰਦਰ ਜੀ ਰਿਸ਼ਤਾ ਤਾਂ ਹਰ ਨਿਭਾਉਂਦੇ ਹਨ, ਪਰ ਤਿਓ ਕਿਸੇ ਵੀ ਰਿਸ਼ਤੇ ਵਿੱਚ ਨਹੀਂ ਦਰਸ਼ਾਉਂਦੇ। ਹਰ ਰਿਸ਼ਤੇ ਨੂੰ ਮਰਿਆਦਾ ਵਿੱਚ ਰੱਖਦੇ ਹਨ।

ਹੰਕਾਰ ਵੀ ਰਾਵਣ ਵਿੱਚ ਕੁੱਟ-ਕੁੱਟ ਕੇ ਭਰਿਆ ਹੋਇਆ ਹੈ। ਇਹ ਜਿਹੜਾ ਯੁੱਧ ਹੋਇਆ ਹੈ, ਜਿਸ ਵਿੱਚ ਰਾਵਣ ਦਾ ਸਾਰਾ ਰਾਜਪਾਠ ਉਸ ਤੋਂ ਚਲਿਆ ਜਾਂਦਾ ਹੈ ਅਤੇ ਸਾਰੇ ਭਰਾ ਭਤੀਜੇ ਉਸਦੇ ਮਾਰੇ ਜਾਂਦੇ ਹਨ, ਰਿਸ਼ਤੇਦਾਰੀਆਂ ਸਦਾ ਦੀ ਨੀਂਦ ਸੋ ਜਾਂਦੀਆਂ ਹਨ, ਉਹ ਸਭ ਰਾਵਣ ਦੇ ਹੰਕਾਰ ਦੇ ਕਾਰਨ ਹੀ ਹੋਇਆ ਜਾਪਦਾ ਹੈ।

ਉਪਰੋਕਤ ਨੂੰ ਵਾਚਣ ਤੋਂ ਬਾਅਦ ਅਸੀਂ ਇਹ ਕਹਿ ਸਕਦੇ ਹਾਂ ਕਿ ਜਿੱਥੇ ਭਗਵਾਨ ਸ੍ਰੀ ਰਾਮ ਚੰਦਰ ਜੀ ਨੇ ਆਪਣੇ ਕਾਮ, ਕ੍ਰੋਧ (ਗੁੱਸੇ), ਲੋਭ (ਲਾਲਚ), ਮੋਹ (ਪਿਆਰ/ਤਿਓ) ਅਤੇ ਹੰਕਾਰ ’ਤੇ ਕਾਬੂ ਕੀਤਾ ਹੋਇਆ ਸੀ, ਉੱਥੇ ਰਾਵਣ ਇਹਨਾਂ ਵਾਸਨਾਵਾਂ ਵਿੱਚ ਜਕੜਿਆ ਹੋਇਆ ਸੀ। ਉਸਦਾ ਗਿਆਨ ਵੀ ਇਹਨਾਂ (ਵਾਸਨਾਵਾਂ) ਦੇ ਅੱਗੇ ਗੋਢੇ ਟੇਕ ਚੁੱਕਾ ਸੀ। ਇਹੀ ਇਸ ਦੇ ਪਤਨ, ਹਾਰ ਅਤੇ ਮੌਤ ਦਾ ਕਾਰਨ ਬਣਦੇ ਹਨ। ਇਹੀ ਇਸ ਨੂੰ ਪਾਪੀ ਬਣਾਉਂਦੇ ਹਨ।

ਸੰਪਾਦਕ-ਦਵਿੰਦਰ ਕੁਮਾਰ ਨੇ ਪ੍ਰਿੰਟਰ, ਇੰਮਪ੍ਰੈਸ਼ਨ ਪ੍ਰਿੰਟਿਗ ਅਤੇ ਪੈਕਿੰਗ ਲਿਮਿਟਿਡ, ਪਲਾਟ 22 ਅਤੇ 49 ਜੀਐਫ, ਇੰਡਰਸਟਰੀ ਏਰੀਆ, ਫ਼ੇਸ-2 ਪੰਚਕੂਲਾ (ਹਰਿਆਣਾ) ਤੋਂ ਪ੍ਰਕਾਸ਼ਿਤ Title code : CHAMUL00914
Editor-Davinder Kumar printed at Impression Printing & Packaging Ltd.Plot 22 & 49GF, Industrial Area, Phase-2 Panchkula(Haryana)-134115

**ਬਰਸੀ 'ਤੇ ਵਿਸ਼ੇਸ਼**

# ਸ੍ਰੀਮਾਨ 108 ਸੰਤ ਬਾਬਾ ਹਰੀ ਸਿੰਘ ਜੀ ਕਹਾਰਪੁਰੀ

ਪੰਜਾਬ ਦੀ ਧਰਤੀ ਨੂੰ ਗੁਰੂਆਂ ਪੀਰਾਂ ਫਕੀਰਾਂ, ਸੰਤਾਂ ਮਹਾਂਪੁਰਸ਼ਾਂ ਦੀ ਧਰਤੀ ਹੋਣ ਦਾ ਮਾਣ ਪ੍ਰਾਪਤ ਹੈ। ਇਸ ਧਰਤੀ 'ਤੇ ਵੱਖ ਵੱਖ ਧਾਰਮਿਕ ਸੰਪਰਦਾਵਾਂ ਨਾਲ ਜੁੜੇ ਪਵਿੱਤਰ ਗ੍ਰੰਥਾਂ ਦੀ ਰਚਨਾ ਹੋਈ। ਅਨੇਕਾਂ ਸੰਤਾਂ ਮਹਾਂਪੁਰਸ਼ਾਂ ਨੇ ਆਪਣੀ ਜੀਵਨ ਸਾਧਨਾ, ਤਪੱਸਿਆ ਅਤੇ ਸਮਾਜ ਸੇਵਾ ਨਾਲ ਭੁੱਲੀ ਭਟਕੀ ਲੋਕਾਈ ਨੂੰ ਪ੍ਰਭੂ ਸਿਮਰਨ ਅਤੇ ਪਰਉਪਕਾਰੀ ਕਾਰਜਾਂ ਨਾਲ ਜੋੜਿਆ। ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਨੂੰ ਵੀ ਸੰਤਾਂ ਮਹਾਂਪੁਰਸ਼ਾਂ ਦੀ ਜਨਮਭੂਮੀ ਹੋਣ ਦਾ ਮਾਣ ਸਤਿਕਾਰ ਹਾਸਿਲ ਹੈ। ਹੁਸ਼ਿਆਰਪੁਰ ਜ਼ਿਲ੍ਹੇ ਦੇ ਕਸਬਾ ਮਾਹਿਲਪੁਰ ਨੇੜਲਾ ਪਿੰਡ ਕਹਾਰਪੁਰ, ਮਹਾਨ ਤਪੱਸਵੀ ਸ੍ਰੀਮਾਨ 108 ਸੰਤ ਬਾਬਾ ਹਰੀ ਸਿੰਘ ਜੀ ਕਹਾਰਪੁਰੀ (ਕੁਟੀਆ ਕਹਾਰਪੁਰ) ਦੇ ਪਵਿੱਤਰ ਚਰਨ ਕਮਲਾਂ ਦੀਆਂ ਛੋਹਾਂ ਪ੍ਰਾਪਤ ਧਰਤੀ ਹੈ ਜਿਨ੍ਹਾਂ ਨੇ ਆਪਣਾ ਪੂਰਾ ਜੀਵਨ ਸਿੱਖ ਧਰਮ ਦੇ ਪ੍ਰਚਾਰ, ਸਿੱਖ ਗੁਰਧਾਮਾਂ ਦੀ ਨਿਰਮਾਣਕਾਰੀ ਅਤੇ ਸਿੱਖਿਆ ਦੇ ਪ੍ਰਚਾਰ ਪ੍ਰਸਾਰ ਵਿੱਚ ਲਗਾ ਕੇ ਪੂਰੀ ਲੋਕਾਈ ਲਈ ਚਾਨਣ ਮੁਨਾਰੇ ਦਾ ਕਾਰਜ ਕੀਤਾ ਹੈ।

ਸ੍ਰੀਮਾਨ 108 ਸੰਤ ਬਾਬਾ ਹਰੀ ਸਿੰਘ ਜੀ ਕਹਾਰਪੁਰੀ ਦਾ ਜਨਮ 1877 ਈ ਵਿੱਚ ਪਿਤਾ ਸਰਦਾਰ ਅਤਰ ਸਿੰਘ ਅਤੇ ਮਾਤਾ ਅਤਰ ਕੌਰ ਜੀ ਦੀ ਕੁੱਖੋਂ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਜਿਆਣ ਵਿੱਚ ਹੋਇਆ। ਆਪ ਬਚਪਨ ਤੋਂ ਹੀ ਧਾਰਮਿਕ ਪ੍ਰਵਿਰਤੀ ਦੇ ਮਾਲਕ ਸਨ ਅਤੇ ਪਰਮਾਤਮਾ ਦੀ ਭਜਨ ਬੰਦਗੀ ਵਿੱਚ ਲੀਨ ਰਹਿੰਦੇ ਸਨ। ਆਪ ਜੀ ਉੱਤੇ ਅੰਗਰੇਜ਼ੀ ਰਾਜ ਦੌਰਾਨ ਸਿੱਖਾਂ ਦੀ ਪੁਨਰ ਸੁਰਜੀਤੀ ਲਈ ਉੱਠੀ ਸਿੰਘ ਸਭਾ ਲਹਿਰ ਦਾ ਗੂੜ੍ਹਾ ਪ੍ਰਭਾਵ ਪਿਆ ਜਿਸ ਅਧੀਨ ਆਪ ਨੇ ਅਣਵੰਡੇ ਪੰਜਾਬ ਵਿੱਚ ਸਿੱਖ ਧਰਮ ਦੀਆਂ ਕਦਰਾਂ ਕੀਮਤਾਂ ਅਤੇ ਧਾਰਮਿਕ ਇਤਿਹਾਸਕ ਵਿਰਸੇ ਦੇ ਪ੍ਰਚਾਰ ਵਿੱਚ ਯੋਗਦਾਨ ਪਾਇਆ। ਆਪ ਜੀ ਪੂਰਨ ਬ੍ਰਹਮ ਗਿਆਨੀ ਸੰਤ ਬਾਬਾ ਹਰਨਾਮ ਸਿੰਘ ਜੀ ਦੀ ਸ਼ਖ਼ਸੀਅਤ, ਵਿਚਾਰਧਾਰਾ ਅਤੇ ਸਾਧਨਾ ਤੋਂ ਪ੍ਰਭਾਵਿਤ ਹੋਏ ਅਤੇ ਉਨ੍ਹਾਂ ਦਾ ਆਸ਼ੀਰਵਾਦ ਪ੍ਰਾਪਤ ਕਰਕੇ ਪਿੰਡ ਜਿਆਣ ਦੀ ਧਰਤੀ 'ਤੇ ਪ੍ਰਭੂ ਸਿਮਰਨ ਅਤੇ ਸੰਗਤ ਦੀ ਸੇਵਾ ਵਿੱਚ ਜੁੱਟ ਪਏ। ਪਿੰਡ ਜਿਆਣ ਵਿੱਚ ਕਰੀਬ ਚਾਰ ਸਾਲ ਦੀ ਸੇਵਾ ਉਪਰੰਤ ਸੰਤ ਬਾਬਾ ਹਰਨਾਮ ਸਿੰਘ ਜੀ ਦੀ ਪ੍ਰੇਰਨਾ ਤੇ ਹੁਕਮਾਂ ਅਨੁਸਾਰ ਪਿੰਡ ਕਹਾਰਪੁਰ ਵਿਖੇ ਆ ਗਏ ਅਤੇ ਇੱਥੇ ਪੁੱਜ ਕੇ ਗੁਰਬਾਣੀ ਦੇ ਪ੍ਰਚਾਰ ਪ੍ਰਸਾਰ ਅਤੇ ਸਮਾਜ ਭਲਾਈ ਲਈ ਨਿਸ਼ਕਾਮ ਸੇਵਾਵਾਂ ਦੇਣੀਆਂ ਆਰੰਭ ਕਰ ਦਿੱਤੀਆਂ। 1925 ਈ ਤੱਕ ਆਪ ਨੇ ਜਪ, ਤਪ, ਭਜਨ ਸਿਮਰਨ ਅਤੇ ਸੰਗਤ ਦੀ ਸੇਵਾ ਲਈ ਲਗਾਤਾਰ ਘਾਲਣਾ ਘਾਲੀ ਅਤੇ ਕੰਢੀ ਦੇ ਇਸ ਇਲਾਕੇ ਦੇ ਲੋਕਾਂ ਵਿੱਚ ਆਪਣੀ ਧਾਰਮਿਕ ਤੇ ਸਮਾਜ ਸੇਵੀ ਸ਼ਖ਼ਸੀਅਤ ਦੀ ਵੱਡੀ ਛਾਪ ਛੱਡੀ। ਆਪ ਜੀ ਨੇ ਸਿੱਖੀ ਦੇ ਪ੍ਰਚਾਰ ਹਿੱਤ ਪਿੰਡ ਜਿਆਣ ਵਿੱਚ ਸੰਤ ਬਾਬਾ ਹਰਨਾਮ ਸਿੰਘ ਜੀ ਦੀ ਪਵਿੱਤਰ ਯਾਦ ਵਿੱਚ 1929 ਈ ਨੂੰ ਗੁਰਦੁਆਰਾ ਅੰਗੀਠਾ ਸਾਹਿਬ ਦਾ ਨਿਰਮਾਣ ਕਰਵਾਇਆ। ਪਿੰਡ ਕੋਠੀ, ਮਹਿੰਗਰਵਾਲ ਵਿੱਚ ਵੀ ਗੁਰਦੁਆਰਾ ਸਾਹਿਬਾਨ ਦੇ ਨਿਰਮਾਣ ਕਾਰਜ ਸੰਪੰਨ ਕਰਵਾਏ। 1923 ਈ. ਵਿੱਚ ਆਪ ਜੀ ਨੇ ਖਾਲਸੇ ਦੀ ਧਰਤੀ ਸ੍ਰੀ ਆਨੰਦਪੁਰ ਸਾਹਿਬ ਵਿੱਚ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਜੀ ਦੀ ਸੇਵਾ ਹਿੱਤ ਅਨੇਕਾਂ ਕਾਰਜ ਕਰਵਾਏ। 1936 ਈ. ਵਿੱਚ ਗੁਰਦੁਆਰਾ ਦਮਾਲਗੜ੍ਹ ਸਾਹਿਬ ਦੀ ਸੇਵਾ ਅਤੇ ਕਲਗੀਧਰ ਸਰੋਵਰ, ਸ੍ਰੀ ਆਨੰਦਪੁਰ ਸਾਹਿਬ ਦੀ ਸੇਵਾ ਕਰਵਾਈ।

ਸਿੱਖ ਧਰਮ ਅਤੇ ਗੁਰਧਾਮਾਂ ਦੀ ਸੇਵਾ ਸੰਭਾਲ ਤੋਂ ਇਲਾਵਾ ਆਪ ਜੀ ਨੇ ਸਿੱਖਿਆ




ਦੇ ਖੇਤਰ ਵਿੱਚ ਯਾਦਗਾਰੀ ਕਾਰਜ ਕੀਤੇ। ਉਸ ਸਮੇਂ ਸਮਾਜ ਵਿੱਚ ਅਗਿਆਨਤਾ ਅਤੇ ਅਨਪੜ੍ਹਤਾ ਦਾ ਵੱਡਾ ਬੋਲਬਾਲਾ ਸੀ। ਇਸ ਗੁਲਾਮੀ ਦੀਆਂ ਬੇੜੀਆਂ ਕੱਟਣ ਲਈ ਆਪ ਜੀ ਨੇ ਅਨੇਕਾਂ ਸਿੱਖਿਅਕ ਸੰਸਥਾਵਾਂ ਦਾ ਨਿਰਮਾਣ ਕਰਵਾਇਆ। ਆਪ ਜੀ ਨੇ ਆਪਣੇ ਜਨਮ ਅਸਥਾਨ ਪਿੰਡ ਜਿਆਣ ਵਿਖੇ ਕੰਨਿਆ ਪਾਠਸ਼ਾਲਾ ਸ਼ੁਰੂ ਕਰਕੇ ਸਿੱਖਿਆ ਦੇ ਖੇਤਰ ਵਿੱਚ ਵੱਡਾ ਪਰਉਪਕਾਰ ਕੀਤਾ। ਇਸ ਉਪਰੰਤ ਖਾਲਸਾ ਹਾਈ ਸਕੂਲ ਸ੍ਰੀ ਆਨੰਦਪੁਰ ਸਾਹਿਬ, ਖਾਲਸਾ ਹਾਈ ਸਕੂਲ, ਪੱਖੋਵਾਲ, ਨੈਸ਼ਨਲ ਹਾਈ ਸਕੂਲ, ਨਸਰਾਲਾ, ਖਾਲਸਾ ਹਾਈ ਸਕੂਲ ਗੁਰੂਸਰ, ( ਜ਼ਿਲ੍ਹਾ ਸਰਗੋਧਾ, ਮੌਜੂਦਾ ਪਾਕਿਸਤਾਨ) ਅਤੇ ਸੰਤ ਹਰੀ ਸਿੰਘ ਖਾਲਸਾ ਹਾਈ ਸਕੂਲ ਜਿਆਣ (ਚੱਬੇਵਾਲ) ਦੀ ਸਥਾਪਨਾ ਕਰਵਾਈ



**ਪ੍ਰਿੰ. ਡਾ. ਪਰਵਿੰਦਰ ਸਿੰਘ**
ਖਾਲਸਾ ਕਾਲਜ, ਮਾਹਿਲਪੁਰ

ਕੰਢੀ ਇਲਾਕੇ ਦੀ ਚੋਆਂ, ਖੱਡਾਂ ਵਾਲੀ ਧਰਤੀ ਵਿੱਚ ਆਪ ਜੀ ਨੇ 1946 ਵਿੱਚ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਮਾਹਿਲਪੁਰ ਦੀ ਸਥਾਪਨਾ ਵਿੱਚ ਮੋਢੀ ਭੂਮਿਕਾ ਨਿਭਾਈ। ਆਪ ਜੀ ਇਸ ਕਾਲਜ ਦੀ ਸੰਚਾਲਕ ਸੰਸਥਾ ਸਿੱਖ ਐਜੂਕੇਸ਼ਨਲ ਕੌਂਸਲ, ਮਾਹਿਲਪੁਰ ਦੇ ਜੀਵਨ ਭਰ ਪ੍ਰਧਾਨ ਵਜੋਂ ਕਾਰਜਸ਼ੀਲ ਰਹੇ। ਦੁਆਬੇ ਦੀ ਧਰਤੀ 'ਤੇ ਇਸ ਕਾਲਜ ਦੀ ਸਥਾਪਨਾ ਨਾਲ ਅਣਗਿਣਤ ਵਿਦਿਆਰਥੀਆਂ ਦੇ ਭਵਿੱਖ ਰੌਸ਼ਨ ਹੋਏ ਹਨ। ਇੱਥੋਂ ਸਿੱਖਿਆ ਹਾਸਿਲ ਕਰਕੇ ਦੇਸ਼ਾਂ ਵਿਦੇਸ਼ਾਂ ਦੇ ਵੱਖ ਵੱਖ ਖੇਤਰਾਂ ਵਿੱਚ ਸਥਾਪਿਤ ਹੋਏ ਹਜ਼ਾਰਾਂ ਵਿਦਿਆਰਥੀਆਂ ਦੇ ਮਨਾਂ ਵਿੱਚ ਇਹ ਸੰਸਥਾ ਕਿਸੇ ਧਾਰਮਿਕ ਸਥਾਨ ਜਿੰਨੀ ਹੀ ਸ਼ਰਧਾ ਰੱਖਦੀ ਹੈ। ਇਸ ਕਾਲਜ ਵਿੱਚ ਸਮੇਂ ਦੀ ਲੋੜ ਅਨੁਸਾਰ ਆਰੰਭ ਕੀਤੇ ਨਵੇਂ ਕੋਰਸ ਵਿਦਿਆਰਥੀਆਂ ਨੂੰ ਰੁਜ਼ਗਾਰ ਮੁਖੀ ਬਣਾਉਣ ਵਿੱਚ ਸਹਾਈ ਹੋ ਰਹੇ ਹਨ। ਕਾਲਜ ਦੇ ਕੈਂਪਸ ਵਿੱਚ ਸੰਤ ਬਾਬਾ ਹਰੀ ਸਿੰਘ ਮੈਮੋਰੀਅਲ ਖਾਲਸਾ ਕਾਲਜ ਆਫ ਐਜੂਕੇਸ਼ਨ ਅਤੇ ਸੰਤ ਬਾਬਾ ਹਰੀ ਸਿੰਘ ਮਾਡਲ ਸਕੂਲ, ਮਾਹਿਲਪੁਰ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ, ਮਾਹਿਲਪੁਰ ਸਫਲਤਾ ਪੂਰਵਕ ਚੱਲ ਰਹੇ ਹਨ। ਸੈਸ਼ਨ 2025-26 ਤੋਂ ਖਾਲਸਾ ਕਾਲਜ ਮਾਹਿਲਪੁਰ ਦੇ ਕੈਂਪਸ ਵਿੱਚ ਹੀ ਸੰਤ ਬਾਬਾ ਹਰੀ ਸਿੰਘ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਤਕਨਾਲੋਜੀ ਦਾ ਆਰੰਭ ਕੀਤਾ ਗਿਆ ਹੈ ਜਿਸ ਵਿੱਚ ਚਲਾਏ ਜਾ ਰਹੇ ਕੋਰਸਾਂ ਪ੍ਰਤੀ ਵਿਦਿਆਰਥੀਆਂ ਵਿੱਚ ਭਾਰੀ ਉਤਸ਼ਾਹ ਹੈ। ਇਸ ਤਰ੍ਹਾਂ ਸੰਤ ਬਾਬਾ ਹਰੀ ਸਿੰਘ ਜੀ ਕਹਾਰਪੁਰੀ ਜੀ ਦੇ ਆਸ਼ੀਰਵਾਦ ਸਦਕਾ ਮਾਹਿਲਪੁਰ ਦੀ ਧਰਤੀ 'ਤੇ ਲਗਾਇਆ ਵਿੱਦਿਆ ਦਾ ਇਹ ਬੂਟਾ ਸ਼ਾਨਦਾਰ ਬਿਰਖ ਦੇ ਰੂਪ ਵਿੱਚ ਸਥਾਪਿਤ ਹੋ ਗਿਆ ਹੈ ਜਿਸਨੇ ਵਿਸ਼ਵ ਸਮਾਜ ਨੂੰ ਸਿੱਖਿਆ, ਖੇਡਾਂ, ਕਲਾ, ਸਭਿਆਚਾਰ ਆਦਿ ਹਰ ਖੇਤਰ ਵਿੱਚ ਵੱਡਾ ਯੋਗਦਾਨ ਪਾਇਆ ਹੈ।

ਸੰਤ ਬਾਬਾ ਹਰੀ ਸਿੰਘ ਕਹਾਰਪੁਰੀ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਪਾਸਾਰ ਲਈ 1909 ਤੋਂ 1973 ਤੱਕ ਭਾਰਤ ਦੇ ਵੱਖ ਵੱਖ ਸੂਬਿਆਂ ਦਾ ਰਟਨ ਕੀਤਾ ਅਤੇ ਅਨੇਕਾਂ ਪਰਉਪਕਾਰੀ ਕਾਰਜ ਕੀਤੇ। 21 ਅਕਤੂਬਰ 1973 ਨੂੰ ਸਵੇਰੇ ਤਿੰਨ ਵਜੇ ਆਪ ਜੀ ਕੁਟੀਆ ਕਹਾਰਪੁਰ ਵਿਖੇ ਗੁਰਪੁਰੀ ਸਿਧਾਰ ਗਏ। ਉਨ੍ਹਾਂ ਦੇ ਪਵਿੱਤਰ ਅਸਥਾਨ ਕੁਟੀਆ ਕਹਾਰਪੁਰ ਵਿਖੇ ਤੀਜੇ ਗੱਦੀ ਨਸ਼ੀਨ ਸ੍ਰੀਮਾਨ ਸੰਤ ਬਾਬਾ ਸਾਧੂ ਸਿੰਘ ਜੀ ਕਹਾਰਪੁਰੀ ਸੇਵਾ ਨਿਭਾਅ ਰਹੇ ਹਨ ਜਿਨ੍ਹਾਂ ਦੀ ਰਹਿਨੁਮਾਈ ਅਧੀਨ ਸ੍ਰੀਮਾਨ ਸੰਤ ਬਾਬਾ ਹਰੀ ਸਿੰਘ ਜੀ ਕਹਾਰਪੁਰੀ ਅਤੇ ਉਨ੍ਹਾਂ ਦੇ ਵਰੋਸਾਏ ਗਿਆਨੀ ਸ਼ੇਰ ਸਿੰਘ ਜੀ ਦੀ ਸਾਲਾਨਾ ਬਰਸੀ ਮਿਤੀ 22 ਅਕਤੂਬਰ 2026 ਨੂੰ ਕੁਟੀਆ ਕਹਾਰਪੁਰ ਵਿਖੇ ਪੂਰੀ ਸ਼ਰਧਾ ਨਾਲ ਮਨਾਈ ਜਾ ਰਹੀ ਹੈ। ਇਸ ਮੌਕੇ ਪੰਥ ਦੇ ਮਹਾਨ ਕੀਰਤਨੀਏ, ਢਾਡੀ ਜਥੇ ਅਤੇ ਕਥਾ ਵਾਚਕ ਹਾਜ਼ਰ ਸੰਗਤਾਂ ਨੂੰ ਗੁਰਬਾਣੀ, ਸ਼ਬਦ ਕੀਰਤਨ ਅਤੇ ਸਿੱਖ ਇਤਿਹਾਸ ਦੀ ਸ਼ਾਨਾਮੱਤੀ ਪਰੰਪਰਾ ਨਾਲ ਨਿਹਾਲ ਕਰਨਗੇ।

## ਗ਼ਜ਼ਲ



ਉਹ ਗੈਰਾਂ ਵਾਂਗੂੰ ਵੇਖੇ ਸਾਡੇ ਵੱਲ,
ਉਸ ਨਾ' ਕੀ ਕਰੀਏ ਸਾਂਝੀ ਦਿਲ ਦੀ ਗੱਲ।
ਮਿਲਣਾ ਕੁਝ ਨਹੀਂ ਲੜ ਕੇ ਇਕ ਦੂਜੇ ਨਾਲ,
ਬਹਿ ਕੇ ਹਰ ਮਸਲਾ ਹੋ ਜਾਂਦਾ ਹੈ ਹੱਲ।
ਉਸ ਨੂੰ ਬੋਲਣ ਲਈ ਕਰਨਾ ਪਊ ਮਜਬੂਰ,
ਉਸ ਦੀ ਚੁੱਪ ਤੋੜਨ ਦਾ ਹੈ ਇੱਕੋ ਹੱਲ।
ਘਰ ਖਾਲੀ ਕਰਕੇ ਬੈਠ ਗਏ ਮਾਂ-ਬਾਪ,
ਵਿੱਚ ਬਦੇਸ਼ੀਂ ਆਪਣਾ ਇੱਕੋ ਪੁੱਤ ਘੱਲ।
ਸਾਧੂ ਨੂੰ ਕੁਝ ਕਰਨਾ ਪੈਣਾ ਆਂ ਦਾਨ,
ਉਹ ਖੜ੍ਹ ਗਿਆ ਸਾਡੇ ਘਰ ਦਾ ਬੂਹਾ ਮੱਲ।
ਪੈ ਜਾਵੇ ਨਾ ਨਵਾਂ ਪੰਗਾ ਕੋਈ ਹੋਰ,
ਜਿੰਨਾ ਛੇਤੀ ਹੋ ਸਕੇ, ਇੱਥੋਂ ਪਊ ਚੱਲ।
ਉਸ ਦਾ ਜੀਵਨ ਭਰ ਜਾਵੇ ਖੁਸ਼ੀਆਂ ਨਾਲ,
ਜਿਸ ਨੂੰ ਆ ਜਾਵੇ ਪਿਆਰ ਕਰਨ ਦਾ ਵੱਲ।

**ਮਹਿੰਦਰ ਸਿੰਘ ਮਾਨ**
ਪਿੰਡ ਤੇ ਡਾਕ ਰੱਕੜਾਂ ਢਾਹਾ-144526
ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ

## ਗ਼ਜ਼ਲ

ਦਿਨ ਗਰੀਬਾਂ ਦੇ ਜੇ ਹੁਣ ਵੀ ਨਾ ਫਿਰੇ,
ਤਾਂ ਗਰੀਬੀ ਵਿੱਚ ਉਹ ਰਹਿਣੇ ਨੇ ਘਿਰੇ।
ਖ਼ੌਰੇ ਭੋਲੇ ਲੋਕ ਸਮਝਣਗੇ ਕਦੋਂ,
ਚੋਣ ਵਾਅਦੇ ਹੁੰਦੇ ਨੇ ਲਾਰੇ ਨਿਰੇ।
ਸੱਤਾ ਤੇ ਕਬਜ਼ਾ ਕਰਨ ਦੀ ਇੱਛਾ ਨਾਲ,
ਛੋਟਾ, ਵੱਡਾ ਹਰ ਨੇਤਾ ਦਰ ਦਰ ਫਿਰੇ।
ਉਸ ਨੇ ਕੀ ਸੰਭਾਲਣਾ ਪਰਿਵਾਰ ਨੂੰ?
ਪੀ ਕੇ ਦਾਰੂ ਗਲੀਆਂ ਦੇ ਵਿਚ ਜੋ ਫਿਰੇ।
ਮਾਂ ਨੇ ਉਸ ਨੂੰ ਝੱਟ ਦਿਲ ਨਾ' ਲਾ ਲਿਆ,
ਪੁੱਤ ਦੇ ਨੈਣਾਂ ਚੋਂ ਜਦ ਹੰਝੂ ਕਿਰੇ।
ਧਾਰਮਿਕ ਅਸਥਾਨਾਂ ਦੀ ਬੇਹੁਰਮਤੀ,
ਜਾਣ ਬੁਝ ਕੇ ਕਰ ਰਹੇ ਕੁਝ ਸਿਰਫਿਰੇ।
ਬੈਠ ਕੇ ਦੋਵੇਂ ਵਿਚਾਰਾਂ ਕਰਦੇ ਹਾਂ,
ਗੱਲ ਇਕ ਦਿਨ ਲੱਗ ਜਾਵੇਗੀ ਸਿਰੇ।

**ਮਹਿੰਦਰ ਸਿੰਘ ਮਾਨ**
ਪਿੰਡ ਤੇ ਡਾਕ ਰੱਕੜਾਂ ਢਾਹਾ-144526
ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ

## ਗ਼ਜ਼ਲ

ਜੋ ਘਰ ਦਾ ਹੀ ਬਣਿਆਂ ਖਾਣਾ ਖਾਵੇ,
ਉਸ ਦੇ ਨੇੜੇ ਕੋਈ ਰੋਗ ਨਾ ਆਵੇ।
ਉਸ ਨੂੰ ਇਸ ਤੋਂ ਕੁਝ ਸਿੱਖਣਾ ਚਾਹੀਦਾ,
ਜੋ ਗਲਤੀ ਕਰਕੇ ਪਿੱਛੋਂ ਪਛਤਾਵੇ।
ਜਿਸ ਨੂੰ ਬੋਲਣ ਦਾ ਚੱਜ ਹੀ ਨਾ ਹੋਵੇ,
ਉਸ ਦੇ ਘਰ ਵਿਚ ਕੋਈ ਪੈਰ ਨਾ ਪਾਵੇ।
ਜੋ ਨਿਸ ਦਿਨ ਮਿਹਨਤ ਕਰਦਾ ਹੈ ਦੱਬ ਕੇ,
ਉਹ ਆਪਣੀ ਕਿਸਮਤ ਨੂੰ ਆਪ ਬਣਾਵੇ।
ਉਸ ਨੇ ਜੀਵਨ 'ਚ ਤਰੱਕੀ ਕੀ ਕਰਨੀ?
ਜੋ ਸਾਰਾ ਦਿਨ ਦਾਰੂ ਪੀਈ ਜਾਵੇ।
ਐਸਾ ਬੰਦਾ ਅੱਜ ਕੱਲ੍ਹ ਮਿਲਣਾ ਮੁਸ਼ਕਲ,
ਜੋ ਲੋਕਾਂ ਦੇ ਵਿਗੜੇ ਕੰਮ ਕਰਾਏ।
ਜੋ ਹੋਰਾਂ ਦੇ ਰਾਹ ਵਿਚ ਕੰਡੇ ਬੀਜੇ,
'ਮਾਨਾ' ਉਸ ਨੂੰ ਕੋਈ ਮੂੰਹ ਨਾ ਲਾਵੇ।

**ਮਹਿੰਦਰ ਸਿੰਘ ਮਾਨ**
ਪਿੰਡ ਤੇ ਡਾਕ ਰੱਕੜਾਂ ਢਾਹਾ-144526
ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ

**ਕਿਤਾਬ:** ਭੰਡਾ ਭੰਡਾਰੀਆ
**ਲੇਖਕ:** ਸਾਧੂ ਰਾਮ ਕੁਸਲਾ
**ਪੰਨੇ:** 535
**ਮੁੱਲ:** 695
**ਪਬਲਿਸ਼ਰ:** ਲੋਕ ਗੀਤ ਪ੍ਰਕਾਸ਼ਨ ਮੋਹਾਲੀ

# 'ਭੰਡਾ ਭੰਡਾਰੀਆ' ਤੇਰਾ ਕਿੰਨਾ ਕੁ ਭਾਰ ਇੱਕ ਮੁਠੀ ਚੱਕ ਲੈ ਦੂਜੀ ਤਿਆਰ' : ਰਮੇਸ਼ ਐਮ ਐਮ

**ਹਾਸ- ਵਿਅੰਗਕਾਰ ਤੇ ਆਲੋਚਕ ਰਮੇਸ਼ ਐਮ ਐਮ ਦੀ ਨਜ਼ਰ ਵਿੱਚ..**

ਦੇਖੋ ਬਣਾਉਣ ਵਾਲੇ ਨੇ ਕਿਆ ਕਮਾਲ ਦੀ ਖੇਡ ਬਣਾਈ ਐ। ਅਕੇ 'ਭੰਡਾ ਭੰਡਾਰੀਆ' ਤੇਰਾ ਕਿੰਨਾ ਕੁ ਭਾਰ ਇੱਕ ਮੂਠੀ ਚੱਕ ਲੈ ਦੂਜੀ ਤਿਆਰ'। ਆਪਾਂ ਛੋਟੇ ਹੁੰਦੇ ਬੜੇ ਚਾਵਾਂ ਨਾਲ 'ਭੰਡਾ ਭੰਡਾਰੀਆ' ਖੇਡਦੇ ਹੁੰਦੇ ਸੀ। ਕੀ ਪਤਾ ਸੀ? ਉਹਦਾ ਅਸਲੀ ਮਤਲਬ ਐਨਾ ਗੰਭੀਰ ਹੈ, ਸਾਨੂੰ ਹੁਣ ਪਤਾ ਲੱਗਦੈ ਜਦੋਂ ਅਸੀਂ ਜ਼ਿੰਦਗੀ ਵਿੱਚ ਸੱਚਮੁੱਚ 'ਭੰਡਾ ਭੰਡਾਰੀਆ' ਖੇਡ ਰਹੇ ਹਾਂ। ਖੇਡ ਹੀ ਨਹੀਂ ਰਹੇ ਬਲਕਿ ਖੇਡ ਦੇ ਵਿੱਚੋਂ ਦੀ ਗੁਜ਼ਰ ਰਹੇ ਹਾਂ। ਹਰ ਇਨਸਾਨ ਦੀ ਪੂਰੀ ਜ਼ਿੰਦਗੀ ਏਸੇ ਖੇਡ 'ਚ ਉਲਝ ਕੇ ਰਹਿ ਗਈ। ਇੱਕ ਮੁਸੀਬਤ ਨੂੰ ਦੂਰ ਕਰਦੇ ਹਾਂ ਦੂਜੀ ਆਕੇ ਘੇਰ ਲੈਂਦੀ ਹੈ, ਕਿਵੇਂ ਨਾ ਕਿਵੇਂ ਕਰਕੇ ਉਸ ਤੋਂ ਪਿੱਛਾ ਛਡਾਉਂਦੇ ਹਾਂ ਤਾਂ ਤੀਜੀ ਸਿਰ ਤੇ ਮੰਡਰਾਉਂਣ ਲੱਗ ਜਾਂਦੀ ਹੈ। ਬਿਲਕੁਲ ਖੇਡ ਦੀ ਤਰ੍ਹਾਂ, ਇੱਕ ਮੁਸੀਬਤ ਹਟਾ ਲੈ ਦੂਜੀ ਤਿਆਰ। ਜਿੰਨ੍ਹਾ ਵੱਡਾ ਆਦਮੀ ਓਨੀਆਂ ਵੱਡੀਆਂ ਮੁਸੀਬਤਾਂ।

ਭੰਡਾ ਭੰਡਾਰੀਆ ਕਿਤਾਬ ਵਿੱਚ ਲੇਖਕ ਸਾਧੂ ਰਾਮ ਕੁਸਲਾ ਜੀ ਨੇ 131 ਘਟਨਾਵਾਂ ਵਿੱਚ ਆਪਣੀ ਸਵੈ-ਜੀਵਨੀ ਪ੍ਰਸਤੁਤ ਕਰਨ ਦਾ ਯਤਨ ਕੀਤਾ ਹੈ। ਇਹ ਯਤਨ ਆਵਦੇ ਮਨ ਨਾਲ ਸੰਘਰਸ਼ ਕਰਕੇ ਕੀਤਾ ਜਾਂਦਾ ਹੈ। ਕਿਉਂਕਿ ਕਈ ਘਟਨਾਵਾਂ ਆਵਦੇ ਨਾਲ ਨਾਲ ਸਮਾਜ ਵਿੱਚ ਵਿਚਰਦੇ ਹੋਰ ਲੋਕਾਂ ਨਾਲ ਵੀ ਜੁੜੀਆਂ ਹੁੰਦੀਆਂ ਹਨ। ਉਨ੍ਹਾਂ ਦਾ ਅਸਰ ਕਿਸੇ ਤੇ ਚੰਗਾ ਤੇ ਕਿਸੇ ਤੇ ਮਾੜਾ ਵੀ ਪੈਂਦਾ ਹੈ। ਆਮ ਬੰਦਾ ਆਪਣੀ ਇੱਕ ਘਟਨਾ ਨੂੰ ਦੋ ਚਾਰ ਬੰਦਿਆਂ ਤੋਂ ਵੱਧ ਦੱਸਣ ਤੋਂ ਕੰਨੀ ਕਤਰਾਉਂਦਾ ਹੈ। ਸਾਰੀ ਦੁਨੀਆਂ ਵਿੱਚ ਜੱਗ-ਜ਼ਾਹਿਰ ਕਰਨ ਲਈ ਝੋਟੇ ਦੇ ਸਿਰ ਵਰਗਾ ਦਿਲ ਚਾਹੀਦੈ। ਕਈ ਘਟਨਾਵਾਂ ਅਜਿਹੀਆਂ ਹੁੰਦੀਆਂ ਹਨ ਜਿੰਨਾ ਉੱਪਰ ਫੈਸਲਾ ਕਰਨਾ ਬਹੁਤ ਮੁਸ਼ਕਲ ਹੋ ਜਾਂਦਾ ਹੈ। ਬੰਦਾ ਚਾਹੁੰਦਾ ਹੋਇਆ ਵੀ ਨਹੀਂ ਲਿਖ ਸਕਦਾ। ਏਸੇ ਲਈ ਸਵੈ-ਜੀਵਨੀ ਲਿਖਣਾ ਸਾਹਿਤ ਵਿੱਚ ਸਭ ਤੋਂ ਔਖਾ ਵਿਸ਼ਾ ਹੈ। ਲੇਖਕ ਨੇ ਕਈ ਘਟਨਾਵਾਂ ਤਾਂ ਲਿਖਕੇ ਵੀ ਕੱਢ ਦਿੱਤੀਆਂ ਹੋਣੀਐਂ।




ਪਰ ਫ਼ੇਰ ਵੀ ਕੁਸਲਾ ਜੀ ਨੇ ਬੇਬਾਕ, ਬੇਝਿਜਕ ਹੋਕੇ ਸਾਰੀਆਂ ਘਟਨਾਵਾਂ ਲਿਖੀਆਂ ਹਨ। ਕੋਈ ਵੀ ਵੇਰਵਾ ਦੇਣ ਤੋਂ ਗੁਰੇਜ਼ ਨੀ ਕੀਤਾ। ਭਾਵੇਂ ਉਹ ਆਵਦੇ ਖੁਦ ਦੇ ਖਿਲਾਫ਼ ਵੀ ਕਿਉਂ ਨਾ ਜਾਂਦਾ ਹੋਵੇ। ਕੁਸਲਾ ਜੀ ਵਿੱਚ ਸਮਾਜ ਸੇਵਾ ਕੁੱਟ ਕੁੱਟ ਕੇ ਭਰੀ ਹੋਈ ਹੈ। ਇਸ ਲਈ ਉਨ੍ਹਾਂ ਨੂੰ ਖੁਦ ਨੂੰ ਵੀ ਤਕਲੀਫ਼ਾਂ ਦਾ ਸਾਹਮਣਾ ਕਰਨਾ ਪਿਆ। ਭੰਡਾ ਭੰਡਾਰੀਆ ਖੇਡ ਵਾਂਗ ਇੱਕ ਤੋਂ ਮਗਰੋਂ ਇੱਕ ਔਕੜਾਂ ਦਾ ਸਾਹਮਣਾ ਕਰਨਾ ਪਿਆ। ਜਿੰਨਾ ਨੂੰ ਉਹਨੇ ਆਪਣੀ ਸੂਝਬੂਝ ਨਾਲ ਨਜਿੱਠਿਆ। ਕਿਤਾਬ ਦਾ ਨਾਮ ਬਹੁਤ ਹੀ ਢੁਕਵਾਂ ਰੱਖਿਆ ਗਿਆ ਹੈ। ਮੈਨੂੰ ਲੱਗਦੈ ਇਸ ਦਾ ਹੋਰ ਨਾਂ ਹੋ ਹੀ ਨਹੀਂ ਸਕਦਾ ਸੀ। ਸਰਵਰਕ ਬਹੁਤ ਸੁਹਣਾ ਹੈ। ਪਰ ਕੁਸਲਾ ਜੀ ਨੇ ਕਈ ਘਟਨਾਵਾਂ ਜ਼ਿਆਦਾ ਵਿਸਥਾਰ ਨਾਲ ਲਿਖੀਆਂ ਹਨ ਉਹ ਥੋੜੀਆਂ ਛੋਟੀਆਂ ਹੋ ਜਾਂਦੀਆਂ ਤਾਂ ਕਿਤਾਬ ਐਨੀ 'ਖਾਂਦੇ ਪੀਂਦੇ ਘਰ ਦੀ' ਨਾ ਲੱਗਦੀ। ਵੱਡੀ ਕਿਤਾਬ ਪੜ੍ਹਨ ਲਈ, ਦਿਲ ਵੀ ਵੱਡਾ ਚਾਹੀਦੈ। ਫ਼ੇਰ ਵੀ ਜਿਹੜਾ ਇੱਕ ਵਾਰੀ ਪੜ੍ਹਨ ਬੈਠ ਗਿਆ ਉਹ ਜ਼ਰੂਰ ਪੜ੍ਹੇਗਾ। ਕਿਉਂਕਿ ਇਸ ਵਿੱਚ ਚੰਗਾ ਐਡਮਨਿਸਟਰੇਟਿਵ ਬਣਨ ਲਈ ਗੁਰ ਮਿਲਦੇ ਹਨ। ਸਮਾਜ ਸੇਵਾ ਲਈ ਕੁਰਬਾਨੀ ਦੀ ਭਾਵਨਾ ਨੂੰ ਉਤਸ਼ਾਹ ਮਿਲਦਾ ਹੈ। ਇਸ ਕਿਤਾਬ ਦੇ 1 ਤੋਂ 6 ਨੰਬਰ ਤੱਕ ਪੰਨਿਆਂ ਦੇ ਨੰਬਰ ਨਹੀਂ ਲੱਗੇ ਹੋਏ ਸਿੱਧਾ ਲੱਕੀ ਨੰਬਰ 7 ਤੋਂ ਸ਼ੁਰੂ ਕੀਤੇ ਗਏ ਹਨ।



**ਰਮੇਸ਼ ਐਮ.ਐਮ.**
ਰੀਵਿਊ ਕਰਤਾ :
ਹਾਸ-ਵਿਅੰਗਕਾਰ, ਬਠਿੰਡਾ

ਪੰਜਾਬੀ ਸਾਹਿਤ ਸਭਾ ਰਜਿ. ਬਠਿੰਡਾ ਦੇ ਪ੍ਰਧਾਨ ਜਸਪਾਲ ਮਾਨਖੇੜਾ ਜੀ ਨੇ ਇਸ ਕਿਤਾਬ ਬਾਰੇ ਲਿਖਦਿਆਂ ਕਿਹਾ ਹੈ ਕਿ ਸਾਧੂ ਰਾਮ ਕੁਸਲਾ ਦੀ ਇਹ ਵੱਡ ਆਕਾਰੀ ਪੁਸਤਕ ਭੰਡਾ ਭੰਡਾਰੀਆ ਇੱਕ ਅਜਿਹੇ ਬੰਦੇ ਦੀ ਹੀ ਜੀਵਨ ਗਾਥਾ ਹੈ, ਜਿਸਦੇ ਜੀਵਨ ਵਿੱਚ ਲੜੀ ਦਰ ਲੜੀ, ਲਗਾਤਾਰ ਮੁਸੀਬਤਾਂ ਆਈ ਜਾਂਦੀਆਂ ਹਨ। ਸਾਰੀ ਜ਼ਿੰਦਗੀ ਮਸਲਿਆਂ, ਸਮੱਸਿਆਵਾਂ ਦੀ ਗੜੇਮਾਰ ਹੁੰਦੀ ਰਹਿੰਦੀ ਹੈ

ਇਹ ਕਿਤਾਬ ਲਿਖ ਕੇ ਲੇਖਕ ਮਾਣ ਮਹਿਸੂਸ ਕਰਦਾ ਹੈ ਕਿ 'ਉਹ ਦੂਸਰਿਆਂ ਲਈ ਪ੍ਰੇਰਨਾ ਸਰੋਤ ਹੈ ਅਤੇ ਆਉਣ ਵਾਲੀਆਂ ਪੀੜ੍ਹੀਆਂ ਉਸ ਦੀ ਉਦਹਾਰਣ ਦਿੰਦੀਆਂ ਰਹਿਣਗੀਆਂ ਕਿ ਆਸ਼ਾਵਾਦੀ ਬੰਦੇ ਉਲਝੇ ਰਾਹਾਂ ਵਿੱਚੋਂ ਵੀ ਆਪਣੀ ਮੰਜ਼ਿਲ ਤਲਾਸ਼ ਲੈਂਦੇ ਹਨ।

## 'ਅਰਦਾਸ'



ਕਲਮਾਂ ਸਾਡੀਆਂ ਨੂੰ ਸਦਾ ਤੂੰ ਸੱਚ ਬਖਸ਼ੀਂ।
ਵੇਖੇ ਦਰਦ ਜੋ ਜੱਗ ਦਾ ਐਸੀ ਅੱਖ ਬਖਸ਼ੀਂ।
ਭਾਵੇਂ ਪੈਸੇ ਦੀ ਦੌੜ ਵਿੱਚ ਮਸਰੂਫ ਹੈ ਜੱਗ ਸਾਰਾ,
ਪਰ ਸੋਚ ਸਾਨੂੰ ਤੂੰ ਇਸ ਤੋਂ ਜਰਾ ਵੱਖ ਬਖਸ਼ੀਂ।
ਬੋਲ ਕੌੜਾ ਨਾ ਬੋਲਿਆ ਜਾਵੇ ਕੋਈ ਜੁਬਾਨ ਕੋਲੋਂ,
ਪਿਆਰ, ਮੁਹੱਬਤ,ਸਾਂਝੀਵਾਲਤਾ ਵਾਲਾ ਰਸ ਬਖਸ਼ੀਂ।
ਦਿਲ ਨੂੰ ਸ਼ਾਂਤੀ ਦੇਈਂ ਤੂੰ ਸ਼ਾਂਤ ਸਮੁੰਦਰਾਂ ਜਿਹੀ,
ਰੱਖੇ ਸਦਾ ਜੋ ਪ੍ਰੇਸ਼ਾਨ,ਨਾ ਐਸੀ ਕਸ਼ਮਕਸ਼ ਬਖਸ਼ੀਂ।
ਤੇਰੇ ਬਖਸ਼ੇ ਹੋਏ ਵਿੱਚ ਸਦਾ ਸਕੂਨ ਮਿਲੇ ਸਾਨੂੰ,
ਰਜ਼ਾ ਨਾਲ ਤੂੰ ਸੌ ਬਖ਼ਸ਼ੀਂ, ਭਾਵੇਂ ਸਾਨੂੰ ਲੱਖ ਬਖਸ਼ੀਂ।
ਝੂਠੀਆਂ ਸ਼ੋਹਰਤਾਂ ਦੀ ਕੋਈ ਲੋੜ ਨਾ 'ਪਾਲੀ' ਤਾਈਂ,
ਬਖਸ਼ਣਾ ਚਾਹੁੰਦਾ ਤਾਂ ਮਿਹਨਤਾਂ ਦਾ ਜੱਸ ਬਖਸ਼ੀਂ।
ਕਲਮਾਂ ਸਾਡੀਆਂ ਨੂੰ ਤੂੰ ਸਦਾ ਸੱਚ ਬਖਸ਼ੀਂ।
ਵੇਖੇ ਦਰਦ ਜੋ ਜੱਗ ਦਾ ਐਸੀ ਅੱਖ ਬਖਸ਼ੀਂ।

-ਪਾਲੀ ਸਾਧੋਵਾਲ

## ਸੀਨਾਜ਼ੋਰੀ



**ਕੱਲ ਸ਼ਾਮ** ਤੋਂ ਹੀ ਸ ਅਵਤਾਰ ਸਿੰਘ ਨੂੰ ਸੁਨੇਹਾ ਆਇਆ ਹੋਇਆ ਸੀ ਕਿ ਅਸੀਂ ਸ਼੍ਰੀ ਰਾਜਾ ਸਾਹਿਬ ਗੁਰੂਦੁਆਰਾ ਸਾਹਿਬ ਵਿਖੇ ਹਾਜ਼ਰੀ ਭਰਨੀ ਹੈ ਕਿਉਕਿ ਸ ਅਵਤਾਰ ਸਿੰਘ ਜੀ ਦੇ ਪਰਿਵਾਰ ਵਿੱਚੋਂ ਉਸਦੀ ਮਾਮੀ ਜੀ, ਜੋ ਹੋਸ਼ਿਆਰਪੁਰ ਰਹਿੰਦੇ ਸਨ, ਉਹਨਾਂ ਨੇ ਹੀ ਸੁਖਣਾ ਕੀਤੀ ਹੋਈ ਸੀ ਕਿ ਜਦੋਂ ਵੀ ਸ ਅਵਤਾਰ ਸਿੰਘ ਇੰਗਲੈਂਡ ਤੋਂ ਆਇਆ, ਉਸਨੂੰ ਸ਼?ਰੀ ਰਾਜਾ ਸਾਹਿਬ ਜੀ ਦੇ ਦਰਸ਼ਨ ਕਰਵਾਉਣੇ ਹਨ, ਇਸੇ ਕਰਕੇ ਅੱਜ ਦਿਨ ਚੜ੍ਹਦੇ ਹੀ ਅਵਤਾਰ ਸਿੰਘ ਆਪਣੀ ਤਿਆਰੀ ਵਿੱਚ ਰੁੱਝ ਗਿਆ। ਲੱਗਭਗ 9 ਕੁ ਵਜੇ ਅਵਤਾਰ ਸਿੰਘ ਜੀ ਦੇ ਮਾਮੀ ਮਨਜੀਤ ਕੌਰ ਜੀ ਗੱਡੀ ਲੈ ਕੇ ਚੰਡੀਗੜ੍ਹ ਰੋਡ, ਚੱਬੇਵਾਲ ਆ ਪਹੁੰਚੇ ਜਿੱਥੇ ਅਵਤਾਰ ਸਿੰਘ ਪਹਿਲਾਂ ਤੋਂ ਹੀ ਉਡੀਕ ਕਰ ਰਿਹਾ ਸੀ। ਜਿਉਂ ਹੀ ਗੱਡੀ ਦੀ ਬ੍ਰੇਕ ਵੱਜੀ, ਗੱਡੀ ਅੰਦਰੋਂ ਆਵਾਜ਼ ਆਈ, ਆਓ ਜੀ, ਜੀ ਆਇਆਂ ਨੂੰ, ਅਵਤਾਰ ਜੀ, ਬੈਠੋ, ਚੱਲੀਏ। ਸ ਅਵਤਾਰ ਸਿੰਘ ਨੇ ਗੱਡੀ ਦੀ ਬਾਰੀ ਖੋਲ੍ਹੀ ਤੇ ਬੈਠ ਗਏ। ਅਜੇ ਵੀਹ ਕੁ ਕਿਲੋਮੀਟਰ ਦਾ ਸਫ਼ਰ ਤਹਿ ਕੀਤਾ ਹੋਵੇਗਾ ਕਿ ਅਚਾਨਕ ਇੱਕ ਪਿੱਛੋਂ ਆ ਰਹੀ ਇਨੋਵਾ ਗੱਡੀ ਨੇ ਓਵਰ ਟੇਕ ਕਰਨ ਦੇ ਚੱਕਰ ਵਿੱਚ ਗੱਡੀ ਨੂੰ ਪਿੱਛੋਂ ਟੱਕਰ ਮਾਰ ਦਿੱਤੀ, ਹਾਲੇ ਕਿ ਰੱਬ ਦਾ ਸ਼ੁਕਰਾਨਾ ਇਹ ਰਿਹਾ ਕਿ ਦੋਹਾਂ ਗੱਡੀਆਂ ਵਿਚਾਲੇ ਯਾਤਰੀ ਸਹੀ ਸਲਾਮਤ ਵਾਲ ਵਾਲ ਬਚ ਗਏ। ਸਾਰੀ ਘਟਨਾ ਕ੍ਰਮ ਦਾ ਵਿਸ਼ਲੇਸ਼ਣ ਕਰਨ ਤੇ ਨਤੀਜਾ ਇਹ ਨਿਕਲਿਆ ਕਿ ਇਨੋਵਾ ਵਾਲੇ ਯਾਤਰੀ ਕਾਫੀ ਜਲਦੀ ਵਿੱਚ ਹੋਣ ਕਰਕੇ ਉਹਨਾਂ ਤੋਂ ਆਪਣੀ ਗੱਡੀ ਕੰਟਰੋਲ ਨਹੀਂ ਹੋਈ ਤੇ ਅਵਤਾਰ ਸਿੰਘ ਜੀ ਵਾਲੀ ਗੱਡੀ ਚ ਵੱਜ ਗਈ। ਗਲਤੀ ਭਾਵੇਂ ਇਨੋਵਾ ਵਾਲੇ ਡ੍ਰਾਈਵਰ ਦੀ ਸੀ ਪਰ ਉਹਨਾਂ ਨੇ ਆਪਣੀ ਗੱਡੀ ਦੁੜਾਉਣ ਦੀ ਬਿਜਾਏ ਰੋਕ ਲਈ। ਓਧਰ ਸ ਅਵਤਾਰ ਸਿੰਘ ਸੋਚ ਰਿਹਾ ਸੀ ਕਿ ਇਨੋਵਾ ਵਾਲੇ ਡ੍ਰਾਈਵਰ ਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਗਿਆ ਹੈ, ਉਹ ਹੁਣ ਆਪਣੀ ਗ਼ਲਤੀ ਤੇ ਅਫਸੋਸ ਕਰੇਗਾ ਕਿ ਜੋ ਹੋਇਆ ਨਹੀਂ ਹੋਣਾ ਚਾਹੀਦਾ ਸੀ। ਪਰ ਹੋਇਆ ਇਸਦੇ ਬਿਲਕੁਲ ਉਲਟ। ਇਨੋਵਾ ਵਾਲੇ ਡਰਾਈਵਰ ਨੇ ਆ ਕੇ

ਸ ਅਵਤਾਰ ਸਿੰਘ ਦੇ ਡਰਾਈਵਰ ਨੂੰ ਹੀ ਮੰਦਾ ਬੋਲਣਾ ਸ਼ੁਰੂ ਕਰ ਦਿੱਤਾ ਅਤੇ ਅਵਤਾਰ ਸਿੰਘ ਨਾਲ ਬੈਠੀਆਂ ਔਰਤਾਂ ਨੂੰ ਵੀ ਭੱਦੀ ਸ਼ਬਦਾਵਲੀ ਬੋਲ਼ ਬੋਲ਼ ਕੇ ਪ੍ਰੇਸ਼ਾਨੀ ਵਿੱਚ ਪਾ ਦਿੱਤਾ, ਇਸ ਤੋਂ ਬਾਅਦ ਉਹ ਬਿਨਾਂ ਕਿਸੇ ਹੋਰ ਦੀ ਗੱਲ ਸੁਣਿਆਂ, ਸ ਅਵਤਾਰ ਸਿੰਘ ਨੂੰ ਆਪਣਾ ਮੋਬਾਇਲ ਨੰਬਰ ਦੇ ਕੇ ਇਹ ਆਖ ਕੇ ਚੱਲੇ ਗਏ ਕਿ ਸਾਨੂੰ ਬਹੁਤ ਜਲਦੀ ਹੈ, ਤੁਸੀ ਜੋ ਕਰ ਸਕਦੇ ਹੋ,ਕਰ ਲਵੋ, ਸਾਨੂੰ ਕੋਈ ਡਰ ਨਹੀਂ, ਸਾਡੀ ਬਹੁਤ ਉੱਪਰ ਤੱਕ ਚੱਲਦੀ ਹੈ, ਤੁਸੀ ਜਿੱਥੇ ਮਰਜ਼ੀ ਰਿਪੋਰਟ ਕਰ ਦਿਓ, ਇੰਨਾ ਆਖ ਕੇ ਉਹਨਾਂ ਨੇ ਗੱਡੀ ਸਟਾਰਟ ਕੀਤੀ ਤੇ ਸਕਿੰਟਾਂ ਵਿੱਚ ਅੱਖੋਂ ਓਹਲੇ ਹੋ ਗਏ ਹੁਣ ਅਵਤਾਰ ਸਿੰਘ ਖੜ੍ਹਾ ਖੜ੍ਹਾ ਇਹ ਸੋਚ ਰਿਹਾ ਸੀ ਕਿ ਪੰਜਾਬ ਦੇ ਹਾਲਾਤ ਕਿੰਨੇ ਬਦਲ ਗਏ ਨੇ। ਅੱਜਕਲ੍ਹ ਅਸੀਂ ਕਿੰਨੇ ਸਵਾਰਥੀ ਹੋ ਗਏ ਹਾਂਕਿ ਗ਼ਲਤੀ ਵੀ ਕਰਦੇ ਹਾਂ ਤੇ ਫ਼ਿਰ ਸੀਨਾਜ਼ੋਰੀ ਵੀ ਕਰਦੇ ਹਾਂ, ਕਿਸੇ ਦੇ ਦਿਲ ਤੇ ਕੀ ਬੀਤਦੀ ਹੈ ਜਾਂ ਕੀ ਬੀਤੇਗੀ ਹੁਣ ਸਾਨੂੰ ਇਸਦੀ ਕੋਈ ਪਰਵਾਹ ਨਹੀਂ, ਸਾਨੂੰ ਤਾਂ ਬਸ ਆਪਣੇ ਤੱਕ ਹੀ ਮਤਬਲ ਹੈ, ਅਸੀਂ ਆਪਣੇ ਅਸਲ ਰਸੂਖ ਨੂੰ ਆਪਣੀ ਢਾਲ ਬਣਾ ਕੇ ਆਪਣੀ ਖ਼ੁਦਗਰਜ਼ੀ ਲਈ ਕਿੱਦਾਂ ਸੀਨਾਜ਼ੋਰੀ ਤੇ ਉਤਰ ਆਏ ਹਾਂ, ਸਾਡੀਆਂ ਕਦਰਾਂ ਕੀਮਤਾਂ ਪਤਾ ਨਹੀਂ ਕਿੱਥੇ ਗਵਾਚ ਗਈਆਂ ਨੇ। ਭਾਵੇਂ ਅਵਤਾਰ ਸਿੰਘ ਨੇ ਇਨੋਵਾ ਵਾਲੇ ਯਾਤਰੀਆਂ ਨੂੰ ਕੁਝ ਵੀ ਨਹੀਂ ਕਿਹਾ ਤੇ ਆਪ ਵੀ ਸ਼੍ਰੀ ਗੁਰੂਦੁਆਰਾ ਸਾਹਿਬ ਜੀ ਦੇ ਦਰਸ਼ਨ ਕਰਕੇ ਘਰ ਵਾਪਸ ਵੀ ਆ ਗਏ ਪਰ ਸਾਰੀ ਰਾਤ ਇਨੋਵਾ ਵਾਲੇ ਵਿਅਕਤੀਆਂ ਦਾ ਵਿਵਹਾਰ ਵੇਖ ਕੇ ਹਾਲੇ ਵੀ ਇਹ ਸੋਚਣ ਲਈ ਮਜ਼ਬੂਰ ਸੀ ਕਿ ਸੀਨਾਜ਼ੋਰੀ ਦੇ ਯੁੱਗ ਵਿੱਚ ਆਮ ਆਦਮੀ ਕਿੱਥੇ ਖੜ੍ਹਾ ਹੋ ਸਕਦਾ।

-ਯਸ਼ਪਾਲ 'ਮਿੱਤਵਾ'

# ਈ-ਕਚਰਾ-ਡਿਜ਼ੀਟਲ ਤਰੱਕੀ ਦੀ ਅਦਿੱਖ ਲਾਸ਼

**ਈ-ਕਚਰਾ** ਕੇਵਲ ਟੁੱਟੇ ਹੋਏ ਮੋਬਾਇਲਾਂ, ਨਕਾਰਾ ਹੋਏ ਲੈਪਟਾਪਾਂ, ਪੁਰਾਣੀਆਂ ਬੈਟਰੀਆਂ ਜਾਂ ਖਰਾਬ ਹੋਏ ਫਰਿੱਜਾਂ ਦਾ ਢੇਰ ਨਹੀਂ ਹੈ। ਈ-ਕਚਰਾ ਮਨੁੱਖੀ ਲਾਲਚ, ਤਕਨੀਕੀ ਹਉਮੈ ਅਤੇ ਖਪਤਵਾਦੀ ਸੱਭਿਆਚਾਰ ਦੇ ਤਿੰਨ-ਮੂੰਹੇ ਗੱਠਜੋੜ ਦੀ ਸਭ ਤੋਂ ਭਿਆਨਕ, ਸਭ ਤੋਂ ਅਦਿੱਖ ਅਤੇ ਸਭ ਤੋਂ ਦੂਰਗਾਮੀ ਨਿਸ਼ਾਨੀ ਹੈ। ਜਿਸ ਵੀਹਵੀਂ ਸਦੀ ਨੂੰ ਅਸੀਂ ਸੂਚਨਾ ਕ੍ਰਾਂਤੀ ਦੀ ਸਦੀ ਕਹਿ ਕੇ ਆਪਣੀ ਪਿੱਠ ਥਾਪੜਦੇ ਹਾਂ, ਉਸੇ ਸਦੀ ਦਾ ਸਭ ਤੋਂ ਵੱਡਾ ਪ੍ਰਸ਼ਨ ਇਹ ਹੈ ਕਿ ਅਸੀਂ ਇਸ ਕ੍ਰਾਂਤੀ ਤੋਂ ਪੈਦਾ ਹੋਏ ਮਲਬੇ ਨੂੰ ਕਿੱਥੇ ਸੁੱਟੀਏ। ਮਨੁੱਖੀ ਇਤਿਹਾਸ ਵਿੱਚ ਹਰ ਕ੍ਰਾਂਤੀ ਆਪਣੇ ਨਾਲ ਆਪਣਾ ਕੂੜਾ ਲਿਆਈ ਹੈ। ਉਦਯੋਗਿਕ ਕ੍ਰਾਂਤੀ ਨੇ ਧੂੰਏਂ ਦੇ ਕਾਲੇ ਬੱਦਲ ਦਿੱਤੇ, ਹਰੀ ਕ੍ਰਾਂਤੀ ਨੇ ਜ਼ਮੀਨ ਵਿੱਚ ਰਸਾਇਣਕ ਜ਼ਹਿਰ ਘੋਲਿਆ ਅਤੇ ਡਿਜੀਟਲ ਕ੍ਰਾਂਤੀ ਨੇ ਈ-ਕਚਰਾ ਦਿੱਤਾ ਹੈ। ਅੰਤਰ ਕੇਵਲ ਇੰਨਾ ਹੈ ਕਿ ਪਹਿਲੀਆਂ ਦੋ ਕ੍ਰਾਂਤੀਆਂ ਦਾ ਕੂੜਾ ਦਿਖਾਈ ਦਿੰਦਾ ਸੀ, ਸੁੰਘਿਆ ਜਾ ਸਕਦਾ ਸੀ, ਉਸ ਵਿਰੁੱਧ ਨਾਅਰਾ ਲਗਾਇਆ ਜਾ ਸਕਦਾ ਸੀ। ਇਸ ਤੀਜੀ ਕ੍ਰਾਂਤੀ ਦਾ ਕੂੜਾ ਅਦਿੱਖ ਹੈ, ਗੰਧਹੀਣ ਹੈ, ਪਰ ਉਸ ਦਾ ਪ੍ਰਭਾਵ ਸਭ ਤੋਂ ਵੱਧ ਘਾਤਕ ਹੈ ਕਿਉਂਕਿ ਉਹ ਹੌਲੀ-ਹੌਲੀ ਸਾਡੇ ਖੂਨ ਵਿੱਚ, ਸਾਡੀ ਮਿੱਟੀ ਵਿੱਚ, ਸਾਡੇ ਪਾਣੀ ਵਿੱਚ ਅਤੇ ਸਾਡੀ ਆਉਣ ਵਾਲੀ ਪੀੜ੍ਹੀ ਦੇ ਜੈਨੇਟਿਕ ਕੋਡ ਵਿੱਚ ਘੁਲ ਰਿਹਾ ਹੈ।



**ਚਮਕੌਰ ਸਿੰਘ ਕੈਰਵੇ**
ਮੋ. 9875200097

ਅੱਜ ਦਾ ਸਮਾਂ ਯੋਜਨਾਬੱਧ ਅਪ੍ਰਚਲਨ ਦਾ ਸਮਾਂ ਹੈ। ਕੰਪਨੀਆਂ ਜਾਣਬੁੱਝ ਕੇ ਅਜਿਹੇ ਯੰਤਰ ਬਣਾ ਰਹੀਆਂ ਹਨ ਜਿਹਨਾਂ ਦੀ ਉਮਰ ਬਾਰਾਂ ਤੋਂ ਅਠਾਰਾਂ ਮਹੀਨੇ ਤੈਅ ਕੀਤੀ ਗਈ ਹੈ। ਹਰ ਛੇ ਮਹੀਨੇ ਬਾਅਦ ਮੋਬਾਇਲ ਦਾ ਨਵਾਂ ਮਾਡਲ ਆ ਜਾਂਦਾ ਹੈ, ਹਰ ਸਾਲ ਬਾਅਦ ਲੈਪਟਾਪ ਦੀ ਨਵੀਂ ਪੀੜ੍ਹੀ ਆ ਜਾਂਦੀ ਹੈ। ਪੁਰਾਣਾ ਯੰਤਰ ਖਰਾਬ ਨਹੀਂ ਹੁੰਦਾ, ਉਸ ਨੂੰ ਖਰਾਬ ਕਰ ਦਿੱਤਾ ਜਾਂਦਾ ਹੈ। ਸਾਫਟਵੇਅਰ ਅਪਡੇਟ ਦੇ ਨਾਂ 'ਤੇ ਉਸ ਨੂੰ ਹੌਲੀ ਕਰ ਦਿੱਤਾ ਜਾਂਦਾ ਹੈ, ਉਸ ਦੇ ਪੁਰਜ਼ੇ ਬਾਜ਼ਾਰ ਵਿੱਚੋਂ ਗਾਇਬ ਕਰ ਦਿੱਤੇ ਜਾਂਦੇ ਹਨ। ਖਪਤਕਾਰ ਨੂੰ ਇਹ ਭਰਮ ਦਿੱਤਾ ਜਾਂਦਾ ਹੈ ਕਿ ਨਵਾਂ ਖਰੀਦਣਾ ਹੀ ਤਰੱਕੀ ਹੈ। ਇਹ ਤਰੱਕੀ ਨਹੀਂ, ਇਹ ਇੱਕ ਯੋਜਨਾਬੱਧ ਲੁੱਟ ਹੈ ਅਤੇ ਇਸ ਲੁੱਟ ਦੇ ਅੰਤ ਵਿੱਚ ਬਚਦਾ ਹੈ ਈ-ਕਚਰੇ ਦਾ ਪਹਾੜ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅੰਕੜਿਆਂ ਅਨੁਸਾਰ ਭਾਰਤ ਵਿੱਚ ਹਰ ਸਾਲ 30 ਲੱਖ ਟਨ ਤੋਂ ਵੱਧ ਈ-ਕਚਰਾ ਪੈਦਾ ਹੁੰਦਾ ਹੈ ਅਤੇ ਇਸ ਦੀ ਵਿਕਾਸ ਦਰ ਸਾਲਾਨਾ 30 ਪ੍ਰਤੀਸ਼ਤ ਹੈ। ਇਸ ਵਿੱਚੋਂ ਕੇਵਲ 5 ਪ੍ਰਤੀਸ਼ਤ ਕਚਰਾ ਹੀ ਸਰਕਾਰੀ ਤੌਰ 'ਤੇ ਰੀਸਾਈਕਲ ਹੋ ਪਾਉਂਦਾ ਹੈ, ਬਾਕੀ 95 ਪ੍ਰਤੀਸ਼ਤ ਕਚਰਾ ਅਣਅਧਿਕਾਰਤ, ਅਸੁਰੱਖਿਅਤ ਅਤੇ ਅਮਾਨਵੀ ਢੰਗ ਨਾਲ ਤੋੜਿਆ ਜਾਂਦਾ ਹੈ।

ਪੰਜਾਬ ਦੇ ਸੰਦਰਭ ਵਿੱਚ ਇਹ ਸਮੱਸਿਆ ਹੋਰ ਵੀ ਗੰਭੀਰ ਹੈ। ਪੰਜਾਬ, ਜੋ ਕਦੇ ਖੇਤੀਬਾੜੀ ਪ੍ਰਧਾਨ, ਸੰਜਮੀ ਅਤੇ ਸੀਮਤ ਖਪਤ ਵਾਲਾ ਸਮਾਜ ਸੀ, ਅੱਜ ਹਰ ਪੱਖੋਂ ਖਪਤਕਾਰੀ ਸਮਾਜ ਵਿੱਚ ਬਦਲ ਗਿਆ ਹੈ। ਅੱਜ ਪੰਜਾਬ ਦੇ ਹਰ ਘਰ ਵਿੱਚ ਚਾਰ-ਪੰਜ ਸਮਾਰਟ ਫੋਨ, ਦੋ ਟੀਵੀ, ਇੱਕ ਲੈਪਟਾਪ, ਫਰਿੱਜ, ਵਾਸ਼ਿੰਗ ਮਸ਼ੀਨ, ਮਾਈਕ੍ਰੋਵੇਵ ਅਤੇ ਦਰਜਨਾਂ ਛੋਟੇ ਬਿਜਲੀ ਉਪਕਰਨ ਹਨ। ਪਰ ਸਾਡੇ ਕੋਲ ਇਸ ਖਪਤ ਤੋਂ ਪੈਦਾ ਹੋਏ ਕੂੜੇ ਨੂੰ ਸੰਭਾਲਣ ਦੀ ਕੋਈ ਸੰਸਕ੍ਰਿਤੀ ਨਹੀਂ, ਕੋਈ ਵਿਵਸਥਾ ਨਹੀਂ। ਸਾਡੀ ਪੰਚਾਇਤ ਕੋਲ ਅਜੇ ਘਰਾਂ ਦੇ ਗਿੱਲੇ-ਸੁੱਕੇ ਕੂੜੇ ਨੂੰ ਵੱਖ ਕਰਨ ਦਾ



ਪ੍ਰਬੰਧ ਨਹੀਂ, ਈ-ਕਚਰੇ ਦਾ ਪ੍ਰਬੰਧ ਕਿੱਥੋਂ ਹੋਵੇਗਾ। ਨਤੀਜਾ ਇਹ ਹੈ ਕਿ ਪੰਜਾਬ ਦੇ ਸ਼ਹਿਰਾਂ ਦੇ ਬਾਹਰਵਾਰ, ਜੀ.ਟੀ. ਰੋਡ ਕਿਨਾਰੇ ਅਤੇ ਉਦਯੋਗਿਕ ਖੇਤਰਾਂ ਵਿੱਚ ਈ-ਕਚਰੇ ਦੇ ਅਣਅਧਿਕਾਰਤ ਢੇਰ ਲੱਗੇ ਹੋਏ ਹਨ ਜਿੱਥੇ ਰਾਤ ਦੇ ਹਨੇਰੇ ਵਿੱਚ ਇਸ ਕਚਰੇ ਨੂੰ ਸਾੜਿਆ ਜਾਂਦਾ ਹੈ।

ਈ-ਕਚਰੇ ਦੀ ਰਸਾਇਣਕ ਬਣਤਰ ਨੂੰ ਸਮਝਣਾ ਹਰ ਨਾਗਰਿਕ ਦਾ ਕਰਤੱਵ ਹੈ। ਇੱਕ ਛੋਟੇ ਜਿਹੇ ਮੋਬਾਈਲ ਫੋਨ ਵਿੱਚ ਸੀਸਾ, ਪਾਰਾ, ਕੈਡਮੀਅਮ, ਆਰਸੈਨਿਕ, ਬੇਰੀਅਮ, ਲਿਥੀਅਮ ਅਤੇ ਬ੍ਰੋਮੀਨੇਟਡ ਫਲੇਮ ਰਿਟਾਰਡੈਂਟ ਵਰਗੇ 50 ਤੋਂ ਵੱਧ ਜ਼ਹਿਰੀਲੇ ਤੱਤ ਹੁੰਦੇ ਹਨ। ਇੱਕ ਕੰਪਿਊਟਰ ਦੀ ਸਕਰੀਨ ਵਿੱਚ ਇੰਨਾ ਸੀਸਾ ਹੁੰਦਾ ਹੈ ਜੋ ਸੱਤਰ ਬੱਚਿਆਂ ਦੇ ਖੂਨ ਨੂੰ ਜ਼ਹਿਰੀਲਾ ਕਰ ਸਕਦਾ ਹੈ। ਜਦੋਂ ਇਹ ਯੰਤਰ ਕੂੜੇ ਦੇ ਢੇਰ ਵਿੱਚ ਸੁੱਟੇ ਜਾਂਦੇ ਹਨ ਅਤੇ ਮੀਂਹ ਪੈਂਦਾ ਹੈ ਤਾਂ ਇਹ ਸਾਰੇ ਤੱਤ ਰਿਸ ਕੇ ਜ਼ਮੀਨ ਵਿੱਚ ਚਲੇ ਜਾਂਦੇ ਹਨ। ਜ਼ਮੀਨ ਤੋਂ ਇਹ ਜ਼ਹਿਰ ਧਰਤੀ ਹੇਠਲੇ ਪਾਣੀ ਵਿੱਚ ਜਾਂਦਾ ਹੈ ਅਤੇ ਧਰਤੀ ਹੇਠਲੇ ਪਾਣੀ ਤੋਂ ਸਿੱਧਾ ਸਾਡੇ ਖੂਹਾਂ ਵਿੱਚ, ਸਾਡੀਆਂ ਟੂਟੀਆਂ ਵਿੱਚ ਅਤੇ ਸਾਡੇ ਖੂਨ ਵਿੱਚ। ਜਦੋਂ ਇਸ ਕਚਰੇ ਨੂੰ ਸਾੜਿਆ ਜਾਂਦਾ ਹੈ ਤਾਂ ਡਾਈਆਕਸਿਨ ਅਤੇ ਫਿਊਰਾਨ ਵਰਗੀਆਂ ਗੈਸਾਂ ਪੈਦਾ ਹੁੰਦੀਆਂ ਹਨ ਜੋ ਕੈਂਸਰ ਦੀ ਸਭ ਤੋਂ ਵੱਡੀਆਂ ਕਾਰਨ ਹਨ। ਅਸੀਂ ਜਿਸ ਪਾਣੀ ਨੂੰ ਅੰਮ੍ਰਿਤ ਕਹਿ ਕੇ ਪੀਂਦੇ ਹਾਂ, ਉਸ ਪਾਣੀ ਵਿੱਚ ਹੁਣ ਸਾਡੇ ਹੀ ਸੁੱਟੇ ਹੋਏ ਮੋਬਾਈਲ ਦਾ ਪਾਰਾ ਘੁਲਿਆ ਹੋਇਆ ਹੈ। ਇਹ ਕੋਈ ਸਾਹਿਤਕ ਕਲਪਨਾ ਨਹੀਂ, ਇਹ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀਆਂ ਰਿਪੋਰਟਾਂ ਦਾ ਵਿਗਿਆਨਕ ਸੱਚ ਹੈ।

ਇਸ ਕੂੜੇ ਦਾ ਮਨੁੱਖੀ ਪੱਖ ਹੋਰ ਵੀ ਭਿਆਨਕ ਹੈ। ਮੁਰਾਦਾਬਾਦ, ਸੀਲਮਪੁਰ, ਮੁਸਤਫਾਬਾਦ ਅਤੇ ਸਾਡੇ ਆਪਣੇ ਲੁਧਿਆਣਾ ਦੇ ਸ਼ੇਰਪੁਰ ਕਲਾਂ, ਜਲੰਧਰ ਦੇ ਲੈਦਰ ਕੰਪਲੈਕਸ ਦੇ ਆਸ-ਪਾਸ ਅਜਿਹੇ ਅਣਅਧਿਕਾਰਤ ਕਾਰਖਾਨੇ ਚੱਲ ਰਹੇ ਹਨ ਜਿੱਥੇ 12-13 ਸਾਲ ਦੇ ਬੱਚੇ ਨੰਗੇ ਹੱਥਾਂ ਨਾਲ, ਬਿਨਾਂ ਕਿਸੇ ਦਸਤਾਨੇ ਜਾਂ ਮਾਸਕ ਦੇ, ਈ-ਕਚਰੇ ਨੂੰ ਤੋੜਦੇ ਹਨ। ਉਹ ਸਰਕਟ ਬੋਰਡਾਂ ਨੂੰ ਤੇਜ਼ਾਬ ਵਿੱਚ ਡੁਬੋ ਕੇ ਸੋਨਾ ਕੱਢਦੇ ਹਨ, ਉਹ ਤਾਰਾਂ ਨੂੰ ਸਾੜ ਕੇ ਤਾਂਬਾ ਕੱਢਦੇ ਹਨ। ਤੇਜ਼ਾਬ ਉਹਨਾਂ ਦੇ ਹੱਥਾਂ ਨੂੰ ਸਾੜ ਦਿੰਦਾ ਹੈ, ਧੂੰਆਂ ਉਹਨਾਂ ਦੇ ਫੇਫੜਿਆਂ ਨੂੰ ਖਾ ਜਾਂਦਾ ਹੈ। ਇਹ ਬੱਚੇ 15 ਸਾਲ ਦੀ ਉਮਰ ਤੱਕ ਪਹੁੰਚਦੇ-ਪਹੁੰਚਦੇ ਕੈਂਸਰ, ਚਮੜੀ ਰੋਗ, ਦਮਾ ਅਤੇ ਗੁਰਦੇ ਫੇਲ੍ਹ ਹੋਣ ਵਰਗੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਅਸੀਂ ਆਪਣੀ ਸੁਵਿਧਾ ਲਈ ਇੱਕ ਯੰਤਰ ਖਰੀਦਦੇ ਹਾਂ, ਉਸ ਨੂੰ ਛੇ ਮਹੀਨੇ ਵਰਤਦੇ ਹਾਂ ਅਤੇ ਸੁੱਟ ਦਿੰਦੇ ਹਾਂ, ਅਤੇ ਉਸ ਦੀ ਅਸਲ ਕੀਮਤ ਇੱਕ ਅਣਜਾਣ ਬੱਚਾ ਆਪਣੇ ਫੇਫੜਿਆਂ, ਆਪਣੇ ਖੂਨ ਅਤੇ ਆਪਣੀ ਜ਼ਿੰਦਗੀ ਨਾਲ ਚੁਕਾਉਂਦਾ ਹੈ। ਇਸ ਤੋਂ ਵੱਡਾ ਅਨਿਆਂ, ਇਸ ਤੋਂ ਵੱਡੀ ਅਨੈਤਿਕਤਾ ਹੋਰ ਕੀ ਹੋ ਸਕਦੀ ਹੈ।

ਸਰਕਾਰ ਨੇ ਈ-ਕਚਰਾ ਪ੍ਰਬੰਧਨ ਨਿਯਮ 2022 ਬਣਾਏ ਹਨ ਜਿਸ ਵਿੱਚ ਵਿਸਤ੍ਰਿਤ ਉਤਪਾਦਕ ਜ਼ਿੰਮੇਵਾਰੀ ਦਾ ਸਿਧਾਂਤ ਲਾਗੂ ਕੀਤਾ ਗਿਆ ਹੈ। ਇਸ ਸਿਧਾਂਤ ਅਨੁਸਾਰ ਜੋ ਕੰਪਨੀ ਉਤਪਾਦ ਵੇਚੇਗੀ, ਉਹੀ ਉਸ ਨੂੰ ਵਾਪਸ ਲੈਣ ਅਤੇ ਉਸ ਨੂੰ ਸੁਰੱਖਿਅਤ ਢੰਗ ਨਾਲ ਨਸ਼ਟ ਕਰਨ ਦੀ ਜ਼ਿੰਮੇਵਾਰ ਹੋਵੇਗੀ। ਪਰ ਧਰਾਤਲ 'ਤੇ ਇਹ ਨਿਯਮ ਕੇਵਲ ਕਾਗਜ਼ਾਂ ਵਿੱਚ ਹੈ। ਕੋਈ ਵੀ ਵੱਡੀ ਬਹੁ-ਰਾਸ਼ਟਰੀ ਕੰਪਨੀ ਪਿੰਡ ਜਾਂ ਸ਼ਹਿਰ ਵਿੱਚ ਜਾ ਕੇ ਪੁਰਾਣਾ ਮੋਬਾਇਲ ਵਾਪਸ ਨਹੀਂ ਲੈਂਦੀ। ਦੁਕਾਨਦਾਰ ਪੁਰਾਣਾ ਫੋਨ ਲੈ ਕੇ ਕਬਾੜੀਏ ਨੂੰ ਵੇਚ ਦਿੰਦਾ ਹੈ ਅਤੇ ਕਬਾੜੀਆ ਉਸ ਨੂੰ ਅਣਅਧਿਕਾਰਤ ਤੌਰ 'ਤੇ ਸਾੜ ਦਿੰਦਾ ਹੈ। ਇਸ ਪੂਰੀ ਲੜੀ ਵਿੱਚ ਕੋਈ ਜਵਾਬਦੇਹੀ ਨਹੀਂ, ਕੋਈ ਪਾਰਦਰਸ਼ਤਾ ਨਹੀਂ।

ਇਸਦਾ ਹੱਲ ਕਾਨੂੰਨ ਵਿੱਚ ਨਹੀਂ, ਚੇਤਨਾ ਵਿੱਚ ਹੈ ਸੰਜਮ ਵਿੱਚ ਹੈ। ਸਾਨੂੰ ਆਪਣੇ ਬੱਚਿਆਂ ਨੂੰ ਇਹ ਸਿਖਾਉਣਾ ਪਵੇਗਾ ਕਿ ਹਰ ਨਵੇਂ ਮਾਡਲ ਨੂੰ ਖਰੀਦਣਾ ਤਰੱਕੀ ਨਹੀਂ, ਵਿਨਾਸ਼ ਹੈ। ਜੇ ਯੰਤਰ ਚੱਲ ਰਿਹਾ ਹੈ ਤਾਂ ਉਸ ਨੂੰ ਉਦੋਂ ਤੱਕ ਵਰਤੋ ਜਦੋਂ ਤੱਕ ਉਹ ਪੂਰੀ ਤਰ੍ਹਾਂ ਨਕਾਰਾ ਨਾ ਹੋ ਜਾਵੇ। ਹਰ ਜ਼ਿਲ੍ਹੇ ਵਿੱਚ, ਹਰ ਤਹਿਸੀਲ ਵਿੱਚ ਸਰਕਾਰੀ ਈ-ਕਚਰਾ ਕੇਂਦਰ ਸਥਾਪਿਤ ਕੀਤੇ ਜਾਣ ਜਿੱਥੇ ਨਾਗਰਿਕ ਆਪਣਾ ਈ-ਕਚਰਾ ਜਮ?ਹਾਂ ਕਰਵਾ ਸਕਣ ਅਤੇ ਉਸ ਦੇ ਬਦਲੇ ਉਸ ਨੂੰ ਕੁਝ ਪ੍ਰੋਤਸਾਹਨ ਰਾਸ਼ੀ ਮਿਲੇ। ਹਰ ਨਗਰ ਪਾਲਿਕਾ ਦੀ ਕਾਨੂੰਨੀ ਜ਼ਿੰਮੇਵਾਰੀ ਤੈਅ ਹੋਵੇ ਕਿ ਉਹ ਘਰ-ਘਰ ਤੋਂ ਈ-ਕਚਰਾ ਵੱਖਰਾ ਇਕੱਠਾ ਕਰੇ। ਈ-ਕਚਰੇ ਨੂੰ ਤੋੜਨ ਦਾ ਕੰਮ ਕੇਵਲ ਸੁਰੱਖਿਅਤ ਅਤੇ ਲਾਇਸੈਂਸ ਸ਼ੁਦਾ ਕੇਂਦਰਾਂ ਵਿੱਚ ਹੀ ਹੋਵੇ, ਬੱਚਿਆਂ ਦੇ ਨੰਗੇ ਹੱਥਾਂ ਵਿੱਚ ਨਹੀਂ। ਇਸਦੀ ਸ਼ੁਰੂਆਤ ਕਰਨੀ ਹੀ ਪੈਣੀ ਹੈ ਨਹੀਂ ਤਾਂ ਉਹ ਦਿਨ ਦੂਰ ਨਹੀਂ ਜਦੋਂ ਸਾਡੇ ਖੇਤਾਂ ਵਿੱਚ ਕਣਕ ਦੀ ਥਾਂ ਸਰਕਟ ਬੋਰਡ ਉੱਗਣਗੇ, ਸਾਡੇ ਖੂਹਾਂ ਵਿੱਚ ਪਾਣੀ ਦੀ ਥਾਂ ਤੇਜ਼ਾਬ ਹੋਵੇਗਾ ਅਤੇ ਸਾਡੇ ਬੱਚਿਆਂ ਦੇ ਹੱਥਾਂ ਵਿੱਚ ਕਿਤਾਬਾਂ ਦੀ ਥਾਂ ਕੈਂਸਰ ਦੀਆਂ ਰਿਪੋਰਟਾਂ ਹੋਣਗੀਆਂ। ਈ-ਕਚਰਾ ਕਿਸੇ ਹੋਰ ਦਾ ਕੂੜਾ ਨਹੀਂ, ਇਹ ਸਾਡੇ ਦੁਆਰਾ ਆਪਣੇ ਹੀ ਭਵਿੱਖ ਦੇ ਵਿਹੜੇ ਵਿੱਚ ਸੁੱਟੀ ਗਈ ਲਾਸ਼ ਹੈ ਅਤੇ ਇਸ ਲਾਸ਼ ਦੀ ਬਦਬੂ ਆਉਣੀ ਸ਼ੁਰੂ ਹੋ ਗਈ ਹੈ।

## ਵਿਚਾਰ



**ਨਿੰਦਕ...**

ਸੋਚ ਨੂੰ ਪੁੱਠਾ ਗੇੜਾ ਆਇਆ ਹੋਵੇ ਤਾਂ ਬੰਦਾ ਦੂੱਜਿਆਂ ਬਾਰੇ ਕੇਵਲ ਟੇਡੀਆਂ ਮੇਢੀਆਂ ਗੱਲਾਂ ਕਰਨ ਦਾ ਕੰਮ ਹੀ ਕਰਦੈ। ਨਿੰਦਕ ਦੀ ਖੁਰਾਕ ਤਾਂ ਨਿੰਦਿਆ ਹੀ ਹੁੰਦੀ ਹੈ॥ ਨਿੰਦਕ ਦੀ ਸੰਗਤ ਕੋਈ ਕਿਉਂ ਕਰੇ! ਚੁਗਲੀ ਤੋਂ ਗੱਲ ਸ਼ੁਰੂ ਕਰਕੇ ਮਹਿਜ਼ ਨਿੰਦਿਆਂ ਤੱਕ ਹੀ ਜਾਣੀ ਹੈ। ਸਮਾਂ ਬਰਬਾਦੀ ਪੱਲੇ ਬਾਬਾ ਜੀ ਕਾ ਠੁੱਲੂ॥ ਟੀਚਾ ਪ੍ਰਾਪਤੀ ਵੱਲ ਵਧੋ। ਸਿੱਧੀ ਨੀਤ ਨਾਲ ਚਲਦੇ ਜਾਓ। ਤਰੱਕੀ ਹੁੰਦਿਆਂ ਦੇਖ ਅੰਦਰੋ ਖੁਸ਼ੀ ਉਮੜਨ ਲੱਗ ਪਵੇ ਤਾਂ ਨਿੰਦਿਆ ਲਈ ਸਮਾਂ ਬਚੂ ਕਿੱਥੋਂ??

**ਇਲਜ਼ਾਮ...**

ਇਲਜ਼ਾਮ ਲਾਉਣ ਦਾ ਰਾਹ ਰਿਣਾਤਮਿਕ ਚਿੰਤਨ ਦਾ ਨਤੀਜਾ ਹੁੰਦੈ ਦੂੱਜਿਆਂ ਦੀ ਗਲਤੀ ਤੋਂ ਸਿੱਖਣ ਦੇ ਰਾਹ ਤੁਰਿਆ ਇਲਜ਼ਾਮ ਲਾਉਣ 'ਚ ਵਿਸ਼ਵਾਸ਼ ਨਹੀਂ ਰੱਖਦਾ॥ ਇਲਜ਼ਾਮ ਲਾਉਣ ਤੋਂ ਪਹਿਲਾਂ ਚਿੰਤਨ ਚੱਲ ਪਵੇ ਤਾਂ ਇਲਜ਼ਾਮ ਮਸਲੇ ਦਾ ਹੱਲ ਲੱਭਣ ਵੱਲ ਮੋੜਾ ਕੱਟ ਲੈਂਦੈ॥ ਸੰਵੇਦਨਸ਼ੀਲਤਾ ਇਲਜ਼ਾਮਤਰਾਸ਼ੀ 'ਚ ਕਦੀ ਵਿਸ਼ਵਾਸ਼ ਨਹੀਂ ਰੱਖਦੀ। ਮਨ ਸਾਫ਼ ਹੋਵੇ ਤਾਂ ਬੰਦਾ ਦੂੱਜੇ ਦੀ ਗਲਤੀ ਦਾ ਇਲਜ਼ਾਮ ਵੀ ਆਪਣੇ ਹਿੱਸੇ ਲੈ ਲੈਂਦੈ॥

-ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ/ਜਿਲਾ ਆਰਗੇਨਾਈਜ਼ਿੰਗ ਕਮਿਸ਼ਨਰ, ਮਾਨਸਾ।

## ਵਿਚਾਰ

ਪਿੱਠ ਦੇ ਪਿੱਛੇ ਪੱਲੀ ਪਾ,
ਖੇਤ ਦੀ ਫਿਰਦੀ ਸੀ ਉਹ ਘਾਅ।
ਪੁੱਤ ਦੀ ਯਾਦ ਰੁਲਾਏ ਜਿਸਨੂੰ ,
ਰਿਹਾ ਨਾ ਕੋਈ ਉਸਨੂੰ ਚਾਅ।
ਬੰਨੇ ਬੰਨੇ ਸੋਚਦੀ ਜਾਵੇ,
ਪੁੱਤ ਲਿਆ ਸੀ ਕਿਸਨੇ ਖਾ।
ਕੀਤੀ ਸੀ ਜਦ ਡਿਗਰੀ ਉਸਨੇ,
ਚੜ੍ਹਿਆ ਸੀ ਸਭ ਨੂੰ ਚਾਅ।
ਜਿਸ ਲਈ ਖ਼ਾਬ ਸਜਾਏ ਸੀ,
ਤੁਰਿਆ ਕਿੰਝ ਉਹ ਮਾੜੇ ਰਾਹ।
ਡੰਡ ਬੈਠਕਾ ਮਾਰਦਾ ਸੀ ਜੋ,
ਦਿੱਤਾ ਕਿਸਨੇ ਨਸ਼ੇ ਨੂੰ ਲਾ।
ਮਾਰਦਾ ਸੀ ਪਿਓ ਆਪਣੇ ਨੂੰ,
ਤੋੜ ਨਸ਼ੇ ਦੀ ਵਿੱਚ ਉਹ ਆ।
ਜਿਸ ਮਾਂ ਨੂੰ ਰੱਬ ਕਹਿੰਦਾ ਸੀ,
ਕੁੱਟ ਲੈਂਦਾ ਸੀ ਉਹੀ ਮਾਂ।
ਮੁੱਕ ਗਈ ਜ਼ਿੰਦਗੀ ਉਸਦੀ,
ਓਵਰ ਡੋਜ ਨਸ਼ੇ ਦੀ ਲਾਅ।

ਦੁੱਧ ਮੱਖਣਾ ਨਾਲ ਪਾਲੇ ਪੁੱਤ ਨੂੰ,
ਹੱਥੀ ਦਿੱਤਾ ਸਿਵੇ ਚ ਲਾ।
ਮਿੱਟੀ ਮਿੱਟੀ ਹੋ ਗਈ ਸਾਰੀ,
ਮੂੰਹ ਭਰ ਡਿਗੀ ਠੋਕਰ ਖਾ।
ਚੁੰਨੀ ਨਾਲ ਹੰਝੂ ਪੂੰਝ ਕੇ,
ਤੁਰ ਪਈ ਉਹ ਆਪਣੇ ਰਾਹ।
ਚਿੱਟੇ ਲਿਵਾਸ ਵਾਲਿਆਂ ਨੇ,
ਨਸ਼ੇ ਦਾ ਦਿੱਤਾ ਦਰਿਆ ਵਹਾ।
ਪਾਕ ਪਵਿੱਤਰ ਧਰਤੀ ਉਤੇ,
ਫਿਰਦੇ ਦੋਸ਼ੀ ਚਿੱਟੇ ਪਾ।

-ਬਲਵੀਰ 'ਬਡੇਸਰੋਂ'



## ਜੀਵਨ ਦੇ ਰੰਗ



ਆਵੇ ਦੁੱਖ ਨੇੜੇ ਨਹੀਂ ਘਬਰਾਉਣਾ ਚਾਹੀਦਾ
ਜੀਵਨ ਦੇ ਰੰਗਾਂ ਨੂੰ ਮਨਾਉਣਾ ਚਾਹੀਦਾ।
ਕਾਹਦਾ ਮੋਹ ਪਾ ਲਿਆ,ਝੂਠੀ ਦੁਨੀਆਦਾਰੀ ਏ।
ਜਿੰਦ ਫੁੱਲਾਂ ਜਿਹੀ, ਗਠੜੀ ਖਾਹਸ਼ਾਂ ਦੀ ਭਾਰੀ ਏ।
ਭਾਰ ਆਪਣਾ ਨਹੀਂ ਕਿਸੇ ਨੂੰ ਚੁਕਾਉਣਾ ਚਾਹੀਦਾ।
ਜੀਵਨ ਦੇ ਰੰਗਾਂ ਨੂੰ ਮਨਾਉਣਾ ਚਾਹੀਦਾ।
ਸਦਾ ਚੜ੍ਹਦੀ ਕਲਾ ਵਿੱਚ ਰਹਿਣਾ ਸਿੱਖੀਏ।
ਜਿੱਤਾਂ ਦਰਜ਼ ਕਰਾਉਣੀਆਂ ਨਾ ਢਹਿਣਾ ਸਿੱਖੀਏ।
ਜੰਗ ਜ਼ਿੰਦਗੀ ਦੀ ਜਿੱਤ ਘਰ ਆਉਣਾ ਚਾਹੀਦਾ।
ਜੀਵਨ ਦੇ ਰੰਗਾਂ ਨੂੰ ਮਨਾਉਣਾ ਚਾਹੀਦਾ।
ਕਾਹਤੋਂ ਸ਼ਿਕਵੇ ਸ਼ਿਕਾਇਤਾਂ ਵਿੱਚ ਵਕ?ਤ ਗੁਆਉਣਾ।
ਕੱਖ,ਕੰਡੇ,ਰੋੜੇ ਚੁਗ,ਰਾਹ ਖ਼ੁਦ ਪਊ ਬਣਾਉਣਾ।
ਹਰ ਸਾਹ ਵਡਮੁੱਲਾ, ਨਹੀਂ ਗੁਆਉਣਾ ਚਾਹੀਦਾ।
ਜੀਵਨ ਦੇ ਰੰਗਾਂ ਨੂੰ ਮਨਾਉਣਾ ਚਾਹੀਦਾ।
ਜਾਵੇਂ ਜਿੱਧਰ ਵੀ, ਜਾਵੀਂ ਵੰਡਦਾ ਖ਼ੁਸ਼ਬੋਆਂ।
ਚੀਰ ਚੀਰਕੇ ਹਨੇਰੇ,ਆਈਂ ਕਰਦਾ ਤੂੰ ਲੋਆਂ।
ਬਾਲੀ ਦੇਸ ਰਾਜ ਖ਼ੁਦ,ਰਾਹ ਬਣਾਉਣਾ ਚਾਹੀਦਾ।
ਜੀਵਨ ਦੇ ਰੰਗਾਂ ਨੂੰ ਮਨਾਉਣਾ ਚਾਹੀਦਾ।

-ਦੇਸ ਰਾਜ ਬਾਲੀ, ਪਿੰਡ ਮੁਬਾਰਕਪੁਰ
ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ।

# 650 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਫਿਲੌਰ ਵਿਖੇ ਡਰੋਨ ਸ਼ੋਅ ਕਰਵਾਇਆ

ਪੈਗਾਮ-ਏ-ਜਗਤ
ਹਰੋਲੀ/ਊਨਾ, 14 ਅਕਤੂਬਰ
(ਰਾਜਵੀਰ ਚੋਪੜਾ)



ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਫਿਲੌਰ ਵਿਖੇ ਕੀਰਤਨ ਦਰਬਾਰ ਅਤੇ ਡਰੋਨ ਸ਼ੋਅ ਕਰਵਾਏ ਗਏ। ਇਸ ਮੌਕੇ ਤਪ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਕੇਵਲ ਸਿੰਘ ਜੀ ਦੇ ਜਥੇ ਵੱਲੋਂ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕੀਤਾ ਗਿਆ। ਇਸ ਮੌਕੇ ਹਲਕਾ ਇੰਚਾਰਜ ਬੀਬਾ ਹਰਜੋਤ ਕੌਰ ਲੋਹਟੀਆ ਜੀ ਵੱਲੋਂ ਜਥੇ ਨੂੰ ਗੁਰੂ ਘਰ ਦੀ ਬਖ਼ਸ਼ਿਸ਼ ਵਜੋਂ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ। ਡਰੋਨ ਸ਼ੋਅ ਰਾਹੀਂ ਆਕਾਸ਼ ਵਿੱਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਅਤੇ ਸਿੱਖਿਆਵਾਂ ਨੂੰ ਦਰਸਾਇਆ ਗਿਆ। ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਇਹ ਬਹੁਤ ਵੱਡਾ ਉਪਰਾਲਾ ਹੈ। ਉਹ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਅਤੇ ਇਤਿਹਾਸ ਨੂੰ ਘਰ-ਘਰ ਤੱਕ ਪਹੁੰਚਾਉਣ ਲਈ ਦਿਨ-ਰਾਤ ਮਿਹਨਤ ਕਰ ਰਹੇ ਹਨ। ਇਸ ਮੌਕੇ ਬਾਬਾ ਕੇਵਲ ਸਿੰਘ, ਬਾਬਾ ਨਰੇਸ਼ ਸਿੰਘ, ਬਾਬਾ ਸੁਖਦੇਵ ਸਿੰਘ, ਭਾਈ ਬਲਜਿੰਦਰ ਸਿੰਘ ਅਤੇ ਭਾਈ ਦੀਪਕ ਸਿੰਘ ਹਾਜ਼ਰ ਸਨ।

# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਆਦਮਪੁਰ ਵਿਖੇ ਕੀਰਤਨ ਦਰਬਾਰ ਅਤੇ ਡਰੋਨ ਸ਼ੋਅ ਕਰਵਾਏ

ਪੈਗਾਮ-ਏ-ਜਗਤ
ਹਰੋਲੀ/ਊਨਾ, 14 ਅਕਤੂਬਰ
(ਰਾਜਵੀਰ ਚੋਪੜਾ)



ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵੱਖ-ਵੱਖ ਸ਼ਹਿਰਾਂ ਵਿੱਚ ਕੀਰਤਨ ਦਰਬਾਰ ਅਤੇ ਡਰੋਨ ਸ਼ੋਅ ਕਰਵਾਏ ਜਾ ਰਹੇ ਹਨ।

ਆਦਮਪੁਰ ਵਿਖੇ ਕਰਵਾਏ ਗਏ ਡਰੋਨ ਸ਼ੋਅ ਦੌਰਾਨ ਤਪ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਕੇਵਲ ਸਿੰਘ ਜੀ ਦੇ ਜਥੇ ਵੱਲੋਂ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕੀਤਾ ਗਿਆ। ਸਮਾਗਮ ਦੀ ਸਮਾਪਤੀ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਆਰਤੀ ਨਾਲ ਹੋਈ।

ਇਸ ਮੌਕੇ ਸਾਰਾ ਪੰਡਾਲ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਆਰਤੀ ਦੇ ਭਗਤੀ-ਰੰਗ ਵਿੱਚ ਰੰਗਿਆ ਗਿਆ। ਇਨ੍ਹਾਂ ਪ੍ਰੋਗਰਾਮਾਂ ਨੂੰ ਸਫਲ ਬਣਾਉਣ ਲਈ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਵੱਲੋਂ ਸ਼ਲਾਘਾਯੋਗ ਉਪਰਾਲੇ ਕੀਤੇ ਜਾ ਰਹੇ ਹਨ। ਮੁੱਖ ਸਲਾਹਕਾਰ ਸ੍ਰੀ ਦੀਪਕ ਬਾਲੀ ਜੀ ਦਿਨ-ਰਾਤ ਮਿਹਨਤ ਕਰਕੇ ਇਨ੍ਹਾਂ ਪ੍ਰੋਗਰਾਮਾਂ ਨੂੰ ਸਫਲ ਬਣਾ ਰਹੇ ਹਨ। ਸ੍ਰੀ ਦੀਪਕ ਬਾਲੀ ਜੀ ਦੀ ਮਿਹਨਤ ਅਤੇ ਸਮਰਪਣ ਸ਼ਲਾਘਾਯੋਗ ਹੈ।

ਇਸ ਮੌਕੇ ਹਲਕਾ ਇੰਚਾਰਜ ਪਵਨ ਕੁਮਾਰ ਟੀਨੂ ਜੀ ਵੱਲੋਂ ਸੰਗਤਾਂ ਨੂੰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ ਗਈ। ਇਸ ਮੌਕੇ ਬਾਬਾ ਕੇਵਲ ਸਿੰਘ, ਬਾਬਾ ਨਰੇਸ਼ ਸਿੰਘ, ਬਾਬਾ ਸੁਖਦੇਵ ਸਿੰਘ, ਭਾਈ ਬਲਜਿੰਦਰ ਸਿੰਘ, ਭਾਈ ਦੀਪਕ ਸਿੰਘ, ਸਤਪਾਲ ਸਿੰਘ ਅਤੇ ਪ੍ਰੀਤਮ ਸਿੰਘ ਹਾਜ਼ਰ ਸਨ।

# ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦੀ ਤਿੰਨ ਮੰਜ਼ਿਲਾ ਇਮਾਰਤ 7.38 ਕਰੋੜ ਰੁਪਏ ਦੀ ਲਾਗਤ ਨਾਲ ਬਣੇਗੀ: ਕੁਲਦੀਪ ਕੁਮਾਰ

## ਰਾਮਪੁਰ ਵਿੱਚ 12 ਕਨਾਲ ਜ਼ਮੀਨ 'ਤੇ ਹੋਵੇਗਾ ਨਿਰਮਾਣ, ਟੈਂਡਰ ਪ੍ਰਕਿਰਿਆ ਜਲਦੀ ਸ਼ੁਰੂ ਹੋਵੇਗੀ

ਊਨਾ, 14 ਅਕਤੂਬਰ
(ਪੈਗਾਮ-ਏ-ਜਗਤ)



ਹਿਮਾਚਲ ਪ੍ਰਦੇਸ਼ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦੀ ਤਿੰਨ ਮੰਜ਼ਿਲਾ ਇਮਾਰਤ ਰਾਮਪੁਰ ਵਿੱਚ 7.38 ਕਰੋੜ ਰੁਪਏ ਦੀ ਲਾਗਤ ਨਾਲ ਬਣਾਈ ਜਾਵੇਗੀ। ਇਮਾਰਤ ਦੀ ਉਸਾਰੀ ਲਈ 12 ਕਨਾਲ ਜ਼ਮੀਨ ਕਮਿਸ਼ਨ ਦੇ ਨਾਮ ਤਬਦੀਲ ਕੀਤੀ ਜਾ ਚੁੱਕੀ ਹੈ, ਜਦਕਿ ਪਹਿਲੇ ਪੜਾਅ ਲਈ 1.98 ਕਰੋੜ ਰੁਪਏ ਦੀ ਰਕਮ ਮਨਜ਼ੂਰ ਹੋ ਚੁੱਕੀ ਹੈ। ਉਸਾਰੀ ਕਾਰਜ ਲਈ ਟੈਂਡਰ ਪ੍ਰਕਿਰਿਆ ਜਲਦੀ ਸ਼ੁਰੂ ਕੀਤੀ ਜਾਵੇਗੀ। ਕਮਿਸ਼ਨ ਦੇ ਚੇਅਰਮੈਨ ਅਤੇ ਸਾਬਕਾ ਮੰਤਰੀ ਕੁਲਦੀਪ ਕੁਮਾਰ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ।

ਇਮਾਰਤ ਦੀ ਉਸਾਰੀ ਵੱਲ ਅੱਗੇ ਵਧਦਿਆਂ ਪੇਂਡੂ ਵਿਕਾਸ ਅਤੇ ਪੰਚਾਇਤੀ ਰਾਜ ਵਿਭਾਗ ਦੇ ਅਧਿਕਾਰੀਆਂ ਨੇ ਬੁੱਧਵਾਰ ਨੂੰ ਕਮਿਸ਼ਨ ਦੇ ਚੇਅਰਮੈਨ ਨੂੰ ਇਸ ਨਾਲ ਸਬੰਧਤ ਫਾਈਲ ਅਤੇ ਲੋੜੀਂਦੇ ਰਿਕਾਰਡ ਸੌਂਪੇ। ਪ੍ਰਸਤਾਵਿਤ ਇਮਾਰਤ ਦਾ ਨਾਮ 'ਆਯੋਗ ਭਵਨ' ਰੱਖਿਆ ਜਾਵੇਗਾ।

ਕੁਲਦੀਪ ਕੁਮਾਰ ਨੇ ਕਮਿਸ਼ਨ ਨੂੰ ਸਥਾਈ ਇਮਾਰਤ ਮੁਹੱਈਆ ਕਰਵਾਉਣ ਦੀ ਪਹਿਲਕਦਮੀ ਲਈ ਮੁੱਖ ਮੰਤਰੀ ਠਾਕੁਰ ਸੁਖਵਿੰਦਰ ਸਿੰਘ ਸੁੱਖੂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਮਾਰਤ ਬਣਨ ਨਾਲ ਕਮਿਸ਼ਨ ਨੂੰ ਊਨਾ ਵਿੱਚ ਆਪਣਾ ਸਥਾਈ ਦਫ਼ਤਰ ਮਿਲ ਜਾਵੇਗਾ। ਇਸ ਨਾਲ ਮੌਜੂਦਾ ਸਮੇਂ ਕਿਸੇ ਹੋਰ ਇਮਾਰਤ ਵਿੱਚ ਚੱਲ ਰਹੇ ਦਫ਼ਤਰ ਨੂੰ ਆਪਣੀ ਜਗ?ਹਾ ਮਿਲੇਗੀ ਅਤੇ ਕਮਿਸ਼ਨ ਦੇ ਕੰਮਕਾਜ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਿੱਚ ਸਹੂਲਤ ਹੋਵੇਗੀ।

ਉਨ੍ਹਾਂ ਕਿਹਾ ਕਿ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਅਨੁਸੂਚਿਤ ਜਾਤੀ ਭਾਈਚਾਰੇ ਦੇ ਲੋਕਾਂ ਦੀਆਂ ਸਮੱਸਿਆਵਾਂ ਸਰਕਾਰ ਦੇ ਸਾਹਮਣੇ ਉਠਾਉਣ ਅਤੇ ਉਨ੍ਹਾਂ ਦੇ ਹੱਲ ਲਈ ਕੰਮ ਕਰਦਾ ਹੈ। ਸਥਾਈ ਇਮਾਰਤ ਮਿਲਣ ਨਾਲ ਲੋਕਾਂ ਨੂੰ ਆਪਣੀਆਂ ਸਮੱਸਿਆਵਾਂ ਲੈ ਕੇ ਕਮਿਸ਼ਨ ਕੋਲ ਪਹੁੰਚਣ ਅਤੇ ਦਫ਼ਤਰੀ ਕੰਮਕਾਜ ਕਰਵਾਉਣ ਵਿੱਚ ਸਹੂਲਤ ਹੋਵੇਗੀ। ਸੂਬਾ ਸਰਕਾਰ ਵਾਂਝੇ ਅਤੇ ਲੋੜਵੰਦ ਵਰਗਾਂ ਦੀ ਭਲਾਈ ਅਤੇ ਉਨ੍ਹਾਂ ਨੂੰ ਵਿਕਾਸ ਦੀ ਮੁੱਖ ਧਾਰਾ ਨਾਲ ਜੋੜਨ ਲਈ ਵਚਨਬੱਧ ਹੈ।

ਇਸ ਮੌਕੇ ਕਮਿਸ਼ਨ ਦੇ ਮੈਂਬਰ ਅਤੇ ਵਕੀਲ ਡਾ. ਵਿਜੇ ਡੋਗਰਾ, ਮੈਂਬਰ ਅਤੇ ਵਕੀਲ ਸ਼ਾਲਿਨੀ ਜਮਵਾਲ, ਮੈਂਬਰ ਸਕੱਤਰ ਵਿਸ਼ਰੁਤ ਭਾਰਤੀ, ਪੇਂਡੂ ਵਿਕਾਸ ਅਤੇ ਪੰਚਾਇਤੀ ਰਾਜ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਰਾਜੇਸ਼ ਰਾਣਾ, ਆਰਕੀਟੈਕਟ ਰਾਜੇਂਦਰ ਕੁਮਾਰ ਸਮੇਤ ਹੋਰ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।

# ਸਿਰਜਣਾ ਕੇਂਦਰ ਵੱਲੋਂ ਲਾਡੀ ਲਾਹੌਰੀ ਦੀ ਨਵੀਂ ਪੁਸਤਕ ਦਾ ਲੋਕ ਅਰਪਣ ਸਮਾਗਮ 18 ਨੂੰ : ਕੰਵਰ ਇਕਬਾਲ ਸਿੰਘ, ਸ਼ਹਿਬਾਜ਼ ਖ਼ਾਨ

ਪੈਗਾਮ-ਏ-ਜਗਤ
ਕਪੂਰਥਲਾ, (ਜੱਸਪ੍ਰੀਤ ਸਿੰਘ "ਧਿੰਜਣ )






ਕਪੂਰਥਲਾ ਜ਼ਿਲ੍ਹੇ ਦੇ ਉੱਘੇ ਕਲਮਕਾਰ ਲਾਡੀ ਲਾਹੌਰੀ ਦਾ ਦੂਸਰੇ ਕਾਵਿ-ਸੰਗ੍ਰਹਿ ਸਿੱਪੀ ਦੇ ਮੋਤੀ ਦਾ ਲੋਕ ਅਰਪਣ ਸਮਾਗਮ ਜ਼ਿਲ੍ਹੇ ਦੀ ਸਿਰਮੌਰ ਸਾਹਿਤਕ ਸੰਸਥਾ ਸਿਰਜਣਾ ਕੇਂਦਰ (ਰਜਿ.) ਦੁਆਰਾ ਕੀਤਾ ਜਾਵੇਗਾ। ਇਹ ਜਾਣਕਾਰੀ ਕੇਂਦਰ ਦੇ ਪ੍ਰਧਾਨ ਕੌਮਾਂਤਰੀ ਸ਼ਾਇਰ ਕੰਵਰ ਇਕਬਾਲ ਸਿੰਘ ਅਤੇ ਜਨਰਲ ਸਕੱਤਰ ਸ਼ਹਿਬਾਜ਼ ਖ਼ਾਨ ਨੇ ਦਿੱਤੀ। ਉਨ੍ਹਾ ਦੱਸਿਆ ਕਿ ਸਭਾ ਦੁਆਰਾ 18 ਅਕਤੂਬਰ 2026 ਦਿਨ ਐਤਵਾਰ ਨੂੰ ਸਵੇਰੇ 10 ਵਜੇ ਵਿਰਸਾ ਵਿਹਾਰ ਵਿਖੇ ਸਥਿੱਤ ਕੇਂਦਰ ਦੇ ਦਫ਼ਤਰ ਵਿੱਚ ਇਹ ਸਮਾਗਮ ਰੱਖਿਆ ਗਿਆ ਹੈ ਜਿਸ ਵਿੱਚ ਬਤੌਰ ਮੁੱਖ ਮਹਿਮਾਨ ਪ੍ਰੋ. ਕੁਲਵੰਤ ਸਿੰਘ ਔਜਲਾ ਅਤੇ ਬਤੌਰ ਵਿਸ਼ੇਸ਼ ਮਹਿਮਾਨ ਸੁਰਜੀਤ ਸਾਜਨ ਤੇ ਰੌਸ਼ਨ ਖੈੜਾ ਸ਼ਿਰਕਤ ਕਰਨਗੇ। ਜ਼ਿਕਰਯੋਗ ਹੈ ਕਿ ਸਿਰਜਣਾ ਕੇਂਦਰ ਪਿਛਲੇ ਲੰਬੇ ਸਮੇਂ ਤੋਂ ਆਪਣੀਆਂ ਸਾਹਿਤਕ ਅਤੇ ਸਿਰਜਣਾਤਮਕ ਗਤੀਵਿਧੀਆਂ ਕਰਦਾ ਆ ਰਿਹਾ ਹੈ। ਇਹ ਜਾਣਕਾਰੀ ਦੇਣ ਮੌਕੇ ਕੇਂਦਰ ਪ੍ਰਧਾਨ ਅਤੇ ਜਨਰਲ ਸਕੱਤਰ ਦੇ ਨਾਲ ਆਸ਼ੂ ਕੁਮਰਾ ਸੀਨੀਅਰ ਮੀਤ ਪ੍ਰਧਾਨ, ਮਲਕੀਤ ਸਿੰਘ ਮੀਤ ਮੀਤ ਪ੍ਰਧਾਨ, ਸਲਾਹਕਾਰ ਕਮੇਟੀ ਵਿੱਚੋਂ ਅਵਤਾਰ ਸਿੰਘ ਭੰਡਾਲ, ਅਵਤਾਰ ਸਿੰਘ ਗਿੱਲ ਅਤੇ ਡਾ. ਸੁਰਿੰਦਰਪਾਲ ਸਿੰਘ ਹਾਜ਼ਰ ਸਨ।

## ਸ.ਫ਼ਾ 1 ਦਾ ਬਾਕੀ...

**ਮੁਲਜ਼ਮ ਦੇ ਘਰ ...**

ਬੰਦ ਰਿਹਾ ਸੀ ਤੇ ਅੱਜ ਵੀ ਸ਼ਹਿਰ 'ਚ ਬੰਦ ਦਾ ਅਸਰ ਦੇਖਣ ਨੂੰ ਮਿਲ ਰਿਹਾ ਹੈ। ਸਮਾਜਿਕ ਕਾਰਕੁਨਾਂ, ਝੋਟਾ ਦੇ ਪਰਿਵਾਰ ਤੇ ਆਮ ਲੋਕਾਂ ਵੱਲੋਂ ਭਲਕੇ ਪੰਜਾਬ ਬੰਦ ਦੀ ਕਾਲ ਵੀ ਦਿੱਤੀ ਗਈ ਹੈ। ਇਸ ਮਾਮਲੇ ਨੂੰ ਲੈ ਕੇ ਸਿਆਸੀ ਪਾਰਟੀਆਂ ਵੀ ਪਰਿਵਾਰ ਦੇ ਹੱਕ 'ਚ ਸਾਹਮਣੇ ਆ ਰਹੀਆਂ ਹਨ। ਅੱਜ ਲੁਧਿਆਣਾ ਤੋਂ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪਰਵਿੰਦਰ ਸਿੰਘ ਝੋਟਾ ਦੇ ਪਰਿਵਾਰ ਨਾਲ ਮੁਲਾਕਾਤ ਕੀਤੀ ਤੇ ਉਨ੍ਹਾਂ ਨਾਲ ਦੁੱਖ ਸਾਂਝਾ ਕੀਤਾ। ਇਸ ਤੋਂ ਪਹਿਲਾਂ ਬੀਤੇ ਦਿਨ ਵਿਧਾਇਕ ਸੁਖਪਾਲ ਸਿੰਘ ਖਹਿਰਾ ਵੀ ਮਾਨਸਾ ਪਹੁੰਚ ਕੇ ਪਰਿਵਾਰ ਨੂੰ ਮਿਲੇ ਸਨ। ਇਸ ਦੌਰਾਨ ਮਾਨਸਾ ਪ੍ਰਸ਼ਾਸਨ ਵੱਲੋਂ ਝੋਟਾ ਦੇ ਗੋਲੀਆਂ ਚਲਾਉਣ ਵਾਲੇ ਮੁਲਜ਼ਮ ਅਸ਼ਵਨੀ ਕੁਮਾਰ ਦੇ ਘਰ ਤੇ ਬੁਲਡੋਜ਼ਰ ਚਲਾਉਣ ਦੀ ਕਾਰਵਾਈ ਕੀਤੀ ਜਾ ਰਹੀ ਹੈ। ਇਸ ਕਾਰਵਾਈ ਨੂੰ ਨਸ਼ਿਆਂ ਤੇ ਅਪਰਾਧ ਖ਼?ਲਾਫ਼ ਸਰਕਾਰ ਦੀ ਮੁਹਿੰਮ ਦੇ ਹਿੱਸੇ ਵਜੋਂ ਦੇਖਿਆ ਜਾ ਰਿਹਾ ਹੈ। ਇਸ ਮਾਮਲੇ ਨੂੰ ਲੈ ਕੇ ਸਿਆਸਤ ਵੀ ਤੇਜ਼ ਹੋ ਗਈ ਹੈ।

**ਨਾ ਕਿਸੇ ...**

ਦੇ ਪਰਿਵਾਰ ਨਾਲ ਹਮਦਰਦੀ ਜ਼ਾਹਿਰ ਕਰਦਿਆਂ ਕਿਹਾ ਕਿ ਇੱਕ ਜਵਾਨ ਪੁੱਤ ਦੇ ਚਲੇ ਜਾਣ ਦਾ ਬਹੁਤ ਦੁੱਖ ਹੈ ਅਤੇ ਅਜਿਹੀ ਘਟਨਾ ਵਾਪਰਨੀ ਨਹੀਂ ਚਾਹੀਦੀ ਸੀ। ਮੁੱਖ ਮੰਤਰੀ ਨੇ ਕਿਹਾ ਕਿ ਇਸ ਹੱਤਿਆ ਦੇ ਮੁੱਖ ਮੁਲਜ਼ਮ ਨੂੰ ਕਾਬੂ ਕਰ ਲਿਆ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ 'ਆਪ' ਸਰਕਾਰ ਦੀ ਨਸ਼ਿਆਂ ਖ਼?ਲਾਫ਼ ਜ਼ੀਰੋ ਟੋਲਰੈਂਸ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕਿਸੇ ਦੀ ਪੁਸ਼ਤਪਨਾਹੀ ਨਹੀਂ ਕਰਦੀ ਹੈ ਅਤੇ ਨਾ ਹੀ ਕਦੇ ਕੀਤੀ ਹੈ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਅਮਨ-ਸ਼ਾਂਤੀ ਬਣਾ ਕੇ ਰੱਖਣ ਦੀ ਅਪੀਲ ਕਰਦਿਆਂ ਇਹ ਵੀ ਕਿਹਾ ਕਿ ਪੰਜਾਬ ਦੇ ਲੋਕ ਉਨ੍ਹਾਂ 'ਤੇ ਭਰੋਸਾ ਕਰਨ ਅਤੇ ਕਿਸੇ ਤਰ੍ਹਾਂ ਦੀਆਂ ਅਫ਼ਵਾਹਾਂ 'ਤੇ ਯਕੀਨ ਨਾ ਕਰਨ।

**ਅੱਜ ਪੰਜਾਬ..**

ਵਿੱਚ ਛੁੱਟੀ ਦਾ ਐਲਾਨ ਕੀਤਾ ਸੀ। ਹੁਣ ਪਰਵਿੰਦਰ ਸਿੰਘ ਝੋਟਾ ਦੇ ਪਰਿਵਾਰ ਨੇ 15 ਅਕਤੂਬਰ (ਕੱਲ੍ਹ) ਨੂੰ ਪੰਜਾਬ ਬੰਦ ਦਾ ਸੱਦਾ ਦਿੱਤਾ ਹੈ। ਇਸ ਸੱਦੇ ਨੂੰ ਲੈ ਕੇ ਲੋਕਾਂ ਵਿੱਚ ਉਲਝਣ ਹੈ। ਇਸ ਦੌਰਾਨ ਕੀ-ਕੀ ਖੁੱਲ੍ਹਾ ਰਹੇਗਾ ਅਤੇ ਕੀ-ਕੀ ਬੰਦ ਰਹੇਗਾ? ਸਕੂਲ-ਕਾਲਜ ਖੁੱਲ੍ਹਣਗੇ ਜਾਂ ਬੰਦ ਰਹਿਣਗੇ।

**ਤਰਨਤਾਰਨ...**

ਪੁਲਿਸ ਜਾਂਚ ਕਰ ਰਹੀ ਹੈ ਕਿ ਉਕਤ ਵਿਅਕਤੀ ਨੇ ਹੈਰੋਇਨ ਕਿੱਥੋਂ ਚੁੱਕੀ ਤੇ ਕਿੱਥੇ ਪਹੁੰਚਾਉਣੀ ਸੀ। ਦੱਸ ਦਈਏ ਕਿ ਇਕ ਪਾਸੇ ਨਸ਼ੇ ਨੂੰ ਲੈ ਕੇ ਪੰਜਾਬ ਵਿਚ ਸਿਆਸਤੀ ਪੂਰੀ ਤਰ੍ਹਾਂ ਭਖੀ ਹੋਈ ਹੈ। ਉੱਪਰੋਂ ਪੁਲਿਸ ਕਰਮਚਾਰੀ ਕੋਲੋਂ ਹੈਰੋਇਨ ਦੀ ਬਰਾਮਦਗੀ ਨੇ ਨਵੇਂ ਸਵਾਲ ਖੜ੍ਹੇ ਕਰ ਦਿੱਤੇ ਹਨ। ਇਹ ਮਾਮਲਾ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਪੁਲਿਸ ਵਿਭਾਗ ਦੇ ਅੰਦਰ ਵਿਅਕਤੀ ਸਰਹੱਦ ਪਾਰ ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਸੁਵਿਧਾ ਪ੍ਰਦਾਨ ਕਰ ਰਹੇ ਹਨ।

**ਬਿਹਾਰ ਦੇ...**

ਉਨ੍ਹਾਂ ਨੇ ਇਸ ਹਾਦਸੇ ਨੂੰ ਬੇਹੱਦ ਦੁਖਦਾਈ ਕਰਾਰ ਦਿੱਤਾ। ਪ੍ਰਧਾਨ ਮੰਤਰੀ ਨੇ ਹਾਦਸੇ ਵਿੱਚ ਮਾਰੇ ਗਏ ਹਰੇਕ ਵਿਅਕਤੀ ਦੇ ਵਾਰਸਾਂ ਨੂੰ ਦੋ ਲੱਖ ਰੁਪਏ ਦੀ ਐਕਸ-ਗ੍ਰੇਸ਼ੀਆ ਰਾਸ਼ੀ ਦੇਣ ਦਾ ਐਲਾਨ ਕੀਤਾ ਹੈ। ਇਸ ਤੋਂ ਇਲਾਵਾ ਹਾਦਸੇ ਵਿੱਚ ਜ਼ਖ਼ਮੀ ਹੋਏ ਹਰੇਕ ਵਿਅਕਤੀ ਨੂੰ 50 ਹਜ਼ਾਰ ਰੁਪਏ ਦੀ ਸਹਾਇਤਾ ਦਿੱਤੀ ਜਾਵੇਗੀ। ਜ਼ਿਕਰਯੋਗ ਹੈ ਕਿ ਬਿਹਾਰ ਦੇ ਵੈਸ਼ਾਲੀ ਜ਼ਿਲ੍ਹੇ ਵਿੱਚ ਮੰਗਲਵਾਰ ਸ਼ਾਮ ਗੰਗਾ ਦਰਿਆ ਵਿੱਚ ਕਿਸ਼ਤੀ ਪਲਟ ਗਈ ਸੀ।

ਮੁੱਢਲੀਆਂ ਰਿਪੋਰਟਾਂ ਅਨੁਸਾਰ ਕਿਸ਼ਤੀ ਵਿੱਚ ਕਰੀਬ 20 ਨੌਜਵਾਨ ਅਤੇ ਬੱਚੇ ਸਵਾਰ ਸਨ। ਹਾਦਸੇ ਵਿੱਚ 13 ਜਣਿਆਂ ਦੀ ਮੌਤ ਹੋਣ ਦੀ ਖ਼ਬਰ ਹੈ। ਮ੍ਰਿਤਕਾਂ ਦੀ ਉਮਰ 6 ਤੋਂ 18 ਸਾਲ ਵਿਚਕਾਰ ਦੱਸੀ ਗਈ ਹੈ। ਇਸ ਤੋਂ ਪਹਿਲਾਂ ਬਿਹਾਰ ਦੇ ਮੁੱਖ ਮੰਤਰੀ ਸਮਰਾਟ ਚੌਧਰੀ ਨੇ ਵੀ ਮ੍ਰਿਤਕਾਂ ਦੇ ਵਾਰਸਾਂ ਨੂੰ ਚਾਰ-ਚਾਰ ਲੱਖ ਰੁਪਏ ਦੇਣ ਦਾ ਐਲਾਨ ਕੀਤਾ ਸੀ।

**ਮੈਡ ਸੰਧੂ...**

ਉਰਫ਼ ਸੰਘਾ ਅਤੇ ਫਤਿਹ ਸਿੰਘ ਦੋਵੇਂ ਵਾਸੀ ਪਿੰਡ ਸੰਘੇ, ਤਰਨਤਾਰਨ—ਨੂੰ ਵੀ ਸੂਰਤ, ਗੁਜਰਾਤ ਤੋਂ ਟਰੇਸ ਕਰ ਕੇ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਮਾਮਲੇ ਵਿੱਚ ਹੁਣ ਤੱਕ ਇੱਕ ਸ਼ੂਟਰ ਸਮੇਤ ਕੁੱਲ 11 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਇਹ ਸਪੱਸ਼ਟ ਹੋਇਆ ਹੈ ਕਿ ਮੁਲਜ਼ਮ ਜੋਬਨਪ੍ਰੀਤ ਸਿੰਘ ਨੇ ਵਿਦੇਸ਼ ਵਿੱਚ ਬੈਠੇ ਹੈਂਡਲਰਾਂ ਦੇ ਇਸ਼ਾਰੇ 'ਤੇ ਸ਼ੂਟਰਾਂ ਲਈ ਹਥਿਆਰਾਂ ਦਾ ਪ੍ਰਬੰਧ ਕਰਨ, ਵਿੱਤੀ ਸਹਾਇਤਾ ਦੇਣ ਅਤੇ ਲੌਜਿਸਟਿਕ ਸਹਾਇਤਾ ਮੁਹੱਈਆ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਡੀ.ਜੀ.ਪੀ. ਨੇ ਅੱਗੇ ਦੱਸਿਆ ਕਿ ਪੁੱਛਗਿੱਛ ਦੌਰਾਨ ਮੁਲਜ਼ਮ ਜੋਬਨਪ੍ਰੀਤ ਨੇ ਤਰਨ ਤਾਰਨ ਜ਼ਿਲ੍ਹੇ ਵਿੱਚ ਫਿਰੌਤੀ ਨਾਲ ਸਬੰਧਤ ਗੋਲੀਬਾਰੀ ਦੀਆਂ ਤਿੰਨ ਵੱਖ-ਵੱਖ ਘਟਨਾਵਾਂ ਵਿੱਚ ਆਪਣੀ ਸ਼ਮੂਲੀਅਤ ਦਾ ਜੁਰਮ ਕਬੂਲਿਆ ਹੈ।

**ਜਰਮਨੀ...**

ਅਤੇ 27 ਸਾਲ ਦੀਆਂ ਦੋ ਔਰਤਾਂ ਅਤੇ 26 ਸਾਲਾ ਇੱਕ ਨੌਜਵਾਨ ਸ਼ਾਮਲ ਹੈ ਅਤੇ ਇਹ ਤਿੰਨੇ ਭਾਰਤੀ ਨਾਗਰਿਕ ਸਨ। ਰਿਪੋਰਟ ਵਿੱਚ ਦੱਸਿਆ ਗਿਆ ਹੈ।

**ਪਠਾਨਕੋਟ...**

ਵਿਸ਼ਾਲ ਨੈੱਟਵਰਕ ਦੀਆਂ ਕੜੀਆਂ ਜੋੜਨ, ਵਿੱਤੀ ਲੈਣ-ਦੇਣ ਦੀ ਜਾਂਚ ਕਰਨ ਅਤੇ ਇਸ ਵਿੱਚ ਸ਼ਾਮਲ ਹੋਰ ਵਿਅਕਤੀਆਂ ਦੀ ਪਛਾਣ ਕਰਨ ਲਈ ਡਿਜੀਟਲ ਅਤੇ ਤਕਨੀਕੀ ਵਿਸ਼ਲੇਸ਼ਣ ਸਮੇਤ ਅਗਲੇਰੀ ਜਾਂਚ ਜਾਰੀ ਹੈ। ਪੰਜਾਬ ਪੁਲਿਸ ਨਸ਼ਾ ਤਸਕਰੀ ਦੇ ਨੈੱਟਵਰਕਾਂ ਨੂੰ ਨਸ਼ਟ ਕਰਨ ਅਤੇ ਇੱਕ ਨਸ਼ਾ-ਮੁਕਤ ਪੰਜਾਬ ਸਿਰਜਣ ਦੇ ਆਪਣੇ ਮਿਸ਼ਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

**ਸੀਬੀਆਈ...**

ਦਾ ਫ਼ੈਸਲਾ 18 ਸਤੰਬਰ ਨੂੰ ਸੁਣਾਇਆ ਗਿਆ। ਪਟੀਸ਼ਨ ਵਿਚ ਗ਼ੈਰ-ਕਾਨੂੰਨੀ ਖਣਨ ਬਾਰੇ ਪੇਸ਼ ਕੀਤੇ ਸਬੂਤਾਂ ਨੂੰ ਜਾਂਚਣ ਤੋਂ ਬਾਅਦ ਅਦਾਲਤ ਨੇ ਪਿਛਲੇ ਮਹੀਨੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੂੰ ਹੁਸ਼ਿਆਰਪੁਰ ਨਾਲ ਸਬੰਧਤ ਥਾਵਾਂ ਦਾ ਨਿਰੀਖਣ ਕਰ ਕੇ ਹਫ਼ਤੇ ਅੰਦਰ ਰਿਪੋਰਟ ਸੌਂਪਣ ਦੇ ਨਿਰਦੇਸ਼ ਦਿੱਤੇ ਸਨ।

# ਟ੍ਰੇਨਿੰਗ ਸੰਬੰਧੀ ਯੂਨੀਵਰਸਿਟੀ ਦੇ ਰਜਿਸਟਰਾਰ ਨਾਲ ਹੋਵੇਗੀ ਮੀਟਿੰਗ: ਜਿਲਾ ਪ੍ਰਧਾਨ ਡਾ ਬਲਜੀਤ ਸਨੇਟਾ

ਪੈਗਾਮ-ਏ-ਜਗਤ/ਖਰੜ/(ਦਵਿੰਦਰ ਕੌਰ)


ਡਾ. ਬਲਜੀਤ ਸਨੇਟਾ

*ਸੰਘਰਸ਼ ਕਰਦੇ ਲੋਕਾਂ ਨੇ ਆਖ਼ਰ ਜਿੱਤਣਾ ਹੀ ਹੁੰਦਾ ਹੈ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ 295 ਦੇ ਜਨਮਦਾਤਾ ਤੇ ਸੂਬਾ ਪ੍ਰਧਾਨ ਡਾ ਰਮੇਸ਼ ਕੁਮਾਰ ਬਾਲੀ ਦੀ ਅਗਵਾਈ ਚ 30 ਸਾਲਾਂ ਤੋਂ ਜੁਝਾਰੂ ਡਾਕਟਰਾਂ ਦੇ ਸੰਘਰਸ਼ਾਂ ਅੱਗੇ ਸਰਕਾਰ ਨੂੰ ਗੋਡੇ ਉਦੋਂ ਟੇਕਣੇ ਪਏ ਜਦੋਂ ਸੂਬਾ ਪ੍ਰਧਾਨ ਡਾ. ਰਮੇਸ਼ ਕੁਮਾਰ ਬਾਲੀ ਦੀ ਅਗਵਾਈ ਵਿੱਚ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਕੋਠੀ ਦੇ ਘਿਰਾਓ ਕੀਤੇ ਗਏ ਤੇ ਪਹਿਲਾਂ ਵਿਧਾਨ ਸਭਾ ਦੇ ਘਿਰਾਓ ਕੀਤੇ ਗਏ। ਡਾ. ਬਲਜੀਤ ਸਨੇਟਾ ਜ਼ਿਲਾ ਆਗੂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਟ੍ਰੇਨਿੰਗ ਸੰਬੰਧੀ ਫਾਰਮ ਜਮਾਂ ਕਰਵਾਉਣ ਲਈ ਸਿਵਲ ਸਰਜਨਾਂ ਨੂੰ ਲਿਖਤੀ ਹੁਕਮ ਜਾਰੀ ਕਰਨੇ ਤੇ ਐਸ ਐਮ ਓ ਦੁਆਰਾ ਹੁਕਮਾਂ ਨੂੰ ਮੰਨ ਕੇ ਫਾਰਮ ਜਮਾਂ ਕਰਵਾਏ ਜਾਣਾ ਇੱਕ ਬਹੁਤ ਵੱਡੀ ਜਿੱਤ ਹੈ। ਡਾ. ਬਲਜੀਤ ਸਨੇਟਾ ਨੇ ਕਿਹਾ ਟ੍ਰੇਨਿੰਗ ਨੂੰ ਜਲਦੀ ਸ਼ੁਰੂ ਕਰਨ ਲਈ ਰਜਿਸਟਰਾਰ ਡਾ. ਸੰਜੀਵ ਗੋਇਲ ਸ੍ਰੀ ਗੁਰੂ ਰਵਿਦਾਸ ਯੂਨੀਵਰਸਿਟੀ ਦੇ ਨਾਲ ਮੀਟਿੰਗ ਕੀਤੀ ਜਾ ਰਹੀ ਹੈ।*

## .ਗ਼ਜ਼ਲ



ਕਵਿਤਾ/ਜਾਤ
ਮਾਣ ਹੈ ਸਾਨੂੰ
ਬ੍ਰਾਹਮਣ ਸਮਾਜ ਨੂੰ
ਚੰਦਰ ਸ਼ੇਖਰ 'ਆਜ਼ਾਦ' ਉੱਤੇ
ਕਿਉਂਜੋ ਅਸਲੋਂ ਉਹ
ਤਿਵਾੜੀ ਸੀ
ਚੰਦਰ ਸ਼ੇਖਰ ਤਿਵਾੜੀ
ਇਕ ਬ੍ਰਾਹਮਣ
ਦੇਸ ਲਈ ਜੋ
ਹੋਇਆ ਕੁਰਬਾਨ
ਹੈ ਗੌਰਵ
ਬ੍ਰਾਹਮਣ ਸਮਾਜ ਦਾ।
ਪਰ ਭੁੱਲ ਗਏ?
ਉਸ ਗ਼ੱਦਾਰ ਨੂੰ?
ਵੀਰ ਭੱਦਰ ਨੂੰ
ਜਿਸ ਕੀਤੀ ਸੀ ਮੁਖ਼ਬਰੀ
ਜਾ ਦੱਸਿਆ ਸੀ ਗੋਰਿਆਂ
ਚੰਦਰ ਸ਼ੇਖਰ ਆਜ਼ਾਦ ਦੇ
ਅਲਫਰੈਡ ਪਾਰਕ 'ਚ
ਹੋਣ ਬਾਰੇ
ਘੇਰ ਜਿੱਥੇ ਆਜ਼ਾਦ
ਨੂੰ
ਕੀਤਾ ਸੀ ਸ਼ਹੀਦ।
ਉਹ ਵੀਰ ਭੱਦਰ ਵੀ
ਤਿਵਾੜੀ ਸੀ
ਵੀਰ ਭੱਦਰ ਤਿਵਾੜੀ
ਬ੍ਰਾਹਮਣ ਸਮਾਜ ਦਾ ਹੀ ਅੰਗ।
ਅਜ਼ਾਦ ਤੇ ਵੀਰ ਭੱਦਰ
ਦੋਵੇਂ ਹੀ ਸਨ
ਬ੍ਰਾਹਮਣ ਸਮਾਜ ਦੇ ਅੰਗ
ਪਰ ਦੋਵਾਂ ਦੀ
ਕੀ ਸੀ ਜਾਤ?
ਇਕ ਸ਼ਹੀਦ
ਇਕ ਗ਼ੱਦਾਰ ਬੱਸ। -ਰੰਜੀਵਨ ਸਿੰਘ

## .ਗ਼ਜ਼ਲ



ਭਾਰਤ ਦੀ ਪਹਿਚਾਣ ਬਣਾਉਂਦੀ ਹੈ ਸਾੜ੍ਹੀ,
ਨਾਰੀ ਨੂੰ ਧਨਵਾਨ ਬਣਾਉਂਦੀ ਹੈ ਸਾੜ੍ਹੀ।
ਰਾਧਾ ਕ੍ਰਿਸ਼ਨ ਸਰੂਪ ਸੁਸ਼ੋਭਿਤ ਮੰਦਿਰ ਵਿਚ,
ਦਰਸ਼ਨ ਨੂੰ ਭਗਵਾਨ ਬਣਾਉਂਦੀ ਹੈ ਸਾੜ੍ਹੀ।
ਕ੍ਰਿਸ਼ਨ ਕਰੇ ਰੱਖਿਆ ਲਾਚਾਰ ਦਰੌਪਦੀ ਦੀ,
ਜੀਵਨ ਨੂੰ ਕੁਰਬਾਨ ਬਣਾਉਂਦੀ ਹੈ ਸਾੜ੍ਹੀ।
ਅਹੱਲਿਆ ਦੇ ਜੀਵਨ ਦੀ ਅਜ਼ਬ ਕਹਾਣੀ ਹੈ,
ਚਰਿਤਰ ਦਾ ਨਿਰਮਾਣ ਬਣਾਉਂਦੀ ਹੈ ਸਾੜ੍ਹੀ।
ਦੈਹਿਕਤਾ ਦਾ ਰੂਪ ਵਿਕੇ ਜਦ ਭੂਮੀਗਤ,
ਕਦਰਾਂ ਨੂੰ ਸ਼ੈਤਾਨ ਬਣਾਉਂਦੀ ਹੈ ਸਾੜ੍ਹੀ।
ਸੁੰਦਰਤਾ ਜਦ ਚੰਚਲਤਾ ਵਿਚ ਢਲ ਜਾਵੇ,
ਮੁਰਦੇ ਵਿਚ ਵੀ ਜਾਨ ਬਣਾਉਂਦੀ ਹੈ ਸਾੜ੍ਹੀ।
ਅਭਿਵਾਦਨ ਦੀ ਮੁਦਰਾ ਵਿਚ ਅਭਿਨੰਦਨ ਹੈ,
ਮਹਫ਼ਿਲ ਨੂੰ ਮੇਹਮਾਨ ਬਣਾਉਂਦੀ ਹੈ ਸਾੜ੍ਹੀ।
ਜੰਨਤ ਦੀ ਪਰਿਭਾਸ਼ਾ ਇਸ ਨੂੰ ਕਹਿੰਦੇ ਹਨ,
ਕਿਰਪਾ ਨੂੰ ਪਰਵਾਨ ਬਣਾਉਂਦੀ ਹੈ ਸਾੜ੍ਹੀ।
ਭਸਮਾਸੁਰ ਜਦ ਕਾਮ ਕਰੋਧ ਹੰਕਾਰ ਕਰੇ,
ਸ਼ਿਵ ਸੁੰਦਰ ਵਰਦਾਨ ਬਣਾਉਂਦੀ ਹੈ ਸਾੜ੍ਹੀ।
ਦਕਸ਼ ਪ੍ਰਜਾਪਤੀ ਯਗ ਚੋਂ ਸ਼ਿਵ ਨੂੰ ਦੂਰ ਕਰੇ,
ਅਗਨੀ ਨੂੰ ਅਹਿਸਾਨ ਬਣਾਉਂਦੀ ਹੈ ਸਾੜ੍ਹੀ।
ਅੰਗਾਂ ਦੀ ਸੁੰਦਰ ਪਰਿਭਾਸ਼ਾ ਵਿਚ ਜੋਤ ਜਗੇ,
ਕੁਦਰਤ ਦੇ ਵਿਚ ਦਾਨ ਬਣਾਉਂਦੀ ਹੈ ਸਾੜ੍ਹੀ।
'ਬਾਲਮ' ਸ਼ਿਸ਼ਟਾਚਾਰ 'ਚ ਚੰਨ ਸਿਤਾਰੇ ਨੇ,
ਨਾਰੀਸ਼ਵਰ 'ਚ ਸ਼ਾਨ ਬਣਾਉਂਦੀ ਹੈ ਸਾੜ੍ਹੀ।

-ਬਲਵਿੰਦਰ ਬਾਲਮ ਗੁਰਦਾਸਪੁਰ,
ਓਂਕਾਰ ਨਗਰ ਗੁਰਦਾਸਪੁਰ ਪੰਜਾਬ, ਐਡਮਿੰਟਨ ਕਨੇਡਾ

## .ਗ਼ਜ਼ਲ



ਗਿਰਗਿਟ ਵਾਂਗੂੰ ਰੰਗ ਬਦਲਦੇ ਨੇਤਾ ਜੀ।
ਸ਼ਾਮ ਸਵੇਰੇ ਸੰਗ ਬਦਲਦੇ ਨੇਤਾ ਜੀ।
ਪੈਸਾ ਵੇਖ ਤਮਾਸ਼ਾ ਕਰਦੇ ਇੱਜਤ ਦਾ,
ਚਾੜ ਮਖੌਟਾ ਢੰਗ ਬਦਲਦੇ ਨੇਤਾ ਜੀ।
ਲੋਕਾਂ ਖਾਤਰ ਲੜਨਾ ਕੀ ਡਰਪੋਕਾਂ ਨੇ ,
ਅਪਨੀ ਖਾਤਰ ਜੰਗ ਬਦਲਦੇ ਨੇਤਾ ਜੀ।
ਚਲਦੇ ਕੰਮਾਂ ਵਿੱਚ ਅੜਾਵੇ ਜੋ ਅਪਨੀ ,
ਟੁਟ ਜਾਵੇ ਤਾਂ ਟੰਗ ਬਦਲਦੇ ਨੇਤਾ ਜੀ।
ਅਪਨੇ ਘਰ ਦੇ ਡਾਕਟਰ ਚੰਗੇ ਲਗਦੇ ਨਾ ,
ਜਾ ਅਮਰੀਕਾ ਅੰਗ ਬਦਲਦੇ ਨੇਤਾ ਜੀ।
ਅਨਪੜ੍ਹ ਹੋ ਕੇ ਵੀ ਖਹਿੰਦੇ ਵਿਦਵਾਨਾ ਨਾਲ ,
ਅਪਨੀ ਸੋਚ ਨਾ ਤੰਗ ਬਦਲਦੇ ਨੇਤਾ ਜੀ।
ਮਾਲਾਮਾਲ ਘੁਟਾਲੇ ਕਰ ਕੇ ਹੋ ਜਾਂਦੇ ,
ਪਤਨੀ ਦੀ ਨਿੱਤ ਵੰਗ ਬਦਲਦੇ ਨੇਤਾ ਜੀ।
ਇਕ ਨੰਬਰ ਦੇ ਝੂਠੇ ਜੁਮਲੇ ਛੱਡਦੇ ਨੇ ,
ਭਾਸ਼ਣ ਦਾ ਪ੍ਰਸੰਗ ਬਦਲਦੇ ਨੇਤਾ ਜੀ।
ਏਧਰ ਦੇ ਨਾ ਓਧਰ ਦੇ ਰਹਿਣਾ ਹੈ 'ਰਾਜ਼' ,
ਲਾਲਚ ਕਰ ਸਤਸੰਗ ਬਦਲਦੇ ਨੇਤਾ ਜੀ।

-ਰਾਜ਼ ਗੁਰਦਾਸਪੁਰੀ

## .ਗ਼ਜ਼ਲ

ਮਾਨਵਤਾ ਵਿੱਚ ਐਸੀ ਉਰਜਾ ਭਰਦਾ ਹੈ ਅਧਿਆਪਕ,
ਸੂਰਜ ਚੰਨ ਸਿਤਾਰੇ ਪੈਦਾ ਕਰਦਾ ਹੈ ਅਧਿਆਪਕ।
ਉਮੀਦਾਂ ਨੂੰ ਇੱਕ ਬੁਲੰਦੀ ਤਕ ਪਹੁੰਚਾਉਂਦਾ ਹੈ,
ਖੁਦ ਉਹ ਭਾਵੇਂ ਅੱਗ ਦਾ ਸਾਗਰ ਤਰਦਾ ਹੈ ਅਧਿਆਪਕ।
ਖ਼ੁਸ਼ਹਾਲੀ ਹਰਿਆਲੀ ਇੱਕ ਸੰਦੇਸ਼ਾਂ ਦਿੰਦੀ ਹੈ,
ਬੱਦਲਾਂ ਵਾਗੂੰ ਧਰਤੀ ਉਪਰ ਵਰ੍ਹਦਾ ਹੈ ਅਧਿਆਪਕ।
ਅਨੁਯਾਈ ਦੇ ਹਿੱਤਾਂ ਦੀ ਰਖਵਾਲੀ ਏਦਾਂ ਕਰਦਾ,
ਜੀ ਕੇ ਮਰਦਾ, ਮਰਕੇ ਜੀ ਕੇ ਮਰਦਾ ਹੈ ਅਧਿਆਪਕ।
ਬੋਹੜ ਦੇ ਰੁੱਖ ਦੇ ਵਾਗੂੰ ਅਪਣੀਂ ਰਖਦਾ ਹੈ ਮਰਿਆਦਾ,
ਧੁੱਪਾਂ ਛਾਵਾਂ ਦਾ ਪਰਿਵਰਤਨ ਜਰਦਾ ਹੈ ਅਧਿਆਪਕ।
ਦਰਿਆਵਾਂ ਦੀ ਹੋਂਦ ਸਥਾਪਿਤ ਹੁੰਦੀ ਇਸ ਦੇ ਵਿਚੋਂ,
ਬਰਫ਼ਾਂ ਦੇ ਵਿਚ ਪਰਬਤ ਵਾਂਗੂੰ ਠਰਦਾ ਹੈ ਅਧਿਆਪਕ।
ਅਪਣੀਂ ਸਿਰਜਨਤਾ ਦੀ ਖ਼ੁਸ਼ਬੂ ਚਾਰ ਚੁਫ਼ੇਰੇ ਵੰਡੇ,
ਨਾ ਕਿਸੇ ਤੋਂ ਜਿਤਦਾ ਹੀ ਹੈ, ਨਾ ਹਰਦਾ ਹੈ ਅਧਿਆਪਕ।
ਬਾਲਮ ਇਕ ਅਨੁਸ਼ਾਸਨ ਉਨਤੀ ਸੰਕਲਪ ਦਯਾ ਤੇ ਸੰਜਮ,
ਵਕਤ ਦੇ ਪੈਰਾਂ ਹੇਠ ਹਥੇਲੀ ਧਰਦਾ ਹੈ ਅਧਿਆਪਕ।

-ਬਲਵਿੰਦਰ ਬਾਲਮ ਗੁਰਦਾਸਪੁਰ
ਉਂਕਾਰ ਨਗਰ ਗੁਰਦਾਸਪੁਰ ਪੰਜਾਬ

## .ਗ਼ਜ਼ਲ

ਲੋਕ ਬੜੇ ਨੇ ਡਾਕੂ ਤੇਰੀ ਨਗਰੀ ਵਿੱਚ।
ਜੇਬ ਚ ਰਖਦੇ ਚਾਕੂ ਤੇਰੀ ਨਗਰੀ ਵਿੱਚ।
ਊੜਾ ਆੜਾ ਵੀ ਨਾ ਲਿਖਣਾ ਆਉਦਾ ਹੈ ,
ਲਗਦੇ ਲੋਕ ਪੜਾਕੂ ਤੇਰੀ ਨਗਰੀ ਵਿੱਚ।
ਗੱਲ ਗੱਲ ਉੱਤੇ ਗਲ ਨੂੰ ਪੈਂਦੇ ਵੇਖੇ ਹਨ ,
ਬੰਦੇ ਬਹੁਤ ਲੜਾਕੂ ਤੇਰੀ ਨਗਰੀ ਵਿੱਚ।
ਬੀੜੀ ਪੀਣ ਨਾ ਦਿੰਦੇ ਜਿਹੜੇ ਬਈਆਂ ਨੂੰ ,
ਛੁਪ ਕੇ ਪੀਣ ਤੰਬਾਕੂ ਤੇਰੀ ਨਗਰੀ ਵਿੱਚ।
ਆਪਸ ਵਿੱਚ ਭਿਆਲੀ ਪਾ ਕੇ ਲੁੱਟਦੇ ਸਭ ,
ਕੌਣ ਕਿਸੇ ਨੂੰ ਠਾਕੂ ਤੇਰੀ ਨਗਰੀ ਵਿੱਚ।
ਸਭਣਾ ਦੇ ਹੱਥਾਂ ਵਿਚ ਠੂਠਾ ਹੋਵੇਗਾ ,
ਕੌਣ ਕਿਸੇ ਵਲ ਝਾਕੂ ਤੇਰੀ ਨਗਰੀ ਵਿੱਚ।
'ਰਾਜ਼' ਫੜੇ ਨੇ ਚਾਕੂ ਛੋਟੇ ਬੱਚਿਆਂ ਨੇ,
ਘਰ-ਘਰ ਪਲਦੇ ਡਾਕੂ ਤੇਰੀ ਨਗਰੀ ਵਿੱਚ।

-ਰਾਜ਼ ਗੁਰਦਾਸਪੁਰੀ

## .ਗ਼ਜ਼ਲ



ਫੁੱਲਾਂ ਦੀ ਖੇਤੀ
ਜੇ ਖੇਤੀ ਕਰਨੀ ਮਾਹੀਆ ਤੈਂ,
ਤਾਂ ਖੇਤੀ ਕਰ ਲੈ ਫੁੱਲਾਂ ਦੀ।
ਮੁਫ਼ਤ ਵਿਚ ਖੁਸ਼ਬੂ ਮਿਲ ਜਾਵੇਗੀ,
ਫ਼ਸਲ ਹੋਊ ਵੱਡਿਆ ਮੁੱਲਾਂ ਦੀ।
ਫੁੱਲ ਕੁਦਰਤ ਦੇ ਰੰਗ ਨਿਆਰੇ ਨੇ,
ਸਭ ਦੇ ਆਪਣੇ-ਆਪਣੇ ਨਜ਼ਾਰੇ ਨੇ।
ਫੁੱਲ ਪੱਤੀਆਂ ਅਜਿਹੀਆਂ ਨਰਮ ਜਿਹੀਆਂ,
ਜਿਵੇਂ ਸਪਰਸ਼ ਹੋਵੇ ਕੋਈ ਬੁੱਲਾਂ ਦੀ।
ਜੇ ਖੇਤੀ ਕਰਨੀ ਮਾਹੀਆ ਤੈਂ...
ਹੁਣ ਖੇਤੀ ਦਾ ਨਵਾਂ ਜ਼ਮਾਨਾ ਏ,
ਫੁੱਲਾਂ ਲਈ ਬੜਾ ਖਜ਼ਾਨਾ ਏ।
ਵਿਗਿਆਨ ਵੀ ਹੁਣ ਆਖ ਰਹੀ,
ਭਿੰਨਤਾ ਹੋਵੇ ਨਵੇਂ ਅਸੂਲਾਂ ਦੀ
ਜੇ ਖੇਤੀ ਕਰਨੀ ਮਾਹੀਆ ਤੈਂ...
ਸਦੀਆਂ ਤੋਂ ਮਨੁੱਖ-ਕੁਦਰਤ ਦਾ ਯਾਰਾਨਾ ਏ
ਫੁੱਲ ਖ਼ੁਸ਼ੀਆਂ ਦੇਣ, ਬਹਾਨਾ ਏ,
ਢੰਗ ਨਵੇਂ ਅਪਨਾਓ ਖੇਤੀ ਦੇ,
ਛੱਡ ਦੌੜ ਮੁਸੀਤ ਤੱਕ ਮੁੱਲਾਂ ਦੀ
ਜੇ ਖੇਤੀ ਕਰਨੀ ਮਾਹੀਆ ਤੈਂ...
ਤਾਂ ਖੇਤੀ ਕਰ ਲੈ ਫੁੱਲਾਂ ਦੀ,
ਮੁਫਤ ਵਿਚ ਖੁਸ਼ਬੂ, ਮਿਲ ਜਾਏਗੀ
ਫਸਲ ਹੋਊ ਵੱਡਿਆਂ ਮੁੱਲਾਂ ਦੀ।

-ਬਹਾਦਰ ਸਿੰਘ ਗੋਸਲ,
ਮਕਾਨ ਨੰ: 3098 ਸੈਕਟਰ-37ਡੀ, ਚੰਡੀਗੜ੍ਹ।

## .ਗ਼ਜ਼ਲ

ਪਿੰਡ ਵਿੱਚ ਖਾਲੀ ਪਈਆਂ ਕੋਠੀਆਂ ਦੇਖ
ਮੇਰੇ ਮਨ ਵਿਚ ਕੁਝ ਕੁਝ ਹੋਈ ਜਾਂਦਾ ਨੀ,
ਦੱਸ ਕਿਹਨੂੰ ਦੱਸਾਂ?
ਪੰਜਾਬ ਹੁਣ ਕੀ ਕੀ ਖੋਈ ਜਾਂਦੀ ਨੀ,
ਦੱਸ ਕਿੰਨੂ ਦੱਸਾ?...
ਜੇਹਲਮ ਅਤੇ ਝਨਾ ਪਹਿਲਾ,
ਆਬ ਵੱਡੇ ਖੋਹ ਲਏ ਪੰਜਾਬ ਕੋਲੋਂ।
ਨਨਕਾਣਾ, ਲਾਹੌਰ ਤੋਂ ਦੂਰ,
ਅਸੀਂ ਕਈ ਕੋਹ, ਦੂਰ ਝਨਾਬ ਕੋਲੋ।
ਪੰਜਾਬੀ ਗੱਭਰੂ ਖਾਹ ਲਏ ਬੇਗਾਰਾਂ ਨੇ,
ਕਈ ਲੁੱਟੇ ਵਿਦੇਸ਼ੀ ਸਰਕਾਰਾਂ ਨੇ।
ਵੱਡੀਆਂ ਕੋਠੀਆਂ ਸਭ ਸੁੰਨੀਆਂ ਹੋਈਆਂ,
ਪੰਜਾਬੀ ਸਰਦਾਰ ਜਿੱਥੇ ਰੌਣਕ ਲਾਂਦਾ ਨੀ।
ਪੰਜਾਬ ਹੁਣ ਕੀ ਕੀ ਖੋਈ ਜਾਂਦਾ ਨੀ...
ਨਸ਼ੇ ਉਜਾੜੇ ਘਰ ਚੰਦਰੇ ਨੇ,
ਨਜ਼ਰ ਆਉਂਦੇ ਕੇਵਲ ਬੰਦ ਜੰਦਰੇ ਨੇ।
ਚਿੜੀਆਂ ਵੀ ਕਿਧਰੇ ਦੂਰ ਗਈਆਂ,
ਦੇਖ ਛਨਾਟਾ ਜਿਹਾ ਛਾ ਜਾਂਦਾ ਨੀ।
ਪੰਜਾਬ ਹੁਣ ਕੀ ਕੀ ਖੋਈ ਜਾਂਦਾ ਨੀ...
ਰੌਣਕਾਂ, ਕੋਠਿਆਂ ਵਾਲੀਆਂ ਵੀ ਗਈਆਂ,
ਸੱਥ, ਬਨੇਰੇ, ਗਿੱਧੇ ਵਾਲੀਆਂ ਖਿੜ ਰਹੀਆਂ।
ਫਸਲਾਂ ਪੁਰਾਣੀਆਂ ਨਜ਼ਰੀ ਆਉਂਦੀਆਂ ਨਾ,
ਬਸ ਝੋਨੇ ਦਾ ਧੂਆਂ ਨਜ਼ਰੀ ਆਂਦਾ ਨੀ।
ਪੰਜਾਬ ਹੁਣ ਕੀ ਕੀ ਖੋਈ ਜਾਂਦਾ ਨੀ...

ਬਹਾਦਰ ਸਿੰਘ ਗੋਸਲ
ਮਕਾਨ ਨੰ: 3098
ਸੈਕਟਰ-37ਡੀ,
ਚੰਡੀਗੜ੍ਹ।

## ਕਵਿਤਾ/ਮੈਂ ਕੌਣ ਹਾਂ?



**ਆਤਮਯਾਦ**
ਮੈਂ ਸ਼ੀਸ਼ਾ ਹਾਂ,
ਧੂੜ ਜੰਮੀ ਹੈ ਮੇਰੇ ਮੱਥੇ 'ਤੇ —
ਨਾਵਾਂ ਦੀ, ਨਸਲਾਂ ਦੀ, ਕੰਧਾਂ ਦੀ,
ਕਸਮਾਂ ਦੀ।
ਮੈਂ ਰੋਜ਼ ਪੁੱਛਦਾ ਹਾਂ —
"ਅਕਸ ਮੇਰਾ ਕਿੱਥੇ ਹੈ?
ਸਮੁੰਦਰ ਹੱਸਿਆ,
ਕਿਹਾ-"ਬੁੱਕ ਭਰ ਪਾਣੀ
ਲੈ, ਤੇ ਆਪਣਾ ਚਿਹਰਾ
ਤੱਕ।
ਤੂੰ ਬੂੰਦ ਨਹੀਂ,
ਤੂੰ ਮੇਰਾ ਹੀ ਤੂਫ਼ਾਨ ਹੈਂ।
ਤੂੰ ਰੇਤ ਨਹੀਂ,
ਤੂੰ ਮੇਰੀ ਹੀ ਡੂੰਘਾਣ ਹੈਂ।
ਰੱਬ ਉਧਾਰਾ ਨਹੀਂ ਮਿਲਦਾ,
ਸ਼ੀਸ਼ਾ ਪੂੰਝਣਾ ਪੈਂਦਾ ਹੈ।
ਸੂਰਜ ਚੜ੍ਹਦਾ ਹੈ-
ਨਾ ਪੁੱਛਦਾ ਮੰਦਰ ਕਿੱਥੇ, ਮਸੀਤ ਕਿੱਥੇ।
ਨਾ ਗਿਣਦਾ ਆਸਤਿਕ ਕਿੰਨੇ,
ਨਾਸਤਿਕ ਕਿੰਨੇ।
ਉਹ ਸਿਰਫ਼ ਜਲਦਾ ਹੈ,
ਤੇ ਜਲ ਕੇ ਚਾਨਣ ਵੰਡਦਾ ਹੈ।
ਉਹਦਾ ਵੇਦ ਕੋਈ ਨਹੀਂ,
ਉਹਦਾ ਕੁਰਾਨ ਕੋਈ ਨਹੀਂ,
ਉਹਦਾ ਗ੍ਰੰਥ ਸਿਰਫ਼ ਇਕ —
"ਰੋਸ਼ਨੀ ਮੇਰਾ ਸੁਭਾਅ ਹੈ।
ਇਨਸਾਨ, ਤੇਰਾ ਧਰਮ ਕੀ ਹੈ?
ਰਸਮਾਂ ਦਾ ਢੇਰ?
ਕੰਧਾਂ ਦੀ ਲਕੀਰ?
ਨਹੀਂ।
ਜਿਵੇਂ ਅੱਗ ਦਾ ਧਰਮ ਸੇਕਣਾ,
ਜਿਵੇਂ ਪਾਣੀ ਦਾ ਧਰਮ ਵਹਿਣਾ,
ਉਵੇਂ ਤੇਰਾ ਧਰਮ-ਜਾਣਨਾ ਤੇ ਵੰਡਣਾ।
ਜਦ ਤੂੰ ਵੰਡਣਾ ਭੁੱਲ ਜਾਵੇਂ,
ਤੂੰ ਮਨੁੱਖ ਨਹੀਂ, ਭੀੜ ਹੈਂ।
---
ਦੂਰਬੀਨ ਅਸਮਾਨ ਤੱਕਦੀ ਹੈ,
ਖਰਬਾਂ ਗਲੈਕਸੀਆਂ ਗਿਣਦੀ ਹੈ,
ਤੇ ਕੰਨ 'ਚ ਕਹਿੰਦੀ ਹੈ —
"ਵੇਖ, ਤੂੰ ਕਿੰਨਾ ਨਿੱਕਾ ਹੈਂ!
ਕਮਲ ਛੱਪੜ 'ਚ ਖਿੜਦਾ ਹੈ,
ਅੱਖ ਮੀਟਦਾ ਹੈ,
ਤੇ ਦਿਲ 'ਚ ਕਹਿੰਦਾ ਹੈ —
ਵੇਖ, ਮੈਂ ਕਿੰਨਾ ਵੱਡਾ ਹਾਂ!
ਮੇਰੇ ਇਕ ਸੈੱਲ 'ਚ ਸਾਰਾ ਅਕਾਸ਼
ਨੱਚਦਾ ਹੈ!
ਬਾਹਰ ਬ੍ਰਹਿਮੰਡ — ਅਨੰਤ।
ਅੰਦਰ ਬ੍ਰਹਿਮੰਡ — ਅਨੰਤ।
ਯਥਾ ਪਿੰਡੇ ਤਥਾ ਬ੍ਰਹਿਮੰਡੇ
ਅਸੀਂ ਤਾਰਿਆਂ ਦੀ ਰਾਖ ਹਾਂ,
ਅਸੀਂ ਤਾਰਿਆਂ ਦਾ ਸੁਪਨਾ ਹਾਂ।
ਵਿਗਿਆਨ ਕਹਿੰਦਾ — "ਊਰਜਾ
ਹਾਂ।"
ਧਰਮ ਕਹਿੰਦਾ — "ਨੂਰ ਹਾਂ।"
ਦੋਵੇਂ ਸੱਚੇ,
ਕਿਉਂਕਿ ਸੱਚ ਦੀਆਂ ਦੋ ਅੱਖਾਂ ਹਨ।
---
ਬੀਜ਼ ਮਿੱਟੀ 'ਚ ਦੱਬਿਆ,
ਰੋਇਆ ਨਹੀਂ।
ਕਿਹਾ —
ਮਰਨਾ ਹੀ ਜਨਮ ਹੈ।
ਫਟਿਆ, ਰੁੱਖ ਬਣਿਆ,
ਕੱਟਿਆ, ਮੇਜ਼ ਬਣਿਆ,
ਸੜਿਆ, ਸੁਆਹ ਬਣਿਆ,
ਸੁਆਹ ਮਿੱਟੀ ਬਣ ਕੇ ਫੇਰ ਬੀਜ਼ ਨੂੰ
ਜੱਫੀ ਪਾ ਲਈ।
ਕਿੱਥੇ ਹੈ ਮੌਤ?
ਕਿਤੇ ਨਹੀਂ।
ਸਿਰਫ਼ ਰੂਪਾਂ ਦਾ ਮੇਲਾ,
ਊਰਜਾ ਦਾ ਕਾਫ਼ਲਾ।
ਤੂੰ ਡਰਦਾ ਹੈਂ —
ਮੈਂ ਮੁੱਕ ਜਾਵਾਂਗਾ।
ਬ੍ਰਹਿਮੰਡ ਹੱਸਦਾ ਹੈ-"ਤੂੰ ਸਦਾ ਸੀ।
ਮੇਰੇ ਧਮਾਕੇ 'ਚ ਸੀ, ਮੇਰੇ ਲੋਹੇ 'ਚ
ਸੀ, ਮੇਰੇ ਸਾਹ 'ਚ ਸੀ।
ਚੋਲਾ ਬਦਲੇਂਗਾ, ਤੂੰ ਨਹੀਂ
ਬਦਲੇਂਗਾ।
ਆਵਾਗਮਨ ਸਜ਼ਾ ਨਹੀਂ,
ਸੰਭਾਵਨਾ ਹੈ।
ਜੇ ਚਾਨਣ ਵੰਡਿਆ,
ਚਾਨਣ ਬਣ ਜਾਵੇਂਗਾ।
ਫੇਰ ਨਾ ਆਉਣਾ, ਨਾ
ਜਾਣਾ —
ਸਿਰਫ਼ ਜਗਣਾ।
ਧਰਤੀ 'ਤੇ ਜ਼ੰਜੀਰ ਪਈ ਹੈ,
ਕੜੀ-ਕੜੀ 'ਤੇ ਨਾਂ ਲਿਖਿਆ —
ਮੇਰਾ ਦੇਸ਼
ਮੇਰਾ ਖ਼ੁਦਾ
ਮੇਰੀ ਜਾਤ।
ਇਨਸਾਨ ਨੇ ਗਲ 'ਚ ਪਾ ਲਈ,
ਤੇ ਕਿਹਾ —
"ਮੈਂ ਕੈਦ ਹਾਂ, ਮੈਨੂੰ ਸ਼ਾਂਤੀ ਚਾਹੀਦੀ।
ਸੂਰਜ ਨੂੰ ਵੇਖ-
ਗਲ 'ਚ ਕੋਈ ਜ਼ੰਜੀਰ ਨਹੀਂ।
ਇਸ ਲਈ ਆਜ਼ਾਦ ਹੈ, ਇਸ ਲਈ
ਸ਼ਾਂਤ ਹੈ।
ਇਸ ਲਈ ਸਭ ਨੂੰ ਸ਼ਾਂਤੀ ਵੰਡਦਾ ਹੈ।
ਸ਼ਾਂਤੀ ਬੰਦੂਕਾਂ ਦੀ ਚੁੱਪ ਨਹੀਂ,
ਸ਼ਾਂਤੀ ਮੇਰੇ ਅੰਦਰ ਦੀ ਬੰਦੂਕ ਦੀ
ਚੁੱਪ ਹੈ।
ਜਦ ਮੈਂ 'ਮੇਰਾ-ਤੇਰਾ' ਲਾਹ ਦਿੱਤਾ,
ਮੇਰੇ ਘਰ ਸਵੇਰ ਹੋ ਗਈ।
ਕਰੋੜਾਂ ਘਰਾਂ ਦੀ ਸਵੇਰ — ਵਿਸ਼ਵ
ਸ਼ਾਂਤੀ ਹੈ,,
ਅਖ਼ੀਰ 'ਚ ਦੋ ਹੀ ਬਚਦੇ ਹਨ —
ਇਕ ਦੀਵਾ, ਇਕ ਦਰਿਆ।
ਦੀਵਾ ਤੇਰੇ ਅੰਦਰ —
ਹਵਾ ਬੁਝਾਉਣਾ ਚਾਹੁੰਦੀ ਹੈ —
ਹੰਕਾਰ ਦੀ, ਨਫ਼ਰਤ ਦੀ, ਡਰ ਦੀ।
ਤੂੰ ਦੋਵੇਂ ਹੱਥਾਂ ਦੀ ਓਟ ਦੇ।
ਇਸ ਦੀਵੇ ਦਾ ਨਾਂ —
ਮੈਂ ਕੌਣ ਹਾਂ?
ਜਗਦਾ ਰਹੇ ਤਾਂ ਤੂੰ ਇਨਸਾਨ,
ਬੁੱਝ ਗਿਆ ਤਾਂ ਭੀੜ।
ਦਰਿਆ ਤੇਰੇ ਬਾਹਰ —
ਕੋਈ ਨਹੀਂ ਪੁੱਛਦਾ "ਤੂੰ ਕੌਣ?"
ਸਿਰਫ਼ ਕਹਿੰਦਾ — "ਆ ਜਾ,
ਸਮੁੰਦਰ ਚੱਲੀਏ।"
ਗੰਦੇ ਨਾਲੇ ਨੂੰ ਵੀ ਗਲ ਲਾਉਂਦਾ,
ਫੁੱਲਾਂ ਨੂੰ ਵੀ ਸਿਰ 'ਤੇ ਬਿਠਾਉਂਦਾ।
ਦੀਵਾ ਬਣ, ਦਰਿਆ ਬਣ।
ਅੰਦਰ ਸਵਾਲ ਜਗਾਈ ਰੱਖ,
ਬਾਹਰ ਕਰੁਣਾ ਵਹਾਈ ਰੱਖ।
ਜਦ ਦੀਵਾ ਤੇ ਦਰਿਆ ਇਕ ਹੋ
ਗਏ,
ਤੂੰ ਵੇਖੇਂਗਾ —
ਮੈਂ ਬੂੰਦ ਵੀ ਹਾਂ, ਸਮੁੰਦਰ ਵੀ ਹਾਂ।
ਮੈਂ ਸਵਾਲ ਵੀ ਹਾਂ, ਜਵਾਬ ਵੀ ਹਾਂ।
ਮੈਂ ਯਾਤਰੀ ਵੀ ਹਾਂ, ਮੰਜ਼ਿਲ ਵੀ ਹਾਂ।
ਇਹੋ ਧਰਮ, ਇਹੋ ਵਿਗਿਆਨ,
ਇਹੋ ਬ੍ਰਹਿਮੰਡ ਦੀ ਰਮਜ਼, ਇਹੋ
ਸ਼ਾਂਤੀ ਦਾ ਗਿਆਨ।
ਬਾਕੀ ਸਭ ਪਰਛਾਵਾਂ।
ਤੂੰ ਸੂਰਜ ਬਣ।
ਤੂੰ ਦਰਿਆ ਬਣ।
ਤੂੰ ਦੀਵਾ ਬਣ।
ਤੇ ਯਾਦ ਰੱਖ —
ਰੱਬ ਉਧਾਰਾ ਨਹੀਂ ਮਿਲਦਾ
ਆਪਣਾ ਲੱਭਣਾ ਪੈਂਦਾ ਹੈ।
ਆਤਮਯਾਦ

-ਕਿਰਪਾਲ ਸਾਗਰ
ਲੋਕ ਸੰਪਰਕ ਵਿਭਾਗ,
ਯੂਨਿਟੀ ਆਫ ਮੈਨ

# ਮਾਨ ਸਰਕਾਰ ਵੱਲੋਂ ਮੁਹੱਲਾ ਕਲੀਨਿਕਾਂ ਦੀ ਲੜੀਵਾਰ ਸ਼ੁਰੂਆਤ ਅਤੇ ਸਫ਼ਲ ਸੰਚਾਲਨ ਲੋਕਾਂ ਨੂੰ ਬੇਹਤਰੀਨ ਸਿਹਤ ਸਹੂਲਤਾਂ ਦੇਣ ਦਾ ਉਪਰਾਲਾ: ਕੁਲਵੰਤ ਸਿੰਘ

## ਵਿਧਾਇਕ ਕੁਲਵੰਤ ਸਿੰਘ ਵੱਲੋਂ ਤੰਗੋਰੀ ਵਿਖੇ ਮੋਹਾਲੀ ਹਲਕੇ ਦੇ 10ਵੇਂ ਮੁਹੱਲਾ ਕਲੀਨਿਕ ਦਾ ਉਦਘਾਟਨ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, 14 ਅਕਤੂਬਰ (ਪੈਗ਼ਾਮ-ਏ-ਜਗਤ)**

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸਿਹਤ ਸੇਵਾਵਾਂ ਨੂੰ ਆਮ ਲੋਕਾਂ ਦੀ ਪਹੁੰਚ ਵਿੱਚ ਲਿਆਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਤਹਿਤ ਪਿੰਡ ਤੰਗੋਰੀ ਵਿਖੇ ਵਿਧਾਇਕ ਕੁਲਵੰਤ ਸਿੰਘ ਵੱਲੋਂ ਐਸ ਏ ਐਸ ਨਗਰ (ਮੋਹਾਲੀ) ਵਿਧਾਨ ਸਭਾ ਹਲਕੇ ਦੇ 10ਵੇਂ ਮੁਹੱਲਾ ਕਲੀਨਿਕ ਦੀ ਸ਼ੁਰੂਆਤ ਕੀਤੀ ਗਈ।




ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਪੰਜਾਬ ਵਿੱਚ ਅੱਜ 154 ਨਵੇਂ ਮੁਹੱਲਾ ਕਲੀਨਿਕ ਖੁੱਲ੍ਹਣ ਨਾਲ 1245 ਮੁਹੱਲਾ ਕਲੀਨਿਕ ਹੋ ਗਏ ਹਨ, ਜਿੱਥੇ ਰੋਜ਼ਾਨਾ ਹਜ਼ਾਰਾਂ ਮਰੀਜ਼ ਇਲਾਜ ਕਰਵਾ ਰਹੇ ਹਨ। ਇਨ੍ਹਾਂ ਕਲੀਨਿਕਾਂ ਵਿੱਚ 107 ਕਿਸਮ ਦੀਆਂ ਦਵਾਈਆਂ ਅਤੇ 47 ਕਿਸਮ ਦੇ ਟੈਸਟ ਮੁਫ਼ਤ ਮੁਹਈਆ ਕਰਵਾਏ ਜਾਂਦੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਸਿਹਤ ਕੇਂਦਰਾਂ ਦਾ ਮੁੱਖ ਉਦੇਸ਼ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਮੁੱਢਲੀਆਂ ਸਿਹਤ ਸੇਵਾਵਾਂ ਪ੍ਰਦਾਨ ਕਰਨਾ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿਹਤ ਅਤੇ ਸਿੱਖਿਆ ਦੇ ਖੇਤਰਾਂ ਵਿੱਚ ਸੁਧਾਰ ਲਿਆਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ। ਮੁਹੱਲਾ ਕਲੀਨਿਕਾਂ ਤੋਂ ਇਲਾਵਾ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਪ੍ਰਤੀ ਪਰਿਵਾਰ ਸਾਲਾਨਾ 10 ਲੱਖ ਰੁਪਏ ਤੱਕ ਦੇ ਨਕਦੀ ਰਹਿਤ ਇਲਾਜ ਦੀ ਸਹੂਲਤ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਅਜਿਹੀਆਂ ਯੋਜਨਾਵਾਂ ਦਾ ਉਦੇਸ਼ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਮੁਹੱਈਆ ਕਰਵਾਉਣਾ ਹੈ। ਵਿਧਾਇਕ ਨੇ ਦੱਸਿਆ ਕਿ ਮੋਹਾਲੀ ਵਿਧਾਨ ਸਭਾ ਹਲਕੇ ਵਿੱਚ ਇਸ ਤੋਂ ਪਹਿਲਾਂ ਲਾਂਡਰਾਂ, ਲਖਨੌਰ, ਸੈਕਟਰ-69, ਫੇਜ਼-11, ਫੇਜ਼-9, ਫੇਜ਼-7, ਫੇਜ਼-5, ਫੇਜ਼-1 ਅਤੇ ਬਲੌਂਗੀ ਵਿਖੇ ਮੁਹੱਲਾ ਕਲੀਨਿਕ ਚੱਲ ਰਹੇ ਹਨ। ਤੰਗੋਰੀ ਵਿਖੇ ਨਵੇਂ ਕਲੀਨਿਕ ਦੀ ਸ਼ੁਰੂਆਤ ਨਾਲ ਹਲਕੇ ਵਿੱਚ ਇਨ੍ਹਾਂ ਦੀ ਗਿਣਤੀ 10 ਹੋ ਗਈ ਹੈ।

ਰੁਜ਼ਗਾਰ ਦੇ ਮੁੱਦੇ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ 80 ਹਜ਼ਾਰ ਦੇ ਕਰੀਬ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਉਨ੍ਹਾਂ ਦਾਅਵਾ ਕੀਤਾ ਕਿ ਇਹ ਨੌਕਰੀਆਂ ਬਿਨਾਂ ਸਿਫ਼ਾਰਸ਼ ਅਤੇ ਰਿਸ਼ਵਤ ਦੇਣ ਦੇ ਆਧਾਰ 'ਤੇ ਪ੍ਰਦਾਨ ਕੀਤੀਆਂ ਗਈਆਂ ਹਨ। ਉਨ੍ਹਾਂ ਇਹ ਵੀ ਕਿਹਾ ਕਿ ਘਰੇਲੂ ਬਿਜਲੀ ਖਪਤਕਾਰਾਂ ਨੂੰ 600 ਯੂਨਿਟ ਪ੍ਰਤੀ ਦੋ ਮਹੀਨੇ ਮੁਫ਼ਤ ਬਿਜਲੀ ਦੀ ਸਹੂਲਤ ਦਿੱਤੀ ਜਾ ਰਹੀ ਹੈ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਕੁਲਦੀਪ ਸਿੰਘ ਸਮਾਣਾ, ਸਰਪੰਚ ਕੁਲਦੀਪ ਸਿੰਘ, ਜਗਜੀਤ ਸਿੰਘ, ਜਸਵੀਰ ਸਿੰਘ, ਨੰਬਰਦਾਰ ਸੁਖਵਿੰਦਰ ਸਿੰਘ, ਸਾਬਕਾ ਸਰਪੰਚ ਨਿਰਮਲ ਸਿੰਘ, ਸਤਨਾਮ ਸਿੰਘ, ਤਲਵਿੰਦਰ ਸਿੰਘ, ਐਸ.ਐਮ.ਓ. ਘੜੂੰਆਂ ਡਾ. ਪ੍ਰੀਤ ਮੋਹਨ, ਸਾਬਕਾ ਸਰਪੰਚ ਅਵਤਾਰ ਸਿੰਘ ਮੌਲੀ, ਸਤਨਾਮ ਸਿੰਘ ਬਾਲਕ, ਸਤਨਾਮ ਸਿੰਘ ਸਰਪੰਚ, ਅਮਨਦੀਪ ਸਿੰਘ ਸਰਪੰਚ, ਗੁਰਦੇਸ ਸਿੰਘ ਸਰਪੰਚ, ਜਗਤਾਰ ਸਿੰਘ ਪੰਚ, ਹਰਮੇਸ਼ ਸਿੰਘ ਕੁੰਬੜਾ, ਅਮਰਜੀਤ ਸਿੰਘ ਸਿੱਧੂ, ਹਰਪਾਲ ਸਿੰਘ ਬਰਾੜ, ਜਸਪਾਲ ਸਿੰਘ ਮਟੌਰ, ਗੁਰਪ੍ਰੀਤ ਸਿੰਘ ਕੁਰੜਾ, ਚੇਤਨ ਸ਼ਰਮਾ ਨਗਾਰੀ, ਬਲਜੀਤ ਸਿੰਘ ਹੈਪੀ ਅਤੇ ਪਰਗਟ ਸਿੰਘ ਰਾਏਪੁਰ ਕਲਾਂ ਸਮੇਤ ਹੋਰ ਪਤਵੰਤੇ ਹਾਜ਼ਰ ਸਨ।

# ਹਲਕਾ ਡੇਰਾਬੱਸੀ ਵਿੱਚ ਸਿਹਤ ਸੇਵਾਵਾਂ ਦਾ ਹੋਰ ਵਿਸਥਾਰ, ਆਮ ਆਦਮੀ ਕਲੀਨਿਕਾਂ ਦੀ ਗਿਣਤੀ 24 ਹੋਈ

**ਪੈਗ਼ਾਮ-ਏ-ਜਗਤ ਡੇਰਾਬੱਸੀ, 14 ਅਕਤੂਬਰ (ਸੰਜੀਵ ਸਿੰਘ ਸੈਣੀ)**

ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਸੂਬੇ ਭਰ ਵਿੱਚ 154 ਨਵੇਂ ਆਮ ਆਦਮੀ ਕਲੀਨਿਕਾਂ ਦੀ ਸ਼ੁਰੂਆਤ ਕਰਕੇ ਸਿਹਤ ਸੇਵਾਵਾਂ ਦੇ ਵਿਸਥਾਰ ਵੱਲ ਅਹਿਮ ਕਦਮ ਚੁੱਕਿਆ ਗਿਆ। ਇਸੇ ਤਹਿਤ ਹਲਕਾ ਵਿਧਾਇਕ ਸ. ਕੁਲਜੀਤ ਸਿੰਘ ਰੰਧਾਵਾ ਨੇ ਪਿੰਡ ਤ੍ਰਿਵੇਦੀ ਕੈਂਪ ਵਿਖੇ ਨਵੇਂ ਆਮ ਆਦਮੀ ਕਲੀਨਿਕ ਦਾ ਉਦਘਾਟਨ ਕਰਕੇ ਇਸ ਨੂੰ ਲੋਕਾਂ ਨੂੰ ਸਮਰਪਿਤ ਕੀਤਾ। ਇਸ ਦੇ ਨਾਲ ਹੀ ਹਲਕਾ ਡੇਰਾਬੱਸੀ ਵਿੱਚ ਆਮ ਆਦਮੀ ਕਲੀਨਿਕਾਂ ਦੀ ਕੁੱਲ ਗਿਣਤੀ 24 ਹੋ ਗਈ ਹੈ।

- ਪਿੰਡ ਤ੍ਰਿਵੇਦੀ ਕੈਂਪ ਵਿਖੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਨਵੇਂ ਆਮ ਆਦਮੀ ਕਲੀਨਿਕ ਦਾ ਕੀਤਾ ਉਦਘਾਟਨ



ਇਸ ਮੌਕੇ ਵਿਧਾਇਕ ਸ. ਕੁਲਜੀਤ ਸਿੰਘ ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਉਦੇਸ਼ ਹਰ ਨਾਗਰਿਕ ਨੂੰ ਬਿਹਤਰ, ਮਿਆਰੀ ਅਤੇ ਮੁਫ਼ਤ ਮੁੱਢਲੀਆਂ ਸਿਹਤ ਸਹੂਲਤਾਂ ਉਸ ਦੇ ਘਰ ਦੇ ਨੇੜੇ ਮੁਹੱਈਆ ਕਰਵਾਉਣਾ ਹੈ। ਆਮ ਆਦਮੀ ਕਲੀਨਿਕਾਂ ਰਾਹੀਂ ਲੋਕਾਂ ਨੂੰ ਮੁਫ਼ਤ ਸਿਹਤ ਜਾਂਚ, ਦਵਾਈਆਂ ਅਤੇ ਜ਼ਰੂਰੀ ਮੈਡੀਕਲ ਟੈਸਟਾਂ ਦੀਆਂ ਸਹੂਲਤਾਂ ਮਿਲਣਗੀਆਂ, ਜਿਸ ਨਾਲ ਲੋਕਾਂ ਨੂੰ ਸਮੇਂ ਸਿਰ ਇਲਾਜ ਕਰਵਾਉਣ ਵਿੱਚ ਮਦਦ ਮਿਲੇਗੀ ਅਤੇ ਸਿਹਤ ਸੇਵਾਵਾਂ ਲਈ ਹੋਣ ਵਾਲੇ ਖਰਚੇ ਤੋਂ ਵੀ ਰਾਹਤ ਮਿਲੇਗੀ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਿਹਤ ਸੇਵਾਵਾਂ ਨੂੰ ਮਜ਼ਬੂਤ ਕਰਨ ਅਤੇ ਆਮ ਲੋਕਾਂ ਤੱਕ ਪਹੁੰਚਾਉਣ ਲਈ ਲਗਾਤਾਰ ਕੰਮ ਕਰ ਰਹੀ ਹੈ। ਹਲਕਾ ਡੇਰਾਬੱਸੀ ਵਿੱਚ 24 ਆਮ ਆਦਮੀ ਕਲੀਨਿਕਾਂ ਦਾ ਹੋਣਾ ਇਸ ਗੱਲ ਦਾ ਪ੍ਰਮਾਣ ਹੈ ਕਿ ਲੋਕਾਂ ਨੂੰ ਉਨ੍ਹਾਂ ਦੇ ਨੇੜੇ ਸਿਹਤ ਸਹੂਲਤਾਂ ਦੇਣ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਇਸ ਮੌਕੇ ਸਰਪੰਚ ਸ੍ਰੀਮਤੀ ਰਾਣੀ ਸਚਦੇਵਾ, ਪਤਨੀ ਸ੍ਰੀ ਸੁਨਹਿਰੀ ਲਾਲ, ਬਲਾਕ ਸੰਮਤੀ ਚੇਅਰਮੈਨ ਪ੍ਰਦੀਪ ਸਚਦੇਵਾ, ਪਿੰਡ ਵਾਸੀ ਅਤੇ ਸਿਹਤ ਵਿਭਾਗ ਤੇ ਪੰਚਾਇਤ ਵਿਭਾਗ ਦੇ ਅਧਿਕਾਰੀ ਮੌਜੂਦ ਰਹੇ।

# ਏ.ਡੀ.ਸੀ. ਵੱਲੋਂ ਫਰਮ ਟਵਿਨਸਟਰਜ਼ ਇੰਗਲਿਸ਼ ਅਕੈਡਮੀ ਦਾ ਲਾਇਸੰਸ ਰੱਦ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ 14 ਅਕਤੂਬਰ (ਪੈਗ਼ਾਮ-ਏ-ਜਗਤ)**

ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ-2012 ਤਹਿਤ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਸ੍ਰੀਮਤੀ ਗੀਤਿਕਾ ਸਿੰਘ ਵੱਲੋਂ ਫਰਮ ਟਵਿਨਸਟਰਜ਼ ਇੰਗਲਿਸ਼ ਅਕੈਡਮੀ ਦਾ ਲਾਇਸੰਸ ਰੱਦ ਕਰ ਦਿੱਤਾ ਗਿਆ ਹੈ।

ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਫਰਮ ਟਵਿਨਸਟਰਜ਼ ਇੰਗਲਿਸ਼ ਅਕੈਡਮੀ

ਐਸ.ਸੀ.ਓ. ਨੰ: 23 ਦੂਜੀ ਮੰਜ਼ਿਲ, ਅਮਾਈਰਾ ਸਿਟੀ ਸੈਂਟਰ, ਖਾਨਪੁਰ, ਤਹਿਸੀਲ ਖਰੜ, ਮੋਹਾਲੀ ਦੀ ਮਾਲਕਣ ਮਿਸ ਕੋਮਲ ਪ੍ਰੀਤ ਕੌਰ ਪੁੱਤਰੀ ਸ. ਚਰਨਜੀਤ ਸਿੰਘ ਵਾਸੀ, ਪਿੰਡ ਸ਼ਾਹਪੁਰ, ਤਹਿਸੀਲ ਖਰੜ, ਜ਼ਿਲ੍ਹਾ ਐਸ.ਏ.ਐਸ. ਨਗਰ ਨੂੰ ਕੋਚਿੰਗ ਇੰਸਟੀਚਿਊਟ ਆਫ ਆਇਲਟਸ ਦੇ ਕੰਮ ਲਈ ਲਾਇਸੰਸ ਨੰਬਰ 677/ਆਈ.ਸੀ. ਮਿਤੀ 22.05.2024 ਨੂੰ ਜਾਰੀ ਕੀਤਾ ਗਿਆ ਸੀ, ਜਿਸ ਦੀ ਮਿਆਦ 21.05.2029 ਤੱਕ ਹੈ।

ਉਨ੍ਹਾਂ ਕਿਹਾ ਕਿ ਲਾਇਸੰਸੀ ਵੱਲੋਂ ਦੱਸਿਆ ਗਿਆ ਲਾਇਸੰਸ ਧਾਰਕ ਵੱਲੋਂ ਨਿੱਜੀ ਕਾਰਨਾਂ ਕਰਕੇ ਆਪਣਾ ਕਾਰੋਬਾਰ ਬੰਦ ਕਰਨ ਉਪਰੰਤ ਮਿਤੀ 17 ਮਾਰਚ 2026 ਨੂੰ ਲਾਇਸੰਸ ਸਰੰਡਰ ਕਰਨ ਲਈ ਦਰਖਾਸਤ ਦਿੱਤੀ ਗਈ ਸੀ। ਇਸ ਦਰਖਾਸਤ ਦੇ ਆਧਾਰ 'ਤੇ ਮਾਮਲੇ ਦੀ ਪੜਤਾਲ ਲਈ ਸੀਨੀਅਰ ਕਪਤਾਨ ਪੁਲਿਸ, ਐੱਸ.ਏ.ਐੱਸ. ਨਗਰ ਤੋਂ ਰਿਪੋਰਟ ਮੰਗੀ ਗਈ ਸੀ। ਪੁਲਿਸ ਰਿਪੋਰਟ ਅਨੁਸਾਰ ਸਬੰਧਤ ਫਰਮ ਦਾ ਰਿਕਾਰਡ ਤਸਦੀਕ ਕੀਤਾ ਗਿਆ ਅਤੇ ਫਰਮ ਵਿਰੁੱਧ ਕੋਈ ਸ਼ਿਕਾਇਤ ਜਾਂ ਮਾਮਲਾ ਲੰਬਿਤ ਨਹੀਂ ਪਾਇਆ ਗਿਆ। ਇਸ ਤੋਂ ਇਲਾਵਾ, ਲਾਇਸੰਸ ਧਾਰਕ ਵੱਲੋਂ ਨਿਯਮਾਂ ਅਨੁਸਾਰ ਪੰਜਾਬੀ ਅਤੇ ਅੰਗਰੇਜ਼ੀ ਅਖ਼ਬਾਰਾਂ ਵਿੱਚ ਦਿੱਤੇ ਇਸ਼ਤਿਹਾਰਾਂ ਦੀਆਂ ਅਸਲ ਕਾਪੀਆਂ ਵੀ ਦਫ਼ਤਰ ਵਿੱਚ ਜਮ੍ਹਾਂ ਕਰਵਾਈਆਂ ਗਈਆਂ। ਦਫ਼ਤਰੀ ਰਿਕਾਰਡ ਅਨੁਸਾਰ ਵੀ ਸਬੰਧਤ ਫਰਮ ਵਿਰੁੱਧ ਕੋਈ ਸ਼ਿਕਾਇਤ ਪ੍ਰਾਪਤ ਨਹੀਂ ਹੋਈ ਸੀ।

ਏ ਡੀ.ਸੀ. ਨੇ ਕਿਹਾ ਕਿ ਪ੍ਰਾਪਤ ਦਰਖਾਸਤ, ਪੁਲਿਸ ਰਿਪੋਰਟ ਅਤੇ ਹੋਰ ਸਬੰਧਤ ਦਸਤਾਵੇਜ਼ਾਂ ਦੀ ਜਾਂਚ ਤੋਂ ਬਾਅਦ ਪੰਜਾਬ ਟਰੈਵਲ ਪ੍ਰੋਫੈਸ਼ਨਲਜ਼ ਰੈਗੂਲੇਸ਼ਨ ਐਕਟ, 2012 ਦੀ ਧਾਰਾ 8(1) ਤਹਿਤ ਲਾਇਸੰਸ ਸਰੰਡਰ ਕਰਨ ਦੀ ਪ੍ਰਵਾਨਗੀ ਦਿੰਦਿਆਂ ਇਸ ਨੂੰ ਤੁਰੰਤ ਪ੍ਰਭਾਵ ਨਾਲ ਰੱਦ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ। ਇਸ ਤੋਂ ਇਲਾਵਾ ਐਕਟ/ਰੂਲਜ਼ ਅਨੁਸਾਰ ਜੇਕਰ ਭਵਿੱਖ ਵਿੱਚ ਉਕਤ ਪ੍ਰਾਰਥਣ/ ਫਰਮ/ ਮਾਲਕ ਦੇ ਖਿਲਾਫ ਕੋਈ ਵੀ ਸ਼ਿਕਾਇਤ ਆਦਿ ਪ੍ਰਾਪਤ ਹੁੰਦੀ ਹੈ ਤਾਂ ਉਸ ਲਈ ਉਕਤ ਪ੍ਰਾਰਥਣ/ਫਰਮ/ਫਰਮ ਮਾਲਕ ਹਰ ਪੱਖੋਂ ਉਸ ਦੀ ਭਰਪਾਈ ਕਰਨ ਲਈ ਖੁਦ ਜ਼ਿੰਮੇਵਾਰ ਹੋਣਗੇ।

# 'ਮੇਰੀ ਦੁਕਾਨ ਮੇਰੇ ਨਾਮ' ਯੋਜਨਾ ਨਾਲ ਸੂਬੇ ਦੇ ਲਗਭਗ 8,500 ਦੁਕਾਨਦਾਰਾਂ ਨੂੰ ਮਿਲੇਗਾ ਲਾਭ: ਅਨਿਲ ਠਾਕੁਰ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, 14 ਅਕਤੂਬਰ (ਪੈਗ਼ਾਮ-ਏ-ਜਗਤ)**

ਪੰਜਾਬ ਰਾਜ ਵਪਾਰੀ ਕਮਿਸ਼ਨ ਦੇ ਉਪ ਚੇਅਰਮੈਨ ਅਨਿਲ ਠਾਕੁਰ ਨੇ ਅੱਜ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਵਪਾਰੀਆਂ ਅਤੇ ਦੁਕਾਨਦਾਰਾਂ ਦੀਆਂ ਲੰਬਿਤ ਸ਼ਿਕਾਇਤਾਂ ਦਾ ਜਾਇਜ਼ਾ ਲੈਂਦਿਆਂ ਸਬੰਧਤ ਅਧਿਕਾਰੀਆਂ ਨੂੰ ਇਨ੍ਹਾਂ ਦਾ ਜਲਦ ਨਿਪਟਾਰਾ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ 'ਮੇਰੀ ਦੁਕਾਨ ਮੇਰੇ ਨਾਮ' ਯੋਜਨਾ ਨਾਲ ਸੂਬੇ ਦੇ ਲਗਭਗ 8,500 ਦੁਕਾਨਦਾਰਾਂ ਨੂੰ ਕਿਰਾਏ ਵਾਲੀਆਂ ਸਰਕਾਰੀ ਦੁਕਾਨਾਂ ਦਾ ਲਾਭ ਮਿਲਣ ਦੀ ਉਮੀਦ ਹੈ। ਇਹ ਸਮੀਖਿਆ ਮੀਟਿੰਗ ਵਿੱਤ ਮੰਤਰੀ ਸ. ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ ਕੰਮ ਕਰ ਰਹੇ ਪੰਜਾਬ ਰਾਜ ਵਪਾਰੀ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕੀਤੀ ਗਈ। ਵਪਾਰੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਕਮਿਸ਼ਨ ਦੀ ਭੂਮਿਕਾ ਬਾਰੇ ਗੱਲ ਕਰਦਿਆਂ ਅਨਿਲ ਠਾਕੁਰ ਨੇ ਦੱਸਿਆ ਕਿ ਸੂਬੇ ਭਰ ਵਿੱਚ ਜ਼ਿਲ੍ਹਾ ਵਪਾਰੀ ਕਮਿਸ਼ਨਾਂ ਵੱਲੋਂ ਲਗਭਗ 800 ਮੀਟਿੰਗਾਂ ਕੀਤੀਆਂ ਗਈਆਂ ਹਨ। ਇਨ੍ਹਾਂ ਦੌਰਾਨ ਕਰੀਬ 7,000 ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਜਾ ਚੁੱਕਾ ਹੈ, ਜਦਕਿ ਲਗਭਗ 1,000 ਸ਼ਿਕਾਇਤਾਂ ਹਾਲੇ ਪ੍ਰਕਿਰਿਆ ਅਧੀਨ ਹਨ।

- ਪੰਜਾਬ ਰਾਜ ਵਪਾਰੀ ਕਮਿਸ਼ਨ ਦੇ ਉਪ ਚੇਅਰਮੈਨ ਵੱਲੋਂ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਵਪਾਰੀਆਂ ਦੀਆਂ ਲੰਬਿਤ ਸ਼ਿਕਾਇਤਾਂ ਦਾ ਜਾਇਜ਼ਾ



ਮੀਟਿੰਗ ਵਿੱਚ ਮੌਜੂਦ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦਿਆਂ ਉਪ ਚੇਅਰਮੈਨ ਨੇ ਵਿਸ਼ੇਸ਼ ਤੌਰ 'ਤੇ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਪੀ.ਸੀ.ਐੱਲ.), ਗਮਾਡਾ ਅਤੇ ਸਥਾਨਕ ਸਰਕਾਰਾਂ ਵਿਭਾਗ ਨੂੰ ਲੰਬਿਤ ਸ਼ਿਕਾਇਤਾਂ ਦਾ ਬਿਨਾਂ ਹੋਰ ਦੇਰੀ ਨਿਪਟਾਰਾ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਵਪਾਰੀਆਂ ਨੂੰ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਬੇਲੋੜੀ ਦੇਰੀ ਦਾ ਸਾਹਮਣਾ ਨਾ ਕਰਨਾ ਪਵੇ।

ਉਨ੍ਹਾਂ ਅੱਗੇ ਦੱਸਿਆ ਕਿ ਖੇਤਰੀ ਪੱਧਰ 'ਤੇ ਹੋਈਆਂ ਮੀਟਿੰਗਾਂ ਦੌਰਾਨ ਸਾਹਮਣੇ ਆਈਆਂ ਲੋੜਾਂ ਅਤੇ ਸੁਝਾਵਾਂ ਦੇ ਆਧਾਰ 'ਤੇ ਪੰਜਾਬ ਸਰਕਾਰ ਵੱਲੋਂ ਸਥਾਨਕ ਬੁਨਿਆਦੀ ਢਾਂਚੇ ਦੇ ਸੁਧਾਰ ਲਈ 40 ਕਰੋੜ ਰੁਪਏ ਅਲਾਟ ਕੀਤੇ ਗਏ ਹਨ। ਇਸ ਰਾਸ਼ੀ ਨਾਲ ਸਟਰੀਟ ਲਾਈਟਾਂ, ਪਾਰਕਿੰਗ ਸਹੂਲਤਾਂ ਦੀ ਮੁਰੰਮਤ ਅਤੇ ਹੋਰ ਜ਼ਰੂਰੀ ਸਥਾਨਕ ਸਹੂਲਤਾਂ ਵਿੱਚ ਸੁਧਾਰ ਕੀਤਾ ਜਾਵੇਗਾ। ਇਨ੍ਹਾਂ ਕਾਰਜਾਂ ਲਈ ਹਰੇਕ ਜ਼ਿਲ੍ਹੇ ਨੂੰ 2 ਕਰੋੜ ਰੁਪਏ ਦਿੱਤੇ ਗਏ ਹਨ ਅਤੇ ਇਹ ਕੰਮ ਅਗਲੇ ਮਹੀਨੇ ਤੱਕ ਮੁਕੰਮਲ ਕਰਨ ਦਾ ਟੀਚਾ ਹੈ। ਜ਼ਿਲ੍ਹਾ ਵਪਾਰੀ ਕਮਿਸ਼ਨ ਦੇ ਚੇਅਰਮੈਨ ਰਣਜੀਤ ਪਾਲ ਸਿੰਘ ਨੇ ਦੱਸਿਆ ਕਿ ਮੀਟਿੰਗਾਂ ਦੌਰਾਨ ਸਾਹਮਣੇ ਆਈਆਂ ਜ਼ਿਆਦਾਤਰ ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਜਾ ਚੁੱਕਾ ਹੈ, ਜਦਕਿ ਬਾਕੀ ਸ਼ਿਕਾਇਤਾਂ ਦੇ ਹੱਲ ਲਈ ਨਿਯਮਤ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਵਿਚਾਰ-ਵਟਾਂਦਰੇ ਵਿੱਚ ਹਿੱਸਾ ਲੈਂਦਿਆਂ ਪੰਜਾਬ ਰਾਜ ਵਪਾਰੀ ਕਮਿਸ਼ਨ ਦੇ ਉਪ ਚੇਅਰਮੈਨ ਨੂੰ ਭਰੋਸਾ ਦਿੱਤਾ ਕਿ ਲੰਬਿਤ ਮਾਮਲਿਆਂ ਨੂੰ ਸਬੰਧਤ ਵਿਭਾਗਾਂ ਕੋਲ ਉਠਾ ਕੇ ਉਨ੍ਹਾਂ ਦਾ ਸਮਾਂ ਸਿਰ ਨਿਪਟਾਰਾ ਯਕੀਨੀ ਬਣਾਇਆ ਜਾਵੇਗਾ। ਮੀਟਿੰਗ ਵਿੱਚ ਸਹਾਇਕ ਕਮਿਸ਼ਨਰ (ਜਨਰਲ) ਡਾ. ਅੰਕਿਤਾ ਕਾਂਸਲ, ਜ਼ਿਲ੍ਹਾ ਵਪਾਰੀ ਕਮਿਸ਼ਨ ਦੇ ਉਪ ਚੇਅਰਮੈਨ ਤਰਲੋਚਨ ਸਿੰਘ ਬੈਦਵਾਨ, ਵਿਧਾਨ ਸਭਾ ਹਲਕਾ ਮੋਹਾਲੀ ਦੇ ਚੇਅਰਮੈਨ ਅਕਵਿੰਦਰ ਸਿੰਘ ਗੋਸਲ, ਖਰੜ ਦੇ ਚੇਅਰਮੈਨ ਯਸ਼ਪਾਲ ਬਾਂਸਲ ਅਤੇ ਡੇਰਾਬੱਸੀ ਤੋਂ ਕਮਿਸ਼ਨ ਦੇ ਮੈਂਬਰ ਗਗਨਪ੍ਰੀਤ ਸਿੰਘ ਸਮੇਤ ਹੋਰ ਅਧਿਕਾਰੀ ਤੇ ਨੁਮਾਇੰਦੇ ਹਾਜ਼ਰ ਸਨ।

# ਸ੍ਰੀ ਗੁਰੂ ਰਵੀਦਾਸ ਜੀ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ੇਸ਼ ਡਾਕੂਮੈਂਟਰੀ ਪਿੰਡ ਸਿੱਲ ਕੱਪੜਾ, ਸਿੰਬਲ ਮਾਜਰਾ ਅਤੇ ਸੋਤਲ ਵਿਖੇ ਦਿਖਾਈ ਗਈ

**ਖਰੜ, 14 ਅਕਤੂਬਰ, (ਪੈਗ਼ਾਮ-ਏ-ਜਗਤ)**

ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵੀਦਾਸ ਜੀ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ੇਸ਼ ਉਪਰਾਲੇ ਤਹਿਤ ਖਰੜ ਬਲਾਕ ਦੇ ਪਿੰਡ ਸਿੱਲ ਕੱਪੜਾ, ਸਿੰਬਲ ਮਾਜਰਾ ਅਤੇ ਸੋਤਲ ਵਿਖੇ ਐਲ.ਈ.ਡੀ. ਸਕਰੀਨਾਂ ਰਾਹੀਂ 30 ਮਿੰਟ ਦੀ ਵਿਸ਼ੇਸ਼ ਡਾਕੂਮੈਂਟਰੀ ਦਿਖਾਈ ਗਈ। ਇਸ ਉਪਰਾਲੇ ਦਾ ਮਕਸਦ ਸ੍ਰੀ ਗੁਰੂ ਰਵੀਦਾਸ ਜੀ ਮਹਾਰਾਜ ਦੇ ਜੀਵਨ, ਉਨ੍ਹਾਂ ਦੀ ਵਿਚਾਰਧਾਰਾ, ਸਿੱਖਿਆਵਾਂ ਅਤੇ ਸਮਾਜ ਸੁਧਾਰ ਲਈ ਦਿੱਤੇ ਸੰਦੇਸ਼ ਨੂੰ ਲੋਕਾਂ ਤੱਕ ਪਹੁੰਚਾਉਣਾ ਹੈ, ਤਾਂ ਜੋ ਨਵੀਂ ਪੀੜ੍ਹੀ ਵੀ ਉਨ੍ਹਾਂ ਦੇ ਮਹਾਨ ਜੀਵਨ ਅਤੇ ਫਲਸਫੇ ਤੋਂ ਪ੍ਰੇਰਨਾ ਲੈ ਸਕੇ।

- ਸ੍ਰੀ ਗੁਰੂ ਰਵੀਦਾਸ ਜੀ ਦੀਆਂ ਸਿੱਖਿਆਵਾਂ ਸਮਾਜ ਵਿੱਚ ਬਰਾਬਰਤਾ, ਭਾਈਚਾਰੇ ਅਤੇ ਆਪਸੀ ਸਦਭਾਵਨਾ ਦਾ ਸੰਦੇਸ਼ ਦਿੰਦੀਆਂ ਹਨ: ਐੱਸ.ਡੀ.ਐੱਮ. ਗੁਰਮੀਤ ਸਿੰਘ



ਉੱਪ ਮੰਡਲ ਮੈਜਿਸਟ੍ਰੇਟ, ਖਰੜ ਸ੍ਰੀ ਗੁਰਮੀਤ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਰਵੀਦਾਸ ਜੀ ਮਹਾਰਾਜ ਦੀਆਂ ਸਿੱਖਿਆਵਾਂ ਅੱਜ ਵੀ ਸਮਾਜ ਲਈ ਬਹੁਤ ਪ੍ਰਸੰਗਿਕ ਹਨ। ਉਨ੍ਹਾਂ ਨੇ ਸਮਾਜ ਵਿੱਚੋਂ ਜਾਤ-ਪਾਤ, ਭੇਦਭਾਵ ਅਤੇ ਉੱਚ-ਨੀਚ ਵਰਗੀਆਂ ਸਮਾਜਿਕ ਬੁਰਾਈਆਂ ਨੂੰ ਦੂਰ ਕਰਨ ਅਤੇ ਸਾਰੇ ਮਨੁੱਖਾਂ ਨੂੰ ਬਰਾਬਰ ਸਮਝਣ ਦਾ ਸੰਦੇਸ਼ ਦਿੱਤਾ। ਉਨ੍ਹਾਂ ਦੀ ਵਿਚਾਰਧਾਰਾ ਮਨੁੱਖਤਾ, ਆਪਸੀ ਪਿਆਰ, ਸਾਂਝ ਅਤੇ ਭਾਈਚਾਰੇ ਦੀਆਂ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕਰਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵੀਦਾਸ ਜੀ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਹ ਵਿਸ਼ੇਸ਼ ਡਾਕੂਮੈਂਟਰੀ ਪਿੰਡਾਂ ਵਿੱਚ ਦਿਖਾਉਣ ਦਾ ਉਦੇਸ਼ ਗੁਰੂ ਸਾਹਿਬ ਦੇ ਸੰਦੇਸ਼ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਉਣਾ ਹੈ। ਐਲ.ਈ.ਡੀ. ਸਕਰੀਨ ਰਾਹੀਂ ਦਿਖਾਈ ਜਾਣ ਵਾਲੀ ਇਹ ਦਸਤਾਵੇਜ਼ੀ ਫਿਲਮ ਲੋਕਾਂ ਨੂੰ ਗੁਰੂ ਸਾਹਿਬ ਦੇ ਜੀਵਨ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਬਾਰੇ ਜਾਣੂ ਕਰਵਾਉਣ ਦਾ ਪ੍ਰਭਾਵਸ਼ਾਲੀ ਮਾਧਿਅਮ ਹੈ।

ਐੱਸ.ਡੀ.ਐੱਮ. ਨੇ ਕਿਹਾ ਕਿ ਸ੍ਰੀ ਗੁਰੂ ਰਵੀਦਾਸ ਜੀ ਮਹਾਰਾਜ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਅਪਨਾ ਕੇ ਇੱਕ ਅਜਿਹੇ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ, ਜਿੱਥੇ ਹਰ ਵਿਅਕਤੀ ਨੂੰ ਬਰਾਬਰ ਸਨਮਾਨ ਅਤੇ ਮੌਕੇ ਮਿਲਣ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਣ ਅਤੇ ਸਮਾਜ ਵਿੱਚ ਪਿਆਰ, ਸਦਭਾਵਨਾ ਤੇ ਭਾਈਚਾਰੇ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰਨ। ਪੰਜਾਬ ਸਰਕਾਰ ਦਾ ਇਹ ਉਪਰਾਲਾ ਸ੍ਰੀ ਗੁਰੂ ਰਵੀਦਾਸ ਜੀ ਮਹਾਰਾਜ ਦੇ ਸਰਬ-ਸਾਂਝੀਵਾਲਤਾ ਅਤੇ ਮਨੁੱਖੀ ਬਰਾਬਰੀ ਦੇ ਸੰਦੇਸ਼ ਨੂੰ ਘਰ-ਘਰ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾ ਰਿਹਾ ਹੈ।

# ਹਲਕਾ ਖਰੜ ਦੇ ਲੋਕਾਂ ਨੂੰ ਮਿਲੇ 6 ਨਵੇਂ ਆਮ ਆਦਮੀ ਕਲੀਨਿਕ, ਸਿਹਤ ਕ੍ਰਾਂਤੀ ਨੂੰ ਮਿਲਿਆ ਹੋਰ ਹੁਲਾਰਾ

**ਖਰੜ, 14 ਅਕਤੂਬਰ (ਪੈਗ਼ਾਮ-ਏ-ਜਗਤ)**

ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਸਿਹਤ ਕ੍ਰਾਂਤੀ ਤਹਿਤ ਲੋਕਾਂ ਨੂੰ ਬਿਹਤਰ ਅਤੇ ਮੁਫ਼ਤ ਸਿਹਤ ਸਹੂਲਤਾਂ ਮੁਹਈਆ ਕਰਵਾਉਣ ਲਈ ਲਗਾਤਾਰ ਵੱਡੇ ਪੱਧਰ 'ਤੇ ਕੰਮ ਕੀਤਾ ਜਾ ਰਿਹਾ ਹੈ। ਇਸੇ ਲੜੀ ਤਹਿਤ ਪੰਜਾਬ ਸਰਕਾਰ ਵੱਲੋਂ ਅੱਜ ਸੂਬੇ ਦੇ ਲੋਕਾਂ ਨੂੰ 154 ਹੋਰ ਆਮ ਆਦਮੀ ਕਲੀਨਿਕ ਸਮਰਪਿਤ ਕੀਤੇ ਗਏ ਹਨ। ਇਸ ਤਹਿਤ ਹਲਕਾ ਖਰੜ ਦੇ ਲੋਕਾਂ ਨੂੰ ਵੀ 6 ਨਵੇਂ ਆਮ ਆਦਮੀ ਕਲੀਨਿਕ ਮਿਲੇ ਹਨ, ਜੋ ਪਿੰਡ ਸਿੰਘਪੁਰਾ, ਤਿਊੜ, ਤੋਗਾਂ, ਮੱਛਲੀ ਕਲਾਂ, ਚਟੌਲੀ ਅਤੇ ਬਡਾਲੀ ਵਿਖੇ ਸਥਾਪਿਤ ਕੀਤੇ ਗਏ ਹਨ। ਇਨ੍ਹਾਂ ਕਲੀਨਿਕਾਂ ਦੇ ਉਦਘਾਟਨ ਮੌਕੇ ਪੰਜਾਬ ਯੂਥ ਵਿਕਾਸ ਬੋਰਡ ਦੇ ਚੇਅਰਮੈਨ ਸ. ਪਰਮਿੰਦਰ ਸਿੰਘ ਗੋਲਡੀ ਨੇ ਪਿੰਡ ਚਟੌਲੀ ਅਤੇ ਮੱਛਲੀ ਕਲਾਂ ਦਾ ਦੌਰਾ ਕੀਤਾ ਅਤੇ ਸਿੰਘਪੁਰਾ ਵਿਖੇ ਆਮ ਆਦਮੀ ਕਲੀਨਿਕ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਨਾਲ ਕੁਰਾਲੀ ਨਗਰ ਕੌਂਸਲ ਦੇ ਪ੍ਰਧਾਨ ਬਹਾਦਰ ਸਿੰਘ ਓ.ਕੇ., ਕੌਂਸਲਰ ਅਸ਼ਵਨੀ ਕੁਮਾਰ, ਅਮਨਦੀਪ ਸਿੰਘ ਰੌਕੀ ਅਤੇ ਸੰਜੀਵ ਰਾਣਾ ਵੀ ਮੌਜੂਦ ਸਨ। ਇਸ ਤੋਂ ਇਲਾਵਾ ਐੱਸ.ਐੱਮ.ਓ. ਅਲਕਜੋਤ ਅਤੇ ਕਲੀਨਿਕ ਦਾ ਸਟਾਫ਼ ਵੀ ਹਾਜ਼ਰ ਸੀ।






ਇਸ ਮੌਕੇ ਸੰਬੋਧਨ ਕਰਦਿਆਂ ਸ. ਪਰਮਿੰਦਰ ਸਿੰਘ ਗੋਲਡੀ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਸੂਬੇ ਦੇ ਹਰ ਨਾਗਰਿਕ ਤੱਕ ਮਿਆਰੀ ਸਿਹਤ ਸਹੂਲਤਾਂ ਪਹੁੰਚਾਉਣਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਕਲੀਨਿਕ ਲੋਕਾਂ ਨੂੰ ਘਰਾਂ ਦੇ ਨੇੜੇ ਮੁਫ਼ਤ ਸਿਹਤ ਸਹੂਲਤਾਂ ਦੇਣ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਹਨ। ਇਨ੍ਹਾਂ ਕਲੀਨਿਕਾਂ ਦੇ ਖੁੱਲ੍ਹਣ ਨਾਲ ਲੋਕਾਂ ਨੂੰ ਆਪਣੇ ਇਲਾਕੇ ਵਿੱਚ ਹੀ ਮੁੱਢਲੀਆਂ ਸਿਹਤ ਸੇਵਾਵਾਂ ਮਿਲਣਗੀਆਂ ਅਤੇ ਇਲਾਜ ਲਈ ਦੂਰ-ਦੁਰਾਡੇ ਜਾਣ ਦੀ ਲੋੜ ਘੱਟ ਹੋਵੇਗੀ। ਉਨ੍ਹਾਂ ਕਿਹਾ ਕਿ ਅਜਿਹੀਆਂ ਪਹਿਲਕਦਮੀਆਂ ਨਾਲ ਆਮ ਲੋਕਾਂ ਨੂੰ ਸਿਹਤ ਸੇਵਾਵਾਂ ਦਾ ਸਿੱਧਾ ਲਾਭ ਮਿਲ ਰਿਹਾ ਹੈ ਅਤੇ ਸਰਕਾਰ ਦਾ ਇਹ ਉਪਰਾਲਾ ਸ਼ਲਾਘਾਯੋਗ ਹੈ।

ਇਸੇ ਤਰ੍ਹਾਂ ਪਿੰਡ ਬਡਾਲੀ ਵਿਖੇ ਆਮ ਆਦਮੀ ਕਲੀਨਿਕ ਦਾ ਉਦਘਾਟਨ ਬਲਾਕ ਸੰਮਤੀ ਦੇ ਚੇਅਰਮੈਨ ਸ. ਰਘੁਵੀਰ ਸਿੰਘ ਮੋਦੀ ਵੱਲੋਂ ਕੀਤਾ ਗਿਆ। ਇਸ ਮੌਕੇ ਡਾ. ਹਰਜਿੰਦਰ ਸਿੰਘ, ਡਾ. ਸਰੋਜ, ਬਲਾਕ ਘੜੂੰਆਂ ਦੇ ਨੋਡਲ ਅਫ਼ਸਰ, ਮੀਡੀਆ ਇੰਚਾਰਜ ਬਲਜੀਤ ਸਿੰਘ, ਹਰਭਜਨ ਸਿੰਘ ਬਡਾਲੀ, ਜਸਵੀਰ ਸਿੰਘ ਅਤੇ ਜੁਝਾਰ ਸਿੰਘ ਸਮੇਤ ਹੋਰ ਪਤਵੰਤੇ ਹਾਜ਼ਰ ਸਨ। ਜ਼ਿਕਰਯੋਗ ਹੈ ਕਿ ਆਮ ਆਦਮੀ ਕਲੀਨਿਕਾਂ ਵਿੱਚ ਲੋਕਾਂ ਨੂੰ ਲੋੜੀਂਦੀਆਂ ਬੁਨਿਆਦੀ ਸਿਹਤ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।

ਇਨ੍ਹਾਂ ਕਲੀਨਿਕਾਂ ਵਿੱਚ 107 ਤਰ੍ਹਾਂ ਦੀਆਂ ਜ਼ਰੂਰੀ ਦਵਾਈਆਂ ਅਤੇ ਮਰੀਜ਼ਾਂ ਦੀ ਸਿਹਤ ਜਾਂਚ ਲਈ 47 ਤਰ੍ਹਾਂ ਦੇ ਵੱਖ-ਵੱਖ ਡਾਇਗਨੋਸਟਿਕ ਟੈਸਟ ਮੁਫ਼ਤ ਉਪਲਬਧ ਕਰਵਾਏ ਜਾ ਰਹੇ ਹਨ। ਇਸ ਤੋਂ ਇਲਾਵਾ ਗਰਭਵਤੀ ਮਹਿਲਾਵਾਂ ਲਈ ਅਲਟਰਾਸਾਊਂਡ ਦੀ ਸਹੂਲਤ ਵੀ ਮੁਫ਼ਤ ਮੁਹੱਈਆ ਕਰਵਾਈ ਜਾ ਰਹੀ ਹੈ। ਹਲਕਾ ਖਰੜ ਵਿੱਚ 6 ਨਵੇਂ ਆਮ ਆਦਮੀ ਕਲੀਨਿਕ ਸ਼ੁਰੂ ਹੋਣ ਨਾਲ ਇਲਾਕੇ ਦੇ ਲੋਕਾਂ ਨੂੰ ਸਿਹਤ ਸੇਵਾਵਾਂ ਦਾ ਹੋਰ ਲਾਭ ਮਿਲੇਗਾ।

# ਬਜ਼ੁਰਗਾਂ ਦੀ ਸਿਹਤ ਜਾਂਚ, ਪੈਨਸ਼ਨ ਅਤੇ ਸੀਨੀਅਰ ਸਿਟੀਜ਼ਨ ਕਾਰਡ ਸਬੰਧੀ ਸਹੂਲਤਾਂ ਦੇਣ ਲਈ ਡੇਰਾਬੱਸੀ ਵਿਖੇ ਵਿਸ਼ੇਸ਼ ਕੈਂਪ ਲਗਾਇਆ

## ਵਿਧਾਇਕ ਕੁਲਜੀਤ ਰੰਧਾਵਾ ਨੇ ਕੈਂਪ ਵਿੱਚ ਲੱਗੇ ਵੱਖ-ਵੱਖ ਸਟਾਲਾਂ ਦਾ ਨਿਰੀਖਣ ਕੀਤਾ

**ਡੇਰਾਬੱਸੀ, 14 ਅਕਤੂਬਰ (ਪੈਗ਼ਾਮ-ਏ-ਜਗਤ)**

ਪੰਜਾਬ ਸਰਕਾਰ ਦੇ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਸੀਨੀਅਰ ਸਿਟੀਜ਼ਨਾਂ ਦੀ ਭਲਾਈ ਲਈ ਚਲਾਈ ਜਾ ਰਹੀ ਸਟੇਟ ਐਕਸ਼ਨ ਪਲਾਨ 2026-27 ਅਤੇ ਫਲੈਗਸ਼ਿਪ ਪ੍ਰੋਗਰਾਮ 'ਸਾਡੇ ਬਜ਼ੁਰਗ ਸਾਡਾ ਮਾਣ' ਤਹਿਤ ਜ਼ਿਲ੍ਹਾ ਸਮਾਜਿਕ ਸੁਰੱਖਿਆ ਦਫ਼ਤਰ, ਐੱਸ.ਏ.ਐੱਸ. ਨਗਰ ਵੱਲੋਂ ਕਮਿਊਨਿਟੀ ਸੈਂਟਰ ਡੇਰਾਬੱਸੀ ਵਿਖੇ ਵਿਸ਼ੇਸ਼ 'ਹੋਲਿਸਟਿਕ ਵੈੱਲ-ਬੀਇੰਗ ਕੈਂਪ' ਲਗਾਇਆ ਗਿਆ। ਇਸ ਕੈਂਪ ਦਾ ਮੁੱਖ ਉਦੇਸ਼ ਬਜ਼ੁਰਗਾਂ ਨੂੰ ਸਿਹਤ ਸੇਵਾਵਾਂ, ਸਮਾਜਿਕ ਸੁਰੱਖਿਆ ਸਕੀਮਾਂ ਅਤੇ ਹੋਰ ਲੋੜੀਂਦੀਆਂ ਸਹੂਲਤਾਂ ਇੱਕੋ ਥਾਂ 'ਤੇ ਮੁਹੱਈਆ ਕਰਵਾਉਣਾ ਸੀ।



ਕੈਂਪ ਵਿੱਚ ਹਲਕਾ ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਨੇ ਕੈਂਪ ਵਿੱਚ ਲਗਾਏ ਗਏ ਵੱਖ-ਵੱਖ ਸਟਾਲਾਂ ਦਾ ਨਿਰੀਖਣ ਕੀਤਾ ਅਤੇ ਬਜ਼ੁਰਗਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਨੇ ਬਜ਼ੁਰਗਾਂ ਦੀ ਸਿਹਤ ਸੰਭਾਲ, ਸਮਾਜਿਕ ਸੁਰੱਖਿਆ ਅਤੇ ਮਾਣ-ਸਤਿਕਾਰ ਨੂੰ ਯਕੀਨੀ ਬਣਾਉਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਕੈਂਪ ਦੌਰਾਨ ਸਿਵਲ ਹਸਪਤਾਲ ਦੇ ਮਾਹਰ ਡਾਕਟਰਾਂ ਦੀ ਟੀਮ ਵੱਲੋਂ ਬਜ਼ੁਰਗਾਂ ਦੀਆਂ ਅੱਖਾਂ, ਕੰਨ-ਨੱਕ-ਗਲੇ, ਹੱਡੀਆਂ ਅਤੇ ਆਮ ਸਿਹਤ ਸਬੰਧੀ ਮੁਫ਼ਤ ਜਾਂਚ ਕੀਤੀ ਗਈ। ਇਸ ਤੋਂ ਇਲਾਵਾ ਆਯੁਰਵੇਦ ਅਤੇ ਹੋਮਿਓਪੈਥੀ ਦੇ ਡਾਕਟਰਾਂ ਵੱਲੋਂ ਵੀ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਗਈਆਂ। ਲੋੜਵੰਦ ਬਜ਼ੁਰਗਾਂ ਦੇ ਮੁਫ਼ਤ ਲੈਬ ਟੈਸਟ ਕੀਤੇ ਗਏ ਅਤੇ ਉਨ੍ਹਾਂ ਨੂੰ ਮੁਫ਼ਤ ਦਵਾਈਆਂ ਤੇ ਐਨਕਾਂ ਵੀ ਵੰਡੀਆਂ ਗਈਆਂ।

ਬਜ਼ੁਰਗਾਂ ਨੂੰ ਸਰਕਾਰੀ ਭਲਾਈ ਸਕੀਮਾਂ ਦਾ ਲਾਭ ਆਸਾਨੀ ਨਾਲ ਦਿਵਾਉਣ ਲਈ ਮੌਕੇ 'ਤੇ ਸੇਵਾ ਕੇਂਦਰ ਦਾ ਕਾਊਂਟਰ ਸਥਾਪਤ ਕੀਤਾ ਗਿਆ, ਜਿੱਥੇ ਬੁਢਾਪਾ ਪੈਨਸ਼ਨ ਅਤੇ ਸੀਨੀਅਰ ਸਿਟੀਜ਼ਨ ਕਾਰਡ ਲਈ ਅਰਜ਼ੀਆਂ ਦਿੱਤੀਆਂ ਗਈਆਂ। ਇਸ ਪਹਿਲਕਦਮੀ ਨਾਲ ਬਜ਼ੁਰਗਾਂ ਨੂੰ ਸਬੰਧਤ ਸੇਵਾਵਾਂ ਲਈ ਵੱਖ-ਵੱਖ ਦਫ਼ਤਰਾਂ ਵਿੱਚ ਜਾਣ ਦੀ ਲੋੜ ਘਟਾਉਣ ਵਿੱਚ ਮਦਦ ਮਿਲੀ। ਇਸ ਮੌਕੇ ਬਜ਼ੁਰਗਾਂ ਨੂੰ ਡਿਜੀਟਲ ਅਤੇ ਵਿੱਤੀ ਸਾਖਰਤਾ ਬਾਰੇ ਵੀ ਜਾਗਰੂਕ ਕੀਤਾ ਗਿਆ। ਉਨ੍ਹਾਂ ਨੂੰ ਆਨਲਾਈਨ ਠੱਗੀਆਂ ਤੋਂ ਬਚਣ, ਆਪਣੀ ਨਿੱਜੀ ਅਤੇ ਵਿੱਤੀ ਜਾਣਕਾਰੀ ਸੁਰੱਖਿਅਤ ਰੱਖਣ ਅਤੇ ਡਿਜੀਟਲ ਸੇਵਾਵਾਂ ਦੀ ਸਾਵਧਾਨੀ ਨਾਲ ਵਰਤੋਂ ਕਰਨ ਬਾਰੇ ਜਾਣਕਾਰੀ ਦਿੱਤੀ ਗਈ। ਇਸ ਦੇ ਨਾਲ ਹੀ ਕਾਨੂੰਨੀ ਸਹਾਇਤਾ ਸਬੰਧੀ ਜਾਣਕਾਰੀ ਦੇਣ ਲਈ ਵੀ ਸਟਾਲ ਲਗਾਇਆ ਗਿਆ। ਬਜ਼ੁਰਗਾਂ ਦੀ ਮਾਨਸਿਕ ਖੁਸ਼ਹਾਲੀ ਅਤੇ ਸਮਾਜਿਕ ਭਾਗੀਦਾਰੀ ਨੂੰ ਉਤਸ਼ਾਹਿਤ ਕਰਨ ਲਈ ਪਰੰਪਰਾਗਤ ਖੇਡਾਂ ਅਤੇ ਰਚਨਾਤਮਕ ਗਤੀਵਿਧੀਆਂ ਦਾ ਪ੍ਰਬੰਧ ਵੀ ਕੀਤਾ ਗਿਆ।

ਇਨ੍ਹਾਂ ਗਤੀਵਿਧੀਆਂ ਰਾਹੀਂ ਬਜ਼ੁਰਗਾਂ ਨੂੰ ਆਪਸੀ ਮੇਲ-ਮਿਲਾਪ ਅਤੇ ਸਰਗਰਮ ਜੀਵਨਸ਼ੈਲੀ ਨਾਲ ਜੁੜਨ ਦਾ ਮੌਕਾ ਮਿਲਿਆ। ਕੈਂਪ ਵਿੱਚ ਸ਼ਾਮਲ ਬਜ਼ੁਰਗਾਂ ਨੇ ਉਨ੍ਹਾਂ ਦੀ ਸਿਹਤ, ਸੁਰੱਖਿਆ ਅਤੇ ਭਲਾਈ ਲਈ ਕੀਤੇ ਗਏ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ। ਇਸ ਮੌਕੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਨਵਦੀਪ ਕੌਰ ਵੀ ਮੌਜੂਦ ਸਨ।

# ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਜਨਮ ਦਿਨ 16 ਅਕਤੂਬਰ ਨੂੰ ਜਨਤਕ ਛੁੱਟੀ ਕਰਨ ਦੀ ਮੰਗ

**ਚੰਡੀਗੜ੍ਹ, 14 ਅਕਤੂਬਰ (ਪੈਗ਼ਾਮ-ਏ-ਜਗਤ)**

ਵਿਸ਼ਵ ਪੰਜਾਬੀ ਪ੍ਰਚਾਰ ਸਭਾ ਚੰਡੀਗੜ੍ਹ ਵੱਲੋਂ ਪੰਜਾਬ ਸਰਕਾਰ ਅਤੇ ਚੰਡੀਗੜ੍ਹ ਪ੍ਰਸ਼ਾਸਨ ਤੋਂ ਪੁਰਜ਼ੋਰ ਮੰਗ ਕੀਤੀ ਗਈ ਹੈ ਕਿ 16 ਅਕਤੂਬਰ 2026 ਨੂੰ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਜਨਮ ਦਿਨ ਤੇ ਜਨਤਕ ਛੁੱਟੀ ਕੀਤੀ ਜਾਵੇ।

ਸੰਸਥਾ ਦੇ ਪ੍ਰਧਾਨ ਪ੍ਰਿੰ. ਬਹਾਦਰ ਸਿੰਘ ਗੋਸਲ, ਜਨਰਲ ਸਕੱਤਰ ਅਵਤਾਰ ਸਿੰਘ ਮਹਿਤਪੁਰੀ, ਉਪ ਪ੍ਰਧਾਨ ਭੁਪਿੰਦਰ ਭਾਗੋਮਾਜਰੀਆ, ਕਾਰਜਕਾਰੀ ਸਕੱਤਰ ਰਾਜ ਕੁਮਾਰ ਸਾਹੋਵਾਲੀਆ ਅਤੇ ਪ੍ਰੈੱਸ ਸਕੱਤਰ ਬੀਬੀ ਬਲਜਿੰਦਰ ਕੌਰ ਸ਼ੇਰਗਿੱਲ ਨੇ ਕਿਹਾ ਕਿ ਸਿੱਖ ਕੌਮ ਦੇ ਮਹਾਨ ਯੋਧੇ ਅਤੇ ਸਰਹਿੰਦ ਦੀ ਇੱਟ ਨਾਲ ਇੱਟ ਵਜਾਉਣ ਵਾਲੇ ਵਿਲੱਖਣ ਸ਼ਕਤੀ ਦੇ ਪ੍ਰਤੀਕ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਜਨਮ ਦਿਨ ਵੱਡੇ ਪੱਧਰ ਤੇ ਮਨਾਉਣਾ ਚਾਹੀਦਾ ਹੈ ਅਤੇ ਇਸ ਸਾਲ ਇਹ ਜਨਮ ਦਿਨ 16 ਅਕਤੂਬਰ,2026 ਨੂੰ ਆ ਰਿਹਾ ਹੈ ਅਤੇ ਉਨ੍ਹਾਂ ਨੇ ਪੰਜਾਬੀ ਅਤੇ ਚੰਡੀਗੜ੍ਹ ਵਿਚ ਜਨਤਕ ਛੁੱਟੀ ਦੀ ਮੰਗ ਕੀਤੀ ਹੈ।



ਇਸ ਸਬੰਧ ਵਿਚ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਵੱਲੋਂ ਪਹਿਲਾ ਹੀ ਪੰਜਾਬ ਸਰਕਾਰ ਨੂੰ ਛੁੱਟੀ ਲਈ ਅਪੀਲ ਕੀਤੀ ਗਈ ਹੈ। ਪ੍ਰਿੰ. ਗੋਸਲ ਨੇ ਕਿਹਾ ਕਿ ਇਸ ਸੰਸਥਾ ਦੇ ਅੰਤਰਰਾਸ਼ਟਰੀ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ ਵੱਲੋਂ ਜੋ ਉਪਰਾਲੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਕੁਰਬਾਨੀ ਨੂੰ ਸਮਰਪਿਤ ਕੀਤੇ ਜਾ ਰਹੇ ਹਨ, ਵਿਸ਼ਵ ਪੰਜਾਬੀ ਪ੍ਰਚਾਰ ਸਭਾ ਚੰਡੀਗੜ੍ਹ ਉਨ੍ਹਾਂ ਦਾ ਤਹਿ ਦਿਲ ਤੋਂ ਧੰਨਵਾਦ ਕਰਦੀ ਹੈ। ਇਸ ਲਈ ਖੁਸ਼ੀ ਦੀ ਗੱਲ ਹੈ ਕਿ ਉਨ੍ਹਾਂ ਵੱਲੋਂ ਵੱਡੀ ਸੋਚ ਅਤੇ ਬਾਬਾ ਜੀ ਦੀ ਪੱਕੀ ਯਾਦਗਾਰ ਬਨਾਉਣ ਸੰਬੰਧੀ ਜੋ ਵਿਲੱਖਣ ਅਜਾਇਬ ਘਰ ਪਿੰਡ ਰਕਬਾ ਜ਼ਿਲ੍ਹਾ ਲੁਧਿਆਣੇ ਵਿਖੇ ਅਧਭੁੱਤ ਤਰੀਕੇ ਨਾਲ ਬਣਾਇਆ ਗਿਆ ਹੈ ਉਹ ਸੰਗਤਾਂ ਦੇ ਦੇਖਣਯੋਗ ਹੈ।

ਉਨ੍ਹਾਂ ਨੇ ਸਮੂਹ ਸੰਗਤਾਂ ਨੂੰ ਵੀ ਬੇਨਤੀ ਕੀਤੀ ਕਿ ਸਮਾਂ ਮਿਲਣ ਤੇ ਇਸ ਬਚਿਤਰ ਅਜਾਇਬ ਘਰ ਦੇ ਦਰਸ਼ਨ ਕਰਕੇ ਆਉਣ ਤਾਂ ਕਿ ਕੌਮ ਦੇ ਮਹਾਨ ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਵਿਸ਼ਵ ਪੰਜਾਬੀ ਪ੍ਰਚਾਰ ਸਭਾ ਚੰਡੀਗੜ੍ਹ ਦੇ ਸਮੂਹ ਅਹੁਦੇਦਾਰ ਵੀ ਇਸ ਵਿਲੱਖਣ ਸਿੱਖ ਅਜਾਇਬ ਘਰ ਨੂੰ ਦੇਖਣ ਦੇ ਚਾਹਵਾਨ ਹਨ। ਜਿਸ ਲਈ ਬੜੀ ਜਲਦੀ ਹੀ ਪ੍ਰੋਗਰਾਮ ਉਲੀਕਿਆ ਜਾਵੇਗਾ।

# ਮਾਨਸਾ ਵਿੱਚ ਨਸ਼ਿਆਂ ਵਿਰੁੱਧ ਲੜਨ ਵਾਲੇ ਪਰਵਿੰਦਰ ਝੋਟਾ ਦੀ ਹੱਤਿਆ ਨੇ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦਾ ਕੱਢਿਆ ਜਨਾਜਾ-ਡਾ. ਕਰੀਮਪੁਰੀ

**ਪੈਗ਼ਾਮ-ਏ-ਜਗਤ ਹੁਸ਼ਿਆਰਪੁਰ (ਦਲਜੀਤ ਅਜਨੋਹਾ)**

ਮਾਨਸਾ ਅੰਦਰ ਨਸ਼ਿਆਂ ਅਤੇ ਡਰੱਗ ਮਾਫੀਆ ਵਿਰੁੱਧ ਡਟ ਕੇ ਪਹਿਰਾ ਦੇਣ ਵਾਲੇ ਨੌਜਵਾਨ ਪਰਵਿੰਦਰ ਸਿੰਘ ਝੋਟਾ ਦੇ ਬੇਰਹਿਮੀ ਨਾਲ ਕੀਤੇ ਗਏ ਕਤਲ ਨੂੰ ਲੈ ਕੇ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਨੇ ਸਰਕਾਰ ਨੂੰ ਸਖ਼ਤ ਸ਼ਬਦਾਂ ਵਿੱਚ ਘੇਰਦਿਆਂ ਇੱਕ ਤਿਖਾ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਪਰਵਿੰਦਰ ਝੋਟੇ ਦੀ ਹੱਤਿਆ ਨੇ ਪੰਜਾਬ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦਾ ਜਨਾਜਾ ਕੱਢ ਕੇ ਰੱਖ ਦਿੱਤਾ ਹੈ। ਜਦੋਂ ਨਸ਼ਾ ਤਸਕਰਾਂ ਖ਼ਿਲਾਫ਼ ਲੜਨ ਵਾਲੇ ਸੂਰਬੀਰ ਹੀ ਸੁਰੱਖਿਅਤ ਨਹੀਂ ਹਨ, ਤਾਂ ਆਮ ਲੋਕਾਂ ਦੀ ਸੁਰੱਖਿਆ ਦਾ ਅੰਦਾਜ਼ਾ ਆਸਾਨੀ ਨਾਲ ਲਗਾਇਆ ਜਾ ਸਕਦਾ ਹੈ।



ਕਰੀਮਪੁਰੀ ਨੇ ਮੰਗ ਕੀਤੀ ਹੈ ਕਿ ਪੀੜਤ ਪਰਿਵਾਰ ਦੀਆਂ ਸਾਰੀਆਂ ਮੰਗਾਂ ਨੂੰ ਬਿਨਾਂ ਕਿਸੇ ਦੇਰੀ ਦੇ ਪ੍ਰਵਾਨ ਕੀਤਾ ਜਾਵੇ ਅਤੇ ਕਾਤਲਾਂ ਨੂੰ ਮਿਸਾਲੀ ਸਜ਼ਾ ਦਿੱਤੀ ਜਾਵੇ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਸਵਾਲ ਕੀਤਾ ਕਿ ਸੂਬੇ ਦੀ ਮੌਜੂਦਾ ਬਰਬਾਦੀ ਲਈ ਜ਼ਿੰਮੇਵਾਰ ਕਾਂਗਰਸ, ਅਕਾਲੀ ਦਲ, ਭਾਜਪਾ ਅਤੇ 'ਆਪ' ਵਰਗੀਆਂ ਚਾਰੇ ਧਿਰਾਂ ਨੂੰ ਹੁਣ ਹੋਰ ਮੌਕਾ ਦੇਣ ਦੀ ਕੋਈ ਤੁੱਕ ਨਹੀਂ ਬਣਦੀ। ਇਨ੍ਹਾਂ ਚੌਹਾਂ ਨੂੰ ਪੰਜਾਬ ਦੀ ਤਰੱਕੀ ਅਤੇ ਜਵਾਨੀ ਨੂੰ ਤਬਾਹ ਕਰਨ ਲਈ ਨਕਾਰਿਆ ਜਾਣਾ ਚਾਹੀਦਾ ਹੈ।ਬਸਪਾ ਦੀ 'ਪੰਜਾਬ ਸੰਭਾਲੋ ਮੁਹਿੰਮ' ਨਾਲ ਜੁੜਨ ਦਾ ਸੱਦਾ ਦਿੰਦਿਆਂ ਡਾ.ਕਰੀਮਪੁਰੀ ਨੇ ਐਲਾਨ ਕੀਤਾ ਕਿ ਪੰਜਾਬ ਵਿੱਚੋਂ ਡਰੱਗ ਮਾਫੀਆ ਦੀਆਂ ਜੜ੍ਹਾਂ ਪੁੱਟਣ ਅਤੇ ਮਾਵਾਂ ਦੇ ਪੁੱਤਾਂ ਨੂੰ ਮੌਤ ਦੇ ਮੂੰਹੋਂ ਬਚਾਉਣ ਲਈ ਬਸਪਾ ਵੱਲੋਂ ਪੰਜਾਬ ਸੰਭਾਲੋ ਮੁਹਿੰਮ ਪੂਰੇ ਜ਼ੋਰਾਂ-ਸ਼ੋਰਾਂ ਨਾਲ ਚਲਾਈ ਜਾ ਰਹੀ ਹੈ। ਉਨ੍ਹਾਂ ਪੰਜਾਬੀਆਂ ਨੂੰ ਅਪੀਲ ਕੀਤੀ ਹੈ ਕਿ ਇਸ ਮੁਹਿੰਮ ਨੂੰ ਭਰਪੂਰ ਆਸ਼ੀਰਵਾਦ ਦਿਓ ਤਾਂ ਜੋ ਸੂਬੇ ਨੂੰ ਪੂਰੀ ਤਰ੍ਹਾਂ ਨਸ਼ਾ ਮੁਕਤ ਬਣਾਇਆ ਜਾ ਸਕੇ।

# ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਮਰਨ ਉਪਰੰਤ ਸਰੀਰ ਦਾਨ ਕਰਨ ਵਾਲੇ ਪਰਿਵਾਰ ਨੂੰ ਸਨਮਾਨਿਤ ਕੀਤਾ

ਪੈ.ਗਾਮ-ਏ-ਜਗਤ
ਨਵਾਂਸ਼ਹਿਰ (ਦੇਸ ਰਾਜ ਬਾਲੀ)

ਚੰਡੀਗੜ੍ਹ ਦੇ ਸੈਕਟਰ-32 ਸਥਿਤ ਸਰਕਾਰੀ ਮੈਡੀਕਲ ਕਾਲਜ ਵਿਖੇ 'ਖੂਨਦਾਨ ਦਿਵਸ' ਮਨਾਇਆ ਗਿਆ। ਇਸ ਸਮਾਗਮ ਦੌਰਾਨ ਖੂਨਦਾਨੀਆਂ, ਸਰੀਰ ਦਾਨੀਆਂ ਦੇ

- ਪਿੰਡ ਮੁਬਾਰਕਪੁਰ ਦੇ ਕੇਸਰ ਸਿੰਘ ਸਾਧੜਾ ਨੇ ਲਿਆ ਸਨਮਾਨ ਪੱਤਰ

ਪਰਿਵਾਰਾਂ ਅਤੇ ਸਹਿਯੋਗੀ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਸਨਮਾਨਿਤ ਕੀਤਾ ਗਿਆ।

ਇਸ ਪ੍ਰੋਗਰਾਮ ਦੀ ਪ੍ਰਧਾਨਗੀ ਪੰਜਾਬ ਅਤੇ ਚੰਡੀਗੜ੍ਹ ਦੇ ਮਾਣਯੋਗ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਕੀਤੀ। ਇਸ



ਮੌਕੇ 'ਤੇ, ਪਿੰਡ ਮੁਬਾਰਕਪੁਰ ਦੇ ਸਰਦਾਰ ਕੇਸਰ ਸਿੰਘ ਜਿਨ੍ਹਾਂ ਨੇ ਪਿਛਲੇ ਦਿਨੀ ਆਪਣੀ ਜੀਵਨ ਸਾਥਣ ਕੁਲਬੀਰ ਕੌਰ ਸਾਧੜਾ ਦਾ ਮਰਨ ਉਪਰੰਤ ਸਰੀਰ ਦਾਨ ਕੀਤਾ ਸੀ ਅਤੇ ਉਹਨਾਂ ਦਾ ਸਰੀਰ ਸੈਕਟਰ 32 ਚੰਡੀਗੜ੍ਹ ਦੇ ਹਸਪਤਾਲ ਦੀ ਟੀਮ ਬੜੇ ਸਤਿਕਾਰ ਨਾਲ ਉਹਨਾਂ ਦੇ ਘਰ ਪਿੰਡ ਮੁਬਾਰਕਪੁਰ ਤੋਂ ਲੈ ਕੇ ਗਈ ਸੀ ਇਸੇ ਕਰਕੇ ਸਰਦਾਰ ਕੇਸਰ ਸਿੰਘ ਦਾ ਉਹਨਾਂ ਦੀ ਜੀਵਨ ਸਾਥਣ ਕੁਲਬੀਰ ਕੌਰ ਦਾ ਸਰੀਰ ਦਾਨ ਕਰਨ ਤੇ ਵਿਸ਼ੇਸ਼ ਸਨਮਾਨ ਕੀਤਾ ਗਿਆ।

ਇਸ ਮੌਕੇ ਰਾਜਪਾਲ ਨੇ ਸਰੀਰ ਦਾਨ ਦੀ ਪ੍ਰਕਿਰਿਆ ਨੂੰ ਸੁਖਾਲਾ ਬਣਾਉਣ ਅਤੇ ਸਰੀਰ ਦਾਨ ਅਤੇ ਖੂਨਦਾਨ ਦੀ ਮਹੱਤਤਾ ਬਾਰੇ ਵਿਸਥਾਰਪੂਰਵਕ ਚਰਚਾ ਕੀਤੀ। ਇਸ ਸਮਾਗਮ ਵਿੱਚ ਮਨਦੀਪ ਸਿੰਘ ਬਰਾੜ, ਡਾ. ਰਵਨੀਤ ਕੌਰ (ਡਾਇਰੈਕਟਰ ਅਤੇ ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ, ਸੈਕਟਰ-32, ਚੰਡੀਗੜ੍ਹ), ਸਿਹਤ ਵਿਭਾਗ ਦੇ ਅਧਿਕਾਰੀ ਅਤੇ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦੇ ਵੀ ਮੌਜੂਦ ਸਨ।

ਰਾਜਪਾਲ ਵਲੋਂ ਕੇਸਰ ਸਿੰਘ ਸਾਧੜਾ ਪਿੰਡ ਮੁਬਾਰਕਪੁਰ ਦਾ ਸਨਮਾਨ ਕਰਨ ਤੇ ਪਿੰਡ ਵਾਸੀਆਂ, ਰਾਵਲ ਸਿੰਘ ਨੰਬਰਦਾਰ, ਜੋਗਾ ਸਿੰਘ ਸਾਧੜਾ, ਦੇਸ ਰਾਜ ਬਾਲੀ ਨੰਬਰਦਾਰ, ਮਹਿੰਦਰ ਸਿੰਘ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ, ਚਰਨਜੀਤ ਸਿੰਘ ਵਲੋਂ ਧੰਨਵਾਦ ਕੀਤਾ।

# ਪੰਜਾਬ ਫੁੱਟਬਾਲ ਲੀਗ ਦੇ ਮੈਚ ਵਿੱਚ ਸਪੋਰਟਿੰਗ ਕਲੱਬ ਮਾਹਿਲਪੁਰ ਨੇ ਉਲੰਪੀਅਨ ਜਰਨੈਲ ਸਿੰਘ ਕਲੱਬ ਨੂੰ 4-2 ਨਾਲ ਹਰਾਇਆ

ਪੈ.ਗਾਮ-ਏ-ਜਗਤ
ਗੜ੍ਹਸ਼ੰਕਰ,14 ਅਕਤੂਬਰ
(ਹਰੀ ਕ੍ਰਿਸ਼ਨ ਗੰਗੜ)

ਪੰਜਾਬ ਫੁੱਟਬਾਲ ਐਸੋਸੀਏਸ਼ਨ ਵੱਲੋਂ ਪੰਜਾਬ ਫੁੱਟਬਾਲ ਲੀਗ ( ਡਿਵੀਜਨ ਬੀ) ਅਧੀਨ ਅੱਜ ਬੱਬਰ ਅਕਾਲੀ ਮੈਮੋਰੀਅਲ ਖਾਲਸਾ ਕਾਲਜ ਗੜ੍ਹਸ਼ੰਕਰ ਵਿੱਚ ਏਸ਼ੀਆ ਦੀ ਫੁੱਟਬਾਲ ਟੀਮ ਦੇ ਕਪਤਾਨ ਸਵਰਗਵਾਸੀ ਜਰਨੈਲ ਸਿੰਘ ਪਨਾਮ ਦੀ ਯਾਦ ਨੂੰ ਸਮਰਪਿਤ ਵਿਸ਼ੇਸ਼ ਮੈਚ ਦਾ ਆਯੋਜਨ ਕੀਤਾ ਗਿਆ। ਇਹ ਮੈਚ ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਮਾਹਿਲਪੁਰ ਅਤੇ ਉਲੰਪੀਅਨ ਜਰਨੈਲ ਸਿੰਘ ਫੁੱਟਬਾਲ ਕਲੱਬ ਗੜ੍ਹਸ਼ੰਕਰ ਵਿਚਕਾਰ ਕਰਵਾਇਆ ਗਿਆ। ਇਸ ਮੈਚ ਮੌਕੇ ਅਰਜੁਨ ਐਵਾਰਡ ਜੇਤੂ ਫੁੱਟਬਾਲਰ ਗੁਰਦੇਵ



ਸਿੰਘ ਗਿੱਲ, ਸਰਪ੍ਰਸਤ ਫੁੱਟਬਾਲ ਪਲੇਅਰਜ਼ ਵੈਲਫੇਅਰ ਸੁਸਾਇਟੀ, ਮਾਹਿਲਪੁਰ ਉਚੇਚੇ ਤੌਰ 'ਤੇ ਪੁੱਜੇ ਅਤੇ ਖੇਡ ਜਗਤ ਦੀਆਂ ਸ਼ਖ਼ਸੀਅਤਾਂ ਦੀ ਹਾਜ਼ਰੀ ਵਿੱਚ ਉਲੰਪੀਅਨ ਜਰਨੈਲ ਸਿੰਘ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਇਸ ਮੈਚ ਵਿੱਚ ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਮਾਹਿਲਪੁਰ ਵੱਲੋਂ ਖੇਡੀ ਖਾਲਸਾ ਕਾਲਜ ਮਾਹਿਲਪੁਰ ਦੀ ਟੀਮ ਨੇ ਉਲੰਪੀਅਨ ਜਰਨੈਲ ਸਿੰਘ ਫੁੱਟਬਾਲ ਕਲੱਬ ਗੜ੍ਹਸ਼ੰਕਰ ਵੱਲੋਂ ਖੇਡੀ ਖਾਲਸਾ ਕਾਲਜ ਗੜ੍ਹਸ਼ੰਕਰ ਦੀ ਟੀਮ ਨੂੰ 4-2 ਦੇ ਫਰਕ ਨਾਲ ਹਰਾਇਆ। ਇਸ ਜਿੱਤ ਨਾਲ ਹੀ ਖਾਲਸਾ ਕਾਲਜ ਮਾਹਿਲਪੁਰ ਦੀ ਟੀਮ ਨੇ ਪੰਜਾਬ ਫੁੱਟਬਾਲ ਲੀਗ ਦੇ ਡਿਵੀਜ਼ਨ ਏ ਵਰਗ ਵਿੱਚ ਵੀ ਪ੍ਰਵੇਸ਼ ਕਰ ਲਿਆ ਹੈ। । ਇਸ ਸਬੰਧੀ ਸਿੱਖ ਐਜੂਕੇਸ਼ਨਲ ਕੌਂਸਲ ਦੇ ਪ੍ਰਧਾਨ ਸੰਤ ਸਾਧੂ ਸਿੰਘ ਕਹਾਰਪੁਰ, ਮੈਨੇਜਰ ਇੰਦਰਜੀਤ ਸਿੰਘ ਭਾਰਟਾ, ਸਕੱਤਰ ਪ੍ਰੋ ਅਪਿੰਦਰ ਸਿੰਘ, ਖ਼ਾਲਸਾ ਕਾਲਜ ਮਾਹਿਲਪੁਰ ਦੇ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ, ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਮਾਹਿਲਪੁਰ ਦੇ ਪ੍ਰਧਾਨ ਕੁਲਵੰਤ ਸਿੰਘ ਸੰਘਾ ਨੇ ਇਸ ਜਿੱਤ ਲਈ ਖਿਡਾਰੀਆਂ ਨੂੰ ਮੁਬਾਰਕਬਾਦ ਦਿੱਤੀ ਅਤੇ ਇਸ ਜਿੱਤ ਦਾ ਸਿਹਰਾ ਖਿਡਾਰੀਆਂ ਦੀ ਸਖ਼ਤ ਮਿਹਨਤ ਨੂੰ ਦਿੱਤਾ। ਇਸ ਮੈਚ ਮੌਕੇ ਖੇਡ ਪ੍ਰਮੋਟਰ ਯੋਗ ਰਾਜ ਗੰਭੀਰ ,ਰਾਕੇਸ਼ ਕੁਮਾਰ ਪਨਾਮ, ਰਾਣਾ ਸਲਿੰਦਰ ਸਿੰਘ ਡੀ ਪੀ, ਡਾ ਰਾਜ ਕੁਮਾਰ, ਦਲਜੀਤ ਸਿੰਘ ਬਿੱਟੂ, ਇੰਜੀਨੀਅਰ ਤਰਲੋਚਨ ਸਿੰਘ ਸੰਧੂ, ਤਲਵਿੰਦਰ ਸਿੰਘ ਹੀਰ ਨੰਗਲ ਖਿਡਾਰੀਆਂ, ਤਰਸੇਮ ਭਾਅ, ਹਰਿੰਦਰ ਸਨੀ ਖਾਬੜਾ,ਚਰਨਜੀਤ ਕੁਮਾਰ ਸਮੇਤ ਵੱਡੀ ਗਿਣਤੀ ਵਿੱਚ ਖਿਡਾਰੀ ਤੇ ਖੇਡ ਪ੍ਰੇਮੀ ਹਾਜ਼ਰ ਸਨ।

# ਖ਼ਾਲਸਾ ਕਾਲਜ 'ਚ ਅੰਗੇਰਜ਼ੀ ਵਿਭਾਗ ਵਲੋਂ ਅਕਾਦਮਿਕੀ ਗਤੀਵਿਧੀ ਦਾ ਆਯੋਜਨ

ਪੈ.ਗਾਮ-ਏ-ਜਗਤ
ਗੜ੍ਹਸ਼ੰਕਰ (ਹਰੀ ਕ੍ਰਿਸ਼ਨ ਗੰਗੜ)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਕਾਲਜ ਦੇ ਅੰਗੇਰਜ਼ੀ ਵਿਭਾਗ ਵਲੋਂ ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਦੀ ਅਗਵਾਈ ਹੇਠ ਐੱਮ.ਐੱਲ.ਏ. 8 : ਦ ਰਿਸਰਚਰਜ਼ ਗਾਇਡ ਟੂ ਅਕੈਡਮਿਕ ਰਾਇਟਿੰਗ ਵਿਸ਼ੇ 'ਤੇ ਅਕਾਦਮਿਕੀ ਗਤੀਵਿਧੀ ਦਾ ਆਯੋਜਨ ਕੀਤਾ ਗਿਆ।

ਇਸ ਮੌਕੇ ਪ੍ਰੋ. ਨਵਦੀਪ ਸਿੰਘ ਮੁੱਖ ਬੁਲਾਰੇ ਵਜੋਂ ਸ਼ਾਮਿਲ ਹੋਏ। ਉਨ੍ਹਾਂ ਨੇ ਹਵਾਲਿਆਂ ਦੀ ਸਹੀ



ਵਰਤੋਂ, ਵਰਕਸ ਸਾਈਟਿਡ ਪੰਨੇ ਦੀ ਤਿਆਰੀ, ਸਰੋਤਾਂ ਦਾ ਉਚਿਤ ਜ਼ਿਕਰ ਕਰਨ ਅਤੇ ਵਿਦਵਤਾਪੂਰਨ ਸਮੱਗਰੀ ਦੀ ਨੈਤਿਕ ਵਰਤੋਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਦੇ ਨਾਲ ਹੀ ਸਾਹਿਤਕ ਚੋਰੀ ਤੋਂ ਬਚਣ, ਅਕਾਦਮਿਕ ਇਮਾਨਦਾਰੀ ਬਣਾਈ ਰੱਖਣ ਅਤੇ ਖੋਜ ਦੇ ਵਿਦਵਤਾਪੂਰਨ ਲੇਖਣ ਦੇ ਹੁਨਰਾਂ ਨੂੰ ਵਿਕਸਿਤ ਕਰਨ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ।

ਕਾਲਜ ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਨੇ ਅੰਗਰੇਜ਼ੀ ਵਿਭਾਗ ਵਲੋਂ ਕੀਤੇ ਗਏ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਉਨ੍ਹਾਂ ਖੋਜ ਕਾਰਜ ਵਿਚ ਨੈਤਿਕ ਕਦਰਾਂ-ਕੀਮਤਾਂ, ਹਵਾਲਿਆਂ ਦੀ ਸਹੀ ਵਰਤੋਂ ਅਤੇ ਅਕਾਦਮਿਕ ਇਮਾਨਦਾਰੀ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਖੋਜ-ਮੁੱਖੀ ਦ੍ਰਿਸ਼ਟੀਕੋਣ ਅਪਨਾਉਣ ਅਤੇ ਅਕਾਦਮਿਕ ਲੇਖਣ ਵਿਚ ਉੱਤਮਤਾ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ। ਪ੍ਰੋਗਰਾਮ ਦਾ ਪ੍ਰਬੰਧ ਪ੍ਰੋ. ਪੂਨਮ ਵਲੋਂ ਕੀਤਾ ਗਿਆ ਤੇ ਪ੍ਰੋ. ਰਿਤੂ ਸਿੰਘ ਨੇ ਕੋਆਰਡੀਨੇਟਰ ਦੀ ਭੂਮਿਕਾ ਨਿਭਾਈ।

# ਪਰਮਿੰਦਰ ਝੋਟੇ ਦਾ ਕਤਲ ਡਰੱਗ ਮਾਫੀਆ, ਮਾਨ ਸਰਕਾਰ ਅਤੇ ਪੁਲਸ ਪ੍ਰਸ਼ਾਸਨ ਦੇ ਗੱਠਜੋੜ ਦਾ ਸ਼ਰਮਨਾਕ ਨਤੀਜਾ : ਐਡਵੋਕੇਟ ਪਲਵਿੰਦਰ ਮਾਨਾ

ਪੈ.ਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਬਹੁਜਨ ਸਮਾਜ ਪਾਰਟੀ ਹਲਕਾ ਚੱਬੇਵਾਲ ਦੇ ਇੰਚਾਰਜ ਐਡਵੋਕੇਟ ਪਲਵਿੰਦਰ ਮਾਨਾ ਨੇ ਪੰਜਾਬ ਦੇ ਮਾਨਸਾ ਜਿਲੇ ਵਿੱਚ ਵਾਪਰੀ ਘਟਨਾ ਦੇ ਸਬੰਧ ਵਿੱਚ ਕਿਹਾ ਕਿ ਪੰਜਾਬ ਦਾ ਮਹੌਲ ਅਤੇ ਕਨੂੰਨ ਵਿਵਸਥਾ ਬਿਲਕੁਲ ਫੇਲ ਹੋ ਚੁੱਕੀ ਹੈ, ਪੰਜਾਬ ਅੰਦਰ ਦਿਨ ਬ ਦਿਨ ਮੋਹੌਲ ਖਰਾਬ ਹੁੰਦਾ ਜਾ ਰਿਹਾ ਹੈ, ਸ਼ਰੇਆਮ ਗੋਲੀਆਂ ਚੱਲ ਰਹੀਆਂ ਹਨ। ਪੰਜਾਬ ਦੀ ਭਗਵੰਤ ਮਾਨ ਸਰਕਾਰ ਦੀ ਕਾਰਗੁਜਾਰੀ ਤੋਂ ਪੰਜਾਬ ਦਾ ਹਰ ਵਰਗ ਦੁਖੀ ਅਤੇ ਨਾ ਖੁਸ਼ ਹੈ ਅਤੇ ਪੰਜਾਬ ਦੀ ਜਵਾਨੀ ਨਸ਼ੇ / ਚਿੱਟੇ ਨੇ ਬਰਬਾਦ ਕਰ ਦਿੱਤੀ ਹੈ, ਜਿਸਦੀ ਜਿੰਮੇਵਾਰ ਭਗਵੰਤ ਮਾਨ ਸਰਕਾਰ ਹੈ।

ਜਿਲਾ ਮਾਨਸਾ ਦੇ ਵਿੱਚ ਜੋਂ ਨੌਜਵਾਨ ਪਰਮਿੰਦਰ ਝੋਟੇ ਦਾ ਦਿਨ ਦਿਹਾੜੇ ਕਤਲ ਹੋਇਆ ਹੈ ਇਸਦੀ ਜਿੰਮੇਵਾਰ ਵੀ ਮਾਨ ਸਰਕਾਰ ਹੈ, ਕਿਉਕਿ ਪੰਜਾਬ ਦੇ ਅੰਦਰ ਜਦੋਂ ਤੱਕ ਡਰੱਗ ਮਾਫੀਆ, ਮਾਨ ਸਰਕਾਰ ਅਤੇ ਪੁਲਸ ਪ੍ਰਸ਼ਾਸਨ ਦਾ ਗੱਠਜੋੜ/ ਆਪਸੀ ਸਾਂਝ ਨਹੀਂ ਟੁੱਟਦੀ ਉਦੋਂ ਤੱਕ ਪੰਜਾਬ ਵਿੱਚੋਂ ਨਸ਼ਾ ਖਤਮ ਨਹੀਂ ਹੋਵੇਗਾ।



ਇਸ ਦੌਰਾਨ ਐਡਵੋਕੇਟ ਮਾਨਾ ਨੇ ਪੁਲਸ ਪ੍ਰਸ਼ਾਸਨ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਜੇਕਰ ਪੰਜਾਬ ਪੁਲਸ ਨੇ ਮਾਨ ਸਰਕਾਰ ਦੇ ਦਬਾਅ ਹੇਠ ਪਰਮਿੰਦਰ ਝੋਟੇ ਦਾ ਜਬਰਨ ਸੰਸਕਾਰ ਕੀਤਾ ਤਾਂ ਬਹੁਜਨ ਸਮਾਜ ਪਾਰਟੀ ਪੰਜਾਬ ਵਿੱਚ ਡਾ ਅਵਤਾਰ ਸਿੰਘ ਕਰੀਮਪੁਰੀ ਜੀ ਦੀ ਅਗਵਾਈ ਵਿੱਚ ਵੱਡਾ ਅੰਦੋਲਨ ਕਰੇਗੀ।

ਐਡਵੋਕੇਟ ਪਲਵਿੰਦਰ ਮਾਨਾ ਨੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਆਓ ਇਕਜੁਟ ਹੋ ਕੇ ਬਸਪਾ ਦੀ ਪੰਜਾਬ ਸੰਭਾਲੋ ਮੁਹਿੰਮ ਦੇ ਨਾਲ ਜੁੜੀਏ ਅਤੇ ਪੰਜਾਬ ਅੰਦਰ ਡਾ ਅਵਤਾਰ ਸਿੰਘ ਕਰੀਮਪੁਰੀ ਜੀ ਸਾਬਕਾ ਸਾਂਸਦ, ਸਾਬਕਾ ਵਿਧਾਇਕ ਅਤੇ ਪੰਜਾਬ ਪ੍ਰਧਾਨ ਜੀ ਦੀ ਅਗਵਾਈ ਵਿੱਚ ਬਸਪਾ ਦੀ ਸਰਕਾਰ ਬਣਾਈਏ ਅਤੇ ਪੰਜਾਬ ਨੂੰ ਮੁੜ ਨਸ਼ਾ ਮੁਕਤ, ਭ੍ਰਿਸ਼ਟਾਚਾਰ ਮੁਕਤ ਅਤੇ ਪੰਜਾਬ ਦੀ ਜਵਾਨੀ ਅਤੇ ਕਿਰਸਾਨੀ ਨੂੰ ਸੰਭਾਲਦੇ ਹੋਏ ਰੰਗਲਾ ਪੰਜਾਬ ਬਣਾਈਏ।

# ਸ੍ਰੀ ਰਾਮ ਲੀਲਾ ਵਿੱਚ ਪੁਸ਼ਪ ਵਾਟਿਕਾ ਵਿੱਚ ਮਾਤਾ ਸੀਤਾ ਅਤੇ ਭਗਵਾਨ ਰਾਮ ਦੀ ਭੇਂਟ ਅਤੇ ਸ਼ਿਵ ਧਨੁਸ਼ ਤੋੜਨ ਦੀ ਲੀਲਾ ਦਾ ਮੰਚਨ ਦੇਖ ਕੇ ਸ਼ਰਧਾਲੂ ਭਾਵ-ਵਿਭੋਰ ਹੋਏ

ਪੈ.ਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਸ੍ਰੀ ਰਾਮ ਲੀਲਾ ਕਮੇਟੀ ਵੱਲੋਂ ਕਰਵਾਏ ਜਾ ਰਹੇ ਦੁਸਹਿਰਾ ਉਤਸਵ ਦੇ ਤੀਜੇ ਦਿਨ ਜਿੱਥੇ ਭਗਵਾਨ ਰਾਮ ਅਤੇ ਲਕਸ਼ਮਣ ਦੇ ਜਨਕਪੁਰੀ ਪਹੁੰਚਣ ਅਤੇ ਪੁਸ਼ਪ ਵਾਟਿਕਾ ਵਿੱਚ ਭਗਵਾਨ ਰਾਮ ਅਤੇ ਮਾਤਾ ਸੀਤਾ ਦੀ ਭੇਂਟ ਦੀ ਲੀਲਾ ਦਾ ਮੰਚਨ ਕੀਤਾ ਗਿਆ, ਉੱਥੇ ਚੌਥੇ ਦਿਨ ਸ਼ਿਵ ਧਨੁਸ਼ ਤੋੜਨ ਅਤੇ ਭਗਵਾਨ ਰਾਮ ਅਤੇ ਮਾਤਾ ਸੀਤਾ ਦਾ ਵਿਆਹ ਪੱਕਾ ਹੋਣ ਦੇ ਮੰਚਨ ਨੇ ਹਾਜ਼ਰੀਨ ਨੂੰ ਭਾਵ-ਵਿਭੋਰ ਕਰ ਦਿੱਤਾ। ਪੁਸ਼ਪ ਵਾਟਿਕਾ ਵਿੱਚ ਭਗਵਾਨ ਰਾਮ ਅਤੇ ਮਾਤਾ ਸੀਤਾ ਨੇ ਇੱਕ-ਦੂਜੇ ਨੂੰ ਦੇਖਿਆ ਅਤੇ ਮਨ ਹੀ ਮਨ ਮਾਤਾ ਸੀਤਾ ਨੇ ਭਗਵਾਨ ਸ੍ਰੀ ਰਾਮ ਨੂੰ ਆਪਣੇ ਪਤੀ ਦੇ ਰੂਪ ਵਿੱਚ ਸਵੀਕਾਰ ਕਰ ਲਿਆ ਸੀ। ਪ੍ਰਧਾਨ ਗੋਪੀ ਚੰਦ ਕਪੂਰ ਦੀ ਪ੍ਰਧਾਨਗੀ ਵਿੱਚ ਕਰਵਾਏ ਜਾ ਰਹੇ ਉਤਸਵ ਦੌਰਾਨ ਦਿਖਾਇਆ ਗਿਆ ਕਿ ਕਿਸ ਤਰ੍ਹਾਂ ਰਾਜਾ ਜਨਕ ਨੇ ਮਾਤਾ ਸੀਤਾ ਦੇ ਵਿਆਹ ਲਈ ਸ਼ਿਵ ਧਨੁਸ਼ ਤੋੜਨ ਦੀ ਸ਼ਰਤ ਰੱਖੀ ਹੋਈ ਸੀ ਅਤੇ ਇਸ ਲਈ ਵੱਡੇ-ਵੱਡੇ ਰਾਜੇ ਜਨਕਪੁਰੀ ਪਹੁੰਚੇ ਸਨ। ਸਾਰਿਆਂ ਨੇ ਵਾਰੀ-ਵਾਰੀ ਜ਼ੋਰ ਲਾਇਆ, ਪਰ ਕੋਈ ਵੀ ਧਨੁਸ਼ ਨੂੰ



ਤੋੜਨਾ ਤਾਂ ਦੂਰ ਦੀ ਗੱਲ ਹਿਲਾ ਵੀ ਨਹੀਂ ਸਕਿਆ।

ਇਸ 'ਤੇ ਰਾਜਾ ਜਨਕ ਜਦੋਂ ਧਰਤੀ 'ਤੇ ਕੋਈ ਵੀਰ ਯੋਧਾ ਨਹੀਂ ਜੋ ਧਨੁਸ਼ ਨੂੰ ਚੁੱਕ ਸਕੇ ਦੀ ਗੱਲ ਕਰਦੇ ਹਨ ਤਾਂ ਲਕਸ਼ਮਣ ਗੁੱਸੇ ਵਿੱਚ ਖੜ੍ਹੇ ਹੋ ਜਾਂਦੇ ਹਨ ਅਤੇ ਰਾਜਾ ਜਨਕ ਨੂੰ ਰਘੁਕੁਲਮਣੀ ਭਗਵਾਨ ਰਾਮ ਬਾਰੇ ਦੱਸਦੇ ਹਨ। ਇਸ ਦੌਰਾਨ ਭਗਵਾਨ ਰਾਮ ਦਾ ਇਸ਼ਾਰਾ ਮਿਲਣ 'ਤੇ ਲਕਸ਼ਮਣ ਸ਼ਾਂਤ ਹੋ ਜਾਂਦੇ ਹਨ ਅਤੇ ਗੁਰੂ ਵਿਸ਼ਵਾਮਿੱਤਰ ਤੋਂ ਆਗਿਆ ਲੈ ਕੇ ਭਗਵਾਨ ਰਾਮ ਧਨੁਸ਼ ਨੂੰ ਚੁੱਕ ਕੇ ਇੱਕ ਹੀ ਪਲ ਵਿੱਚ ਤੋੜ ਦਿੰਦੇ ਹਨ। ਜਿਸ ਨਾਲ ਧਰਤੀ ਕੰਬ ਉੱਠਦੀ ਹੈ ਅਤੇ ਚਾਰੇ ਦਿਸ਼ਾਵਾਂ ਵਿੱਚ ਹਾਹਾਕਾਰ ਮੱਚ ਜਾਂਦੀ ਹੈ। ਧਨੁਸ਼ ਦੇ ਟੁੱਟਣ ਨਾਲ ਹੋਈ ਤੇਜ਼ ਗਰਜ ਸੁਣ ਕੇ ਭਗਵਾਨ ਪਰਸ਼ੁਰਾਮ ਸਮਝ ਜਾਂਦੇ ਹਨ ਕਿ ਕਿਸੇ ਨੇ ਉਨ੍ਹਾਂ ਦੇ ਆਰਾਧਿਆ ਭਗਵਾਨ ਸ਼ਿਵ ਦੇ ਧਨੁਸ਼ ਨੂੰ ਤੋੜ ਦਿੱਤਾ ਹੈ ਅਤੇ ਉਹ ਸਿੱਧੇ ਰਾਜਾ ਜਨਕ ਦੀ ਸਭਾ ਵਿੱਚ ਪਹੁੰਚ ਜਾਂਦੇ ਹਨ। ਜਿਸ ਤੋਂ ਬਾਅਦ ਲਕਸ਼ਮਣ ਅਤੇ ਪਰਸ਼ੁਰਾਮ ਜੀ ਵਿੱਚ ਤਿੱਖਾ ਸੰਵਾਦ ਹੁੰਦਾ ਹੈ ਅਤੇ ਭਗਵਾਨ ਰਾਮ ਉਨ੍ਹਾਂ ਤੋਂ ਮਾਫੀ ਮੰਗਦਿਆਂ ਖੁਦ ਨੂੰ ਹਰ ਸਜ਼ਾ ਲਈ ਅੱਗੇ ਕਰ ਦਿੰਦੇ ਹਨ।

ਮੰਚਨ ਵਿੱਚ ਦਿਖਾਇਆ ਗਿਆ ਕਿ ਜਦੋਂ ਭਗਵਾਨ ਪਰਸ਼ੁਰਾਮ ਨੇ ਭਗਵਾਨ ਰਾਮ ਨੂੰ ਅੰਤਰ-ਧਿਆਨ ਹੋ ਕੇ ਦੇਖਿਆ ਤਾਂ ਉਹ ਸਮਝ ਗਏ ਕਿ ਉਹ ਤਾਂ ਸਾਕਸ਼ਾਤ ਭਗਵਾਨ ਵਿਸ਼ਨੂੰ ਦਾ ਅਵਤਾਰ ਹਨ। ਇਸ ਤੋਂ ਬਾਅਦ ਭਗਵਾਨ ਰਾਮ ਅਤੇ ਮਾਤਾ ਜਾਨਕੀ ਦੇ ਵਿਆਹ ਦੀਆਂ ਤਿਆਰੀਆਂ ਸ਼ੁਰੂ ਹੋਣ ਲੱਗੀਆਂ। ਇਸ ਦੌਰਾਨ ਆਰਤੀ ਤੋਂ ਬਾਅਦ ਹਾਜ਼ਰ ਸ਼ਰਧਾਲੂਆਂ ਨੇ ਭਗਵਾਨ ਸ੍ਰੀ ਰਾਮ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਸ਼ਿਵ ਸੂਦ, ਪ੍ਰਦੀਪ ਹਾਂਡਾ, ਰਾਕੇਸ਼ ਸੂਰੀ, ਸੰਜੀਵ ਐਰੀ, ਰਾਮ ਅਗਰਵਾਲ, ਰਮੇਸ਼ ਮਹਿਤਾ, ਕਮਲ ਵਰਮਾ, ਰਾਜਿੰਦਰ ਮੋਦਗਿਲ, ਤਰਸੇਮ ਮੋਦਗਿਲ, ਹਰੀਸ਼ ਅਨੰਦ, ਅਜੇ ਜੈਨ, ਦੀਪਕ ਵਾਲੀਆ, ਦੀਪਕ ਸ਼ਾਰਦਾ, ਰਘਵੀਰ ਬੰਟੀ, ਕਪਿਲ ਹਾਂਡਾ, ਆਸ਼ੀਸ਼ ਵਰਮਾ, ਵਰੁਣ ਕੈਂਥ, ਸੁਨੀਲ ਪਰਾਸ਼ਰ, ਦੀਨੇਸ਼ ਗੁਪਤਾ, ਅਸ਼ਵਨੀ ਸ਼ਰਮਾ ਛੋਟਾ, ਕੁਨਾਲ ਚਤਰਥ, ਪਵਨ ਸ਼ਰਮਾ, ਵਰੁਣ ਐਰੀ, ਦਵਿੰਦਰਨਾਥ ਬਿੰਦਾ, ਸੁਸ਼ੀਲ ਪਡਿਆਲ, ਰਾਕੇਸ਼ ਡੋਗਰਾ, ਰਾਜੇਸ਼ ਸੱਠੀ, ਪਵਨ ਸ਼ਰਮਾ, ਮਨੋਜ ਦੱਤਾ, ਕ੍ਰਿਸ਼ਨ ਗੋਪਾਲ ਮੋਦਗਿਲ, ਸਾਹਿਲ ਸਾਂਪਲਾ, ਭਾਰਤ ਭੂਸ਼ਣ ਵਰਮਾ, ਰਾਜਨ ਗੁਪਤਾ ਮਿੰਟੂ, ਸ਼ਿਵ ਜੈਨ, ਵਰੁਣ ਸ਼ਰਮਾ ਆਸ਼ੂ, ਸ਼ਿਵਮ ਓਹਰੀ ਸਮੇਤ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਨੇ ਸ੍ਰੀ ਰਾਮ ਲੀਲਾ ਦਾ ਮੰਚਨ ਦੇਖਿਆ ਅਤੇ ਪ੍ਰਭੂ ਮਹਿਮਾ ਦਾ ਗੁਣਗਾਨ ਕੀਤਾ।

# ਨਸ਼ਿਆਂ ਖ਼ਿਲਾਫ਼ ਆਵਾਜ਼ ਉਠਾਉਣ ਵਾਲੇ ਪਰਵਿੰਦਰ ਸਿੰਘ ਝੋਟੇ ਦੀ ਹੱਤਿਆ ਬਹੁਤ ਨਿੰਦਣਯੋਗ : ਨਿਰਮਲ ਦੋਸਤ

ਪੈ.ਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਮਾਨਸਾ ਵਿਖੇ ਨਸ਼ਿਆਂ ਖ਼ਿਲਾਫ਼ ਆਵਾਜ਼ ਉਠਾਉਣ ਵਾਲੇ ਪਰਵਿੰਦਰ ਸਿੰਘ ਝੋਟੇ ਦੀ ਦਿਨ-ਦਿਹਾੜੇ ਗੋਲੀ ਮਾਰ ਕੇ ਹੱਤਿਆ ਕੀਤੇ ਜਾਣ ਦੀ ਘਟਨਾ ਬੇਹੱਦ ਨਿੰਦਣਯੋਗ ਹੈ। ਇਹ ਪ੍ਰਗਟਾਵਾ ਮਿਸ਼ਨ ਨਿਊ ਇੰਡੀਆ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਨਿਰਮਲ ਦੋਸਤ (ਪੱਤਰਕਾਰ) ਨੇ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਲਗਾਤਾਰ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਅਜਿਹੇ ਹਾਲਾਤ ਵਿੱਚ ਨਸ਼ਿਆਂ ਵਿਰੁੱਧ ਆਵਾਜ਼ ਬੁਲੰਦ ਕਰਨ ਵਾਲੇ ਨੌਜਵਾਨ ਦੀ ਹੱਤਿਆ ਦੀ ਘਟਨਾ ਸਮੁੱਚੇ ਸਮਾਜ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ।



ਨਿਰਮਲ ਦੋਸਤ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਲੜਾਈ ਸਿਰਫ਼ ਸਰਕਾਰ ਜਾਂ ਪ੍ਰਸ਼ਾਸਨ ਦੀ ਹੀ ਨਹੀਂ, ਸਗੋਂ ਸਮੁੱਚੇ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਹੈ। ਜੇਕਰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਖ਼?ਲਾਫ਼ ਆਵਾਜ਼ ਉਠਾਉਣ ਵਾਲੇ ਲੋਕਾਂ ਨੂੰ ਹੀ ਆਪਣੀ ਜਾਨ ਦਾ ਖ਼ਤਰਾ ਬਣਿਆ ਰਹੇਗਾ ਤਾਂ ਆਮ ਲੋਕ ਨਸ਼ਿਆਂ ਵਿਰੁੱਧ ਖੁੱਲ੍ਹ ਕੇ ਬੋਲਣ ਤੋਂ ਕਿਵੇਂ ਹੌਸਲਾ ਕਰਨਗੇ? ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਇਸ ਘਟਨਾ ਨੂੰ ਗੰਭੀਰਤਾ ਨਾਲ ਲੈਂਦਿਆਂ ਨਸ਼ਿਆਂ ਵਿਰੁੱਧ ਕੰਮ ਕਰਨ ਵਾਲੇ ਸਮਾਜ ਸੇਵੀਆਂ ਅਤੇ ਆਮ ਨਾਗਰਿਕਾਂ ਦੀ ਸੁਰੱਖਿਆ ਯਕੀਨੀ ਬਣਾਉਣੀ ਚਾਹੀਦੀ ਹੈ। ਉਨ੍ਹਾਂ ਭਗਵੰਤ ਮਾਨ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਉਠਾਉਂਦਿਆਂ ਕਿਹਾ ਕਿ ਲੋਕਾਂ ਦੀ ਜਾਨ-ਮਾਲ ਦੀ ਰਾਖੀ ਕਰਨਾ ਸਰਕਾਰ ਅਤੇ ਪ੍ਰਸ਼ਾਸਨ ਦੀ ਮੁੱਢਲੀ ਜ਼ਿੰਮੇਵਾਰੀ ਹੈ। ਉਨ੍ਹਾਂ ਮੈਡੀਕਲ ਨਸ਼ਿਆਂ ਦੀ ਰੋਕਥਾਮ ਦੇ ਮਾਮਲੇ ਵਿੱਚ ਡਰੱਗ ਇੰਸਪੈਕਟਰਾਂ ਦੀ ਭੂਮਿਕਾ ਅਤੇ ਜਵਾਬਦੇਹੀ ਵੱਲ ਵੀ ਧਿਆਨ ਦਿਵਾਇਆ। ਉਨ੍ਹਾਂ ਕਿਹਾ ਕਿ ਦਵਾਈਆਂ ਦੀ ਆੜ 'ਚ ਨਸ਼ੀਲੇ ਪਦਾਰਥਾਂ ਦੀ ਗੈਰ-ਕਾਨੂੰਨੀ ਵਿਕਰੀ ਨੂੰ ਰੋਕਣ ਲਈ ਸਖ਼ਤ ਨਿਗਰਾਨੀ ਅਤੇ ਨਿਯਮਤ ਜਾਂਚ ਹੋਣੀ ਚਾਹੀਦੀ ਹੈ। ਸਬੰਧਤ ਵਿਭਾਗਾਂ ਨੂੰ ਆਪਣੀ ਜ਼ਿੰਮੇਵਾਰੀ ਪੂਰੀ ਇਮਾਨਦਾਰੀ ਨਾਲ ਨਿਭਾਉਣੀ ਚਾਹੀਦੀ ਹੈ, ਤਾਂ ਜੋ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿੱਚ ਜਾਣ ਤੋਂ ਬਚਾਇਆ ਜਾ ਸਕੇ। ਮਿਸ਼ਨ ਨਿਊ ਇੰਡੀਆ ਦੇ ਆਗੂ ਨਿਰਮਲ ਦੋਸਤ ਰਾਏਕੋਟ ਨੇ ਪੁਰਜ਼ੋਰ ਮੰਗ ਕੀਤੀ ਕਿ ਪਰਵਿੰਦਰ ਸਿੰਘ ਝੋਟੇ ਦੀ ਹੱਤਿਆ ਦੇ ਮਾਮਲੇ ਵਿੱਚ ਨਿਰਪੱਖ ਜਾਂਚ ਕਰਕੇ ਦੋਸ਼ੀਆਂ ਖ਼ਿਲਾਫ਼ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਠੋਸ ਤੇ ਪ੍ਰਭਾਵਸ਼ਾਲੀ ਕਦਮ ਚੁੱਕੇ ਜਾਣ।

# ਮੋਦੀ ਸਰਕਾਰ ਦੇ ਫਾਸ਼ੀਵਾਦ ਵਿਰੁੱਧ ਨਵਾਂਸ਼ਹਿਰ ਵਿਖੇ ਮੁਜ਼ਾਹਰਾ 17 ਅਕਤੂਬਰ ਨੂੰ

ਪੈ.ਗਾਮ-ਏ-ਜਗਤ
ਨਵਾਂਸ਼ਹਿਰ( ਦੇਸ ਰਾਜ ਬਾਲੀ)

ਫਾਸ਼ੀਵਾਦੀ ਹਮਲਿਆਂ ਵਿਰੋਧੀ ਫਰੰਟ ਜਿਲਾ ਸ਼ਹੀਦ ਭਗਤ ਸਿੰਘ ਨਗਰ ਵਲੋਂ ਭਾਰਤ ਦੇ ਮੁੱਖ ਚੋਣ ਕਮਿਸ਼ਨਰ ਦੇ ਅਸਤੀਫੇ, ਚੋਣ ਕਮਿਸ਼ਨਰ ਨਿਯੁਕਤੀ ਕਾਨੂੰਨ 2023 ਰੱਦ ਕਰਨ, ਐਸ ਆਈ ਆਰ ਰੱਦ ਕਰਕੇ 2025 ਦੀ ਚੋਣ ਸੂਚੀ ਬਹਾਲ ਕਰਨ ਦੀ ਮੰਗ ਨੂੰ ਲੈਕੇ 17 ਅਕਤੂਬਰ ਨੂੰ ਨਵਾਂਸ਼ਹਿਰ ਵਿਖੇ ਰੈਲੀ ਅਤੇ ਮੁਜਾਹਰਾ ਕੀਤਾ ਜਾ ਰਿਹਾ ਹੈ।ਇਹ ਜਾਣਕਾਰੀ ਦਿੰਦਿਆਂ ਫਾਸ਼ੀਵਾਦੀ ਹਮਲਿਆਂ ਵਿਰੋਧੀ ਫਰੰਟ ਦੇ ਆਗੂਆਂ ਕੁਲਵਿੰਦਰ ਸਿੰਘ ਵੜੈਚ,ਕੁਲਦੀਪ ਸਿੰਘ ਦੌੜਕਾ ਅਤੇ ਜਸਵਿੰਦਰ ਸਿੰਘ ਭੰਗਲ ਨੇ ਦੱਸਿਆ ਕਿ ਮੁਜਾਹਰੇ ਤੋਂ ਪਹਿਲਾਂ 11 ਵਜੇ ਬੱਸ ਅੱਡਾ ਨਵਾਂਸ਼ਹਿਰ ਵਿਖੇ ਰੈਲੀ ਕੀਤੀ ਜਾਵੇਗੀ।

ਉਹਨਾਂ ਕਿਹਾ ਕਿ ਜਿਸ ਢੰਗ ਨਾਲ ਦਿੱਲੀ ਵਿਚ ਪੁਲਸ ਵਲੋਂ ਦਹਿਸ਼ਤ ਦਾ ਨਾਚ ਨਚਕੇ ਸੰਵਿਧਾਨਕ ਅਤੇ ਜਮਹੂਰੀ ਹੱਕਾਂ ਦਾ ਘਾਣ ਕੀਤਾ ਗਿਆ ਹੈ ਉਸਤੋਂ ਭਾਜਪਾ - ਆਰ ਐਸ ਐਸ ਸਰਕਾਰ ਦਾ ਫਾਸ਼ੀਵਾਦੀ ਚਿਹਰਾ ਪੂਰੀ ਤਰ੍ਹਾਂ ਨੰਗਾ ਹੋ ਗਿਆ ਹੈ।ਇਹ ਪੂਰੀ ਤਰ੍ਹਾਂ ਸਾਬਿਤ ਹੋ ਗਿਆ ਹੈ ਕਿ ਮੋਦੀ ਸਰਕਾਰ ਆਪਣੀ ਰਾਜਸੱਤਾ ਨੂੰ ਪੁਲਸ ਦੇ ਸਹਾਰੇ ਅੱਗੇ ਤੋਰ ਰਹੀ ਹੈ ਜਿਸਦਾ ਵੱਡੇ ਪੱਧਰ ਉੱਤੇ ਵਿਰੋਧ ਹੋਣਾ ਚਾਹੀਦਾ ਹੈ।

# ਨਸ਼ਾ ਬਰਬਾਦੀ ਦਾ ਕਾਰਨ ਬਣਦਾ ਹੈ ਨਾ ਕਿ ਕਾਮਯਾਬੀ ਦਾ : ਸ. ਚਮਨ ਸਿੰਘ (ਪ੍ਰੋਜੈਕਟ ਡਾਇਰੈਕਟਰ)

ਪੈ.ਗਾਮ-ਏ-ਜਗਤ
ਨਵਾਂਸ਼ਹਿਰ (ਦੇਸ ਰਾਜ ਬਾਲੀ)

ਰੈੱਡ ਕਰਾਸ ਨਸ਼ਾ ਪੀੜ੍ਹਤਾਂ ਲਈ ਏਕੀਕ੍ਰਿਤ ਮੁੜ ਵਸੇਬਾ ਕੇਂਦਰ ਨਵਾਂਸ਼ਹਿਰ ਵੱਲੋਂ ਹੰਸ ਰਾਜ ਆਰੀਆ ਹਾਈ ਸਕੂਲ, ਗੜ੍ਹਸ਼ੰਕਰ (ਹੁਸ਼ਿਆਰਪੁਰ) ਵਿਖੇ 'ਨਸ਼ਾ ਮੁਕਤ ਭਾਰਤ ਅਭਿਆਨ' ਤਹਿਤ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਕੈਂਪ ਦੀ ਪ੍ਰਧਾਨਗੀ ਸ਼?ਰੀਮਤੀ ਸੀਮਾ ਵਾਲੀਆ (ਮੁੱਖ ਅਧਿਆਪਕਾ) ਨੇ ਕੀਤੀ।

ਇਸ ਮੌਕੇ ਤੇ ਚਮਨ ਸਿੰਘ (ਪ੍ਰੋਜੈਕਟ ਡਾਇਰੈਕਟਰ) ਨੇ ਵਿਦਿਆਰਥੀਆਂ ਨੂੰ ਉਨਾਂ ਨੇ ਵਿਦਿਆਰਥੀਆਂ ਨੂੰ ਸੱਭ ਤੋਂ ਪਹਿਲਾਂ ਨਸ਼ੇ ਬਾਰੇ ਦੱਸਦਿਆਂ ਕਿਹਾ ਕਿ ਕੋਈ ਵੀ ਵਿਅਕਤੀ ਡਾਕਟਰੀ ਸਲਾਹ ਤੋਂ ਬਿਨਾ ਕਿਸੇ ਦਵਾਈ ਜਾਂ ਹੋਰ ਨਸ਼ੀਲੀ ਵਸਤੂ ਦੀ ਵਰਤੋਂ ਕਰਦਾ ਹੈ, ਉਹ ਨਸ਼ਾ ਹੈ। ਉਨਾ ਨੇਂ ਦੱਸਿਆ ਕਿ ਵਿਦਿਆਰਥੀ ਕਿਸੇ ਦੂਸਰੇ



ਵਿਅਕਤੀ ਦੇ ਦਿੱਤੇ ਲਾਲਚ ਵਿੱਚ ਆ ਕੇ ਜਾਂ ਅਣਜਾਣਤਾ ਵਿੱਚ ਨਸ਼ੇ ਦੀ ਵਰਤੋਂ ਕਰਨ ਲੱਗ ਜਾਦੇਂ ਹਨ। ਛੋਟੀ ਉਮਰ ਵਿੱਚ ਵਿਦਿਆਰਥੀ ਸਿਗਰਟ, ਬੀੜੀ ਤੋਂ ਸ਼ੁਰੂ ਹੋ ਕੇ ਹੈਰੋਇਨ ਵਰਗੇ ਨਸ਼ਿਆ ਦੀ ਦਲਦਲ ਵਿੱਚ ਫਸ ਜਾਦੇਂ ਹਨ ਜੋ ਕਿ ਭੱਵਿਖ ਵਿੱਚ ਭਿਆਨਕ ਬਿਮਾਰੀਆਂ ਦਾ ਕਾਰਣ ਬਣਦੇ ਹਨ ਕਿਉਕਿ ਨਸ਼ਾ ਅਤੇ ਵਿਦਿਆਰਥੀ ਇੱਕ ਨਹੀਂ ਹੋ ਸਕਦੇ। ਇਸ ਲਈ ਵਿਦਿਆਰਥੀ ਦਾ ਨਸ਼ੇ ਨਾਲ ਕੋਈ ਰਿਸ਼ਤਾ ਨਹੀਂ ਹੈ। ਨਸ਼ਾ ਵਿਅਕਤੀ ਨੂੰ ਬਰਬਾਦ ਕਰ ਦਿੰਦਾ ਹੈ, ਨਸ਼ੇ ਦੀ ਵਰਤੋਂ ਨਾਲ ਕਦੇ ਵੀ ਕਾਮਯਾਬੀ ਨਹੀਂ ਮਿਲਦੀ।

ਉਨਾਂ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਤੁਸੀ ਕਿਸੇ ਵੀ ਅਣਜਾਣ ਵਿਅਕਤੀ ਦੇ ਬਹਿਕਾਵੇ ਵਿੱਚ ਆ ਕੇ ਕਿਸੇ ਵੀ ਪ੍ਰਕਾਰ ਦੇ ਨਸ਼ੇ ਦੀ ਵਰਤੋਂ ਨਹੀਂ ਕਰਨੀ। ਨਸ਼ੇ ਤੋਂ ਬਚਣ ਲਈ ਇਸ ਬਾਰੇ ਜਾਗਰੂਕ ਹੋਣਾ ਬਹੁਤ ਹੀ ਜਰੂਰੀ ਹੈ, ਇਸ ਤਰ੍ਹਾ ਹੀ ਨਸ਼ੇ ਤੋਂ ਦੂਰ ਰਿਹਾ ਜਾ ਸਕਦਾ ਹੈ। ਇਸ ਮੌਕੇ ਤੇ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਸਾਰੇ ਹੀ ਵਿਦਿਆਰਥੀਆਂ ਅਤੇ ਸਮੂਹ ਸਟਾਫ ਨੇ ਨਸ਼ੇ ਤੋਂ ਦੂਰ ਰਹਿਣ ਲਈ ਪ੍ਰਣ ਲਿਆ।

ਇਸ ਮੌਕੇ ਤੇ ਸ਼?ਰੀਮਤੀ ਸੀਮਾ ਵਾਲੀਆ, ਮੁੱਖ ਅਧਿਆਪਕਾ ਨੇ ਆਈ ਹੋਈ ਰੈੱਡ ਕਰਾਸ ਟੀਮ ਦਾ ਧੰਨਵਾਦ ਕੀਤਾ ਅਤੇ ਵਿਸ਼ਵਾਸ ਦਿਵਾਇਆ ਕਿ ਅਸੀ ਨਸ਼ਾ ਮੁਕਤ ਭਾਰਤ ਮੁਹਿੰਮ ਅਤੇ ਯੁੱਧ ਨਸ਼ਿਆ ਵਿਰੁੱਧ ਵਿੱਚ ਪੂਰਨ ਸਹਿਯੋਗ ਕਰਦੇ ਰਹਾਗੇਂ ਅਤੇ ਵਿਦਿਆਰਥੀਆਂ ਨੂੰ ਚੇਤਨ ਕਰਦੇ ਰਹਾਂਗੇ। ਇਸ ਮੌਕੇ ਤੇ ਪਰਵੇਸ਼ ਕੁਮਾਰ, ਸਕੂਲ ਸਟਾਫ ਮੈਂਬਰ ਰਜਨੀਸ਼ ਕੌਰ, ਮਾਇਆ ਦੇਵੀ, ਹਰਮਨਪ੍ਰੀਤ ਕੌਰ, ਅਸ਼ੋਕ ਕੁਮਾਰ, ਗਗਨਦੀਪ, ਅਤੇ ਵਿਦਿਆਰਥੀ ਹਾਜਿਰ ਸਨ।

# ਅੰਤਰਰਾਸ਼ਟਰੀ ਸੀਨੀਅਰ ਸਿਟੀਜਨਜ਼ ਦਿਵਸ ਸਬੰਧੀ ਸਮਾਗਮ 22 ਨੂੰ

ਪੈ.ਗਾਮ-ਏ-ਜਗਤ
ਨਵਾਂਸ਼ਹਿਰ (ਦੇਸ ਰਾਜ ਬਾਲੀ)

ਸੀਨੀਅਰ ਸਿਟੀਜਨਜ਼ ਐਸੋਸੀਏਸ਼ਨ ਨਵਾਂਸ਼ਹਿਰ ਵਲੋਂ ਅੰਤਰਰਾਸ਼ਟਰੀ ਸੀਨੀਅਰ ਸਿਟੀਜਨਜ਼ ਦਿਵਸ ਦੇ ਸਬੰਧ ਵਿੱਚ ਸਮਾਗਮ ਕੁੱਝ ਕਾਰਨਾਂ ਕਰਕੇ 23 ਦੀ ਬਜਾਏ ਹੁਣ 22 ਅਕਤੂਬਰ ਦਿਨ ਵੀਰਵਾਰ ਨੂੰ ਕਰਵਾਇਆ ਜਾਵੇਗਾ। ਜਾਣਕਾਰੀ ਦਿੰਦੇ ਹੋਏ ਐਸੋਸੀਏਸ਼ਨ ਦੇ ਪ੍ਰਧਾਨ ਐਸ ਕੇ ਪੁਰੀ ਨੇ ਦੱਸਿਆ ਕਿ ਇਹ ਸਮਾਗਮ ਪਹਿਲਾਂ ਦੱਸੇ ਅਨੁਸਾਰ ਬਾਈ ਜੀ ਦੀ ਕੁਟੀਆ ਪੰਡੋਰਾ ਮੁਹੱਲਾ ਨਵਾਂਸ਼ਹਿਰ ਵਿਖੇ ਸਵੇਰੇ 10:30 ਵਜੇ ਤੋਂ ਸ਼ੁਰੂ ਹੋ ਜਾਵੇਗਾ। ਸਮਾਗਮ



ਵਿਚ ਡਿਪਟੀ ਕਮਿਸ਼ਨਰ ਸ਼ਭਸ ਨਗਰ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਣਗੇ। ਸਿਹਤ , ਪੁਲਿਸ ਅਤੇ ਸਮਾਜਿਕ ਸੁਰੱਖਿਆ ਵਿਭਾਗਾਂ ਤੋਂ ਉੱਚ ਅਧਿਕਾਰੀ ਬਤੌਰ ਵਿਸ਼ੇਸ਼ ਮਹਿਮਾਨ ਸ਼ਾਮਲ ਹੋਣਗੇ। ਹਾਜ਼ਰ ਮਹਿਮਾਨਾਂ ਅਤੇ ਮੈਂਬਰਾਂ ਦੇ ਮਨੋਰੰਜਨ ਲਈ ਸਮਾਗਮ ਵਿਚ ਸਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤੇ ਜਾਣਗੇ।

ਸਮਾਗਮ ਵਿਚ ਸਭ ਦੇ ਲਈ ਦੁਪਹਿਰ ਦੇ ਖਾਣੇ ਦਾ ਵੀ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ। ਪ੍ਰਧਾਨ ਪੁਰੀ ਵਲੋਂ ਐਸੋਸੀਏਸ਼ਨ ਦੇ ਸਤਿਕਾਰਯੋਗ ਸਮੂਹ ਮੈਂਬਰਾਂ ਨੂੰ ਆਪਣੇ ਪਰਿਵਾਰਕ ਮੈਂਬਰਾਂ ਸਮੇਤ ਸਮਾਗਮ ਵਿੱਚ ਸਮੇਂ ਸਿਰ ਹਾਜ਼ਰ ਆਉਣ ਦੀ ਬੇਨਤੀ ਕੀਤੀ ਗਈ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਸਲਾਹਕਾਰ ਪ੍ਰੋਫੈਸਰ ਐਸ ਕੇ ਬਰੂਟਾ , ਸੀਨੀਅਰ ਵਾਈਸ ਪ੍ਰਧਾਨ ਰਾਮਧੰਨ ਚੌਧਰੀ , ਵਾਈਸ ਪ੍ਰਧਾਨ ਲਲਿਤ ਓਹਰੀ , ਜਨਰਲ ਸਕੱਤਰ ਸੁਖਦੇਵ ਸ਼ਰਮਾ , ਸਕੱਤਰ ਹੁਸਨ ਲਾਲ ਬਾਲੀ , ਕੈਸ਼ੀਅਰ ਅਸ਼ੋਕ ਸ਼ਰਮਾ ,ਪ੍ਰੈੱਸ ਸਕੱਤਰ ਪ੍ਰਸ਼ੋਤਮ ਬੈਂਸ , ਰਾਕੇਸ਼ ਜਿਓਤੀ ਅਤੇ ਮਨੋਹਰ ਲਾਲ ਆਹੂਜਾ ਆਦਿ ਵੀ ਹਾਜ਼ਰ ਸਨ।

# ਸ਼੍ਰੋਮਣੀ ਅਕਾਲੀ ਦਲ ਵੱਲੋਂ ਆਪਣੇ ਕਾਰਕੁਨਾਂ ਨਾਲ ਲਗਾਤਾਰ ਸੰਪਰਕ ਕਾਇਮ ਕੀਤੇ ਜਾ ਰਹੇ ਹਨ : ਹਰਮਿੰਦਰ ਸਿੰਘ ਸੰਧੂ

ਪੈ.ਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਸ਼੍ਰੋਮਣੀ ਅਕਾਲੀ ਦਲ ਵੱਲੋਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਤਿਆਰੀਆਂ ਬਹੁਤ ਹੀ ਜੋਸ਼ੋ-ਖਰੋਸ਼ ਨਾਲ ਕੀਤੀਆਂ ਜਾ ਰਹੀਆਂ ਹਨ। ਇਸ

- ਕਾਰਕੁਨਾਂ ਵੱਲੋਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਜੋਸ਼ੋ-ਖਰੋਸ਼ ਨਾਲ ਕੀਤੀਆਂ ਜਾ ਰਹੀਆਂ ਹਨ : ਸੰਧੂ

ਲਈ ਸਾਰੇ ਸੀਨੀਅਰ ਆਗੂ, ਅਹੁਦੇਦਾਰ ਅਤੇ ਕਾਰਕੁਨ ਹਾਈ ਕਮਾਂਡ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਾਰੇ ਲੋਕਾਂ ਨਾਲ ਘਰ-ਘਰ, ਪਿੰਡ-ਪਿੰਡ ਅਤੇ ਹਰੇਕ ਬੂਥ 'ਤੇ ਜਾ ਕੇ ਮਿਲ ਰਹੇ ਹਨ ਅਤੇ



ਸ਼੍ਰੋਮਣੀ ਅਕਾਲੀ ਦਲ ਦੀਆਂ ਭਵਿੱਖ ਦੀਆਂ ਨੀਤੀਆਂ ਬਾਰੇ ਜਾਣਕਾਰੀ ਦੇ ਰਹੇ ਹਨ।

ਇਹ ਜਾਣਕਾਰੀ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਨ ਸਭਾ ਹਲਕੇ ਤੋਂ ਖੇਤਰੀ ਪ੍ਰਭਾਰੀ ਹਰਮਿੰਦਰ ਸਿੰਘ ਸੰਧੂ ਨੇ ਪਿੰਡ ਅਜਨੋਹਾ ਵਿਖੇ ਇੱਕ ਪਾਰਿਵਾਰਿਕ ਸਮਾਗਮ ਦੌਰਾਨ ਪ੍ਰੈੱਸ ਨੂੰ ਦਿੱਤੀ।

ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਵਿਧਾਨ ਸਭਾ ਹਲਕੇ ਚਬੇਵਾਲ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੋ ਵੱਡੀਆਂ ਰੈਲੀਆਂ ਕਰ ਚੁੱਕੇ ਹਨ। ਇਨ੍ਹਾਂ ਰੈਲੀਆਂ ਦੌਰਾਨ ਹੋਏ ਵੱਡੇ ਇਕੱਠ ਨੂੰ ਦੇਖਦੇ ਹੋਏ ਉਨ੍ਹਾਂ ਨੇ ਕਾਰਕੁਨਾਂ ਦੇ ਹਰਸ਼ੋਲਾਸ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਵਧਾਈ ਦਿੱਤੀ। ਉਨ੍ਹਾਂ ਮੰਚ ਤੋਂ ਸਮਾਜ ਦੇ ਸਾਰੇ ਵਰਗਾਂ ਲਈ ਆਪਣੀ ਪਾਰਟੀ ਵੱਲੋਂ ਭਵਿੱਖ ਵਿੱਚ ਬਣਾਈਆਂ ਗਈਆਂ ਸਾਰੀਆਂ ਯੋਜਨਾਵਾਂ ਬਾਰੇ ਵੀ ਜਾਣਕਾਰੀ ਦਿੱਤੀ। ਇਸ ਮੌਕੇ ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਦੇ ਕਾਰਕੁਨ ਅਨਮੋਲ ਸ਼ਰਮਾ ਨੂੰ ਜਨਮਦਿਨ ਦੀ ਵਧਾਈ ਦਿੱਤੀ ਅਤੇ ਅਨਮੋਲ ਸ਼ਰਮਾ ਤੇ ਉਸ ਦੇ ਸਾਰੇ ਸਾਥੀਆਂ ਨੂੰ ਪਾਰਟੀ ਪ੍ਰਤੀ ਹੋਰ ਵੀ ਮਿਹਨਤ, ਲਗਨ ਅਤੇ ਇਮਾਨਦਾਰੀ ਨਾਲ ਸਮਰਪਿਤ ਹੋ ਕੇ ਕੰਮ ਕਰਨ ਲਈ ਕਿਹਾ। ਇਸ ਮੌਕੇ ਵਰਿੰਦਰ ਸ਼ਰਮਾ, ਨੀਲਮ ਸ਼ਰਮਾ, ਜੱਥੇਦਾਰ ਕੁਲਦੀਪ ਸਿੰਘ ਪਰਮਾਰ, ਡਾ. ਜਸਬੀਰ ਸਿੰਘ ਪਰਮਾਰ ਅਜਨੋਹਾ, ਡਾ. ਗੁਰਪ੍ਰੀਤ ਸਿੰਘ ਪਰਮਾਰ ਅਜਨੋਹਾ, ਜੋਰਾ ਸਿੰਘ, ਅਵਤਾਰ ਸਿੰਘ ਕੈਨੇਡਾ ਆਦਿ ਹਾਜ਼ਰ ਸਨ।

# ਰਯਾਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ ਵਿਖੇ ਭਾਈ ਘਨੱਈਆ ਜੀ ਮਾਨਵ ਸੇਵਾ ਸੰਕਲਪ ਦਿਵਸ ਅਤੇ ਅੱਖਾਂ ਦਾਨ ਜਾਗਰੂਕਤਾ ਕੈਂਪ ਦਾ ਆਯੋਜਨ

ਪੈ.ਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਰਯਾਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ (ਹੁਸ਼ਿਆਰਪੁਰ) ਦੇ ਯੂਨੀਵਰਸਿਟੀ ਸਕੂਲ ਆਫ਼ ਫਾਰਮਾਸਿਊਟੀਕਲ ਸਾਇੰਸਿਜ਼ ਵੱਲੋਂ ਰੈੱਡ ਰਿਬਨ ਕਲੱਬ ਅਤੇ ਐੱਨ.ਐੱਸ.ਐੱਸ. ਦੇ ਸਹਿਯੋਗ ਨਾਲ 'ਭਾਈ ਘਨੱਈਆ ਜੀ ਮਾਨਵ ਸੇਵਾ ਸੰਕਲਪ ਦਿਵਸ' ਮਨਾਇਆ ਗਿਆ। ਇਸ ਮੌਕੇ ਆਈ ਡੋਨੇਸ਼ਨ ਐਸੋਸੀਏਸ਼ਨ (ਰਜਿ.), ਸਿਵਲ ਹਸਪਤਾਲ ਹੁਸ਼ਿਆਰਪੁਰ ਦੇ ਸਾਂਝੇ ਉਪਰਾਲੇ ਨਾਲ ਇੱਕ ਵਿਸ਼ੇਸ਼ ਨੇਤਰ ਦਾਨ (ਅੱਖਾਂ ਦਾਨ) ਜਾਗਰੂਕਤਾ ਕੈਂਪ ਵੀ ਲਗਾਇਆ ਗਿਆ। ਇਹ ਪ੍ਰੋਗਰਾਮ ਰੈੱਡ ਰਿਬਨ ਕਲੱਬ ਅਤੇ ਐੱਨ.ਐੱਸ.ਐੱਸ. ਕੋਆਰਡੀਨੇਟਰ ਡਾ. ਜੋਤਸਨਾ ਦੀ ਅਗਵਾਈ ਹੇਠ



ਕਰਵਾਇਆ ਗਿਆ।

ਪ੍ਰੋਗਰਾਮ ਦੌਰਾਨ ਆਈ ਡੋਨੇਸ਼ਨ ਐਸੋਸੀਏਸ਼ਨ ਦੇ ਸਰਪ੍ਰਸਤ ਸ. ਬਹਾਦਰ ਸਿੰਘ ਸੁਨੇਤ, ਜਨਰਲ ਸਕੱਤਰ ਸ. ਬਲਜੀਤ ਸਿੰਘ ਪਨੇਸਰ, ਵਿੱਤ ਸਕੱਤਰ ਸ. ਹਰਭਜਨ ਸਿੰਘ ਅਤੇ ਉਪ-ਪ੍ਰਧਾਨ ਸ. ਗੁਰਪ੍ਰੀਤ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਆਏ ਹੋਏ ਮਹਿਮਾਨਾਂ ਦਾ ਸਵਾਗਤ ਆਈ.ਕਿਊ.ਏ.ਸੀ. ਦੀ ਡੀਨ ਡਾ. ਜਸਦੀਪ ਕੌਰ ਧਾਮੀ ਨੇ ਪੌਦੇ ਭੇਟ ਕਰਕੇ ਕੀਤਾ।

ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਸ. ਬਹਾਦਰ ਸਿੰਘ ਸੁਨੇਤ ਨੇ ਭਾਈ ਘਨੱਈਆ ਜੀ ਦੇ ਨਿਸ਼ਕਾਮ ਸੇਵਾ, ਮਾਨਵਤਾ ਅਤੇ ਬਿਨਾਂ ਕਿਸੇ ਭੇਦਭਾਵ ਦੇ ਸੇਵਾ ਕਰਨ ਦੇ ਜੀਵਨ ਫ਼ਲਸਫ਼ੇ 'ਤੇ ਰੌਸ਼ਨੀ ਪਾਈ। ਬੁਲਾਰਿਆਂ ਨੇ 'ਅੱਖਾਂ ਦਾਨ ਕਰੋ - ਦੁਨੀਆ ਦੋ ਵਾਰ ਦੇਖੋ' ਦੇ ਸੁਨੇਹੇ ਰਾਹੀਂ ਅੱਖਾਂ ਦੀ ਕੌਰਨੀਅਲ ਅੰਨ੍ਹੇਪਣ ਤੋਂ ਪੀੜਤ ਲੋਕਾਂ ਨੂੰ ਰੌਸ਼ਨੀ ਦੇਣ ਲਈ ਨੇਤਰ ਦਾਨ ਦੀ ਮਹੱਤਤਾ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

ਰਯਾਤ ਬਾਹਰਾ ਯੂਨੀਵਰਸਿਟੀ ਸਕੂਲ ਆਫ਼ ਫਾਰਮਾਸਿਊਟੀਕਲ ਸਾਇੰਸਿਜ਼ ਦੇ ਡਾਇਰੈਕਟਰ ਡਾ. ਮਨਿੰਦਰ ਪਾਲ ਸਿੰਘ ਅਤੇ ਫਾਰਮ ਡੀ. ਵਿਭਾਗ ਦੇ ਮੁਖੀ ਮਿਸ ਸਿਮਰਜੀਤ ਕੌਰ ਸਮੇਤ ਸਮੂਹ ਫੈਕਲਟੀ ਤੇ ਵਿਦਿਆਰਥੀਆਂ ਨੇ ਇਸ ਸਮਾਗਮ ਵਿੱਚ ਸਰਗਰਮੀ ਨਾਲ ਭਾਗ ਲਿਆ।

ਕਈ ਵਿਦਿਆਰਥੀਆਂ ਨੇ ਆਪਣੇ ਵਿਚਾਰ ਅਤੇ ਭਾਸ਼ਣ ਵੀ ਪੇਸ਼ ਕੀਤੇ। ਸਮਾਗਮ ਦੇ ਅੰਤ ਵਿੱਚ ਡਾ. ਜੋਤਸਨਾ ਨੇ ਆਏ ਹੋਏ ਪਤਵੰਤਿਆਂ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਸਨਮਾਨ ਚਿੰਨ੍ਹ ਭੇਟ ਕੀਤੇ।

# ਪੰਜਾਬ ਇੰਜੀਨੀਅਰਿੰਗ ਕਾਲਜ ਦੀ ਐਨਐਸਐਸ ਇਕਾਈ ਵੱਲੋਂ ਪੀਜੀਆਈ ਦੇ ਸਹਿਯੋਗ ਨਾਲ ਖੂਨਦਾਨ ਕੈਂਪ ਦਾ ਆਯੋਜਨ

**ਚੰਡੀਗੜ੍ਹ, 14 ਅਕਤੂਬਰ (ਪੈਗ਼ਾਮ-ਏ-ਜਗਤ)**



ਪੰਜਾਬ ਇੰਜੀਨੀਅਰਿੰਗ ਕਾਲਜ (ਪੀਈਸੀ), ਸੈਕਟਰ-12, ਚੰਡੀਗੜ੍ਹ ਦੀ ਰਾਸ਼ਟਰੀ ਸੇਵਾ ਯੋਜਨਾ (ਐਨਐਸਐਸ) ਇਕਾਈ ਵੱਲੋਂ ਅੱਜ ਪੋਸਟ ਗ੍ਰੈਜੂਏਟ ਇੰਸਟੀਚਿਊਟ ਆਫ਼ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ (ਪੀਜੀਆਈਐਮਈਆਰ), ਚੰਡੀਗੜ੍ਹ ਦੇ ਸਹਿਯੋਗ ਨਾਲ ਸੈਂਟੇਨਰੀ ਹਾਲ ਵਿਖੇ ਖੂਨਦਾਨ ਕੈਂਪ ਲਗਾਇਆ ਗਿਆ। ਸਵੇਰੇ 10:00 ਵਜੇ ਤੋਂ ਦੁਪਹਿਰ 3:00 ਵਜੇ ਤੱਕ ਚੱਲੇ ਇਸ ਕੈਂਪ ਲਈ ਲਗਭਗ 300 ਸਵੈ-ਸੇਵਕਾਂ ਨੇ ਰਜਿਸਟ੍ਰੇਸ਼ਨ ਕਰਵਾਈ, ਜਿਨ੍ਹਾਂ ਵਿੱਚੋਂ ਕਰੀਬ 240 ਵਿਅਕਤੀਆਂ ਨੇ ਖੂਨਦਾਨ ਕੀਤਾ। ਖੂਨਦਾਨ ਕਰਨ ਵਾਲਿਆਂ ਵਿੱਚ 11 ਮਹਿਲਾਵਾਂ ਵੀ ਸ਼ਾਮਲ ਸਨ।

"ਖੂਨਦਾਨ ਕਰੋ, ਜੀਵਨ ਬਚਾਓ" ਦੇ ਨਾਅਰੇ ਹੇਠ ਕਰਵਾਈ ਗਈ ਇਸ ਪਹਿਲ ਦਾ ਉਦੇਸ਼ ਸਾਰੇ ਯੋਗ ਖੂਨਦਾਨੀਆਂ ਨੂੰ ਜੀਵਨ ਬਚਾਉਣ ਦੇ ਇਸ ਨੇਕ ਕਾਰਜ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕਰਨਾ ਸੀ। ਖੂਨਦਾਨੀਆਂ ਨੇ ਪਹਿਲਾਂ ਹੀ ਆਨਲਾਈਨ ਫਾਰਮ ਰਾਹੀਂ ਆਪਣੀ ਰਜਿਸਟ੍ਰੇਸ਼ਨ ਕਰਵਾਈ ਸੀ। ਐਨਐਸਐਸ, ਪੀਈਸੀ ਵੱਲੋਂ ਲਗਾਤਾਰ ਪਿਛਲੇ ਤਿੰਨ ਵਰ੍ਹਿਆਂ ਵਿੱਚ ਖੂਨਦਾਨ ਕਰਨ ਵਾਲਿਆਂ ਨੂੰ ਉਨ੍ਹਾਂ ਦੀ ਨਿਰੰਤਰ ਵਚਨਬੱਧਤਾ ਲਈ "ਸਟਾਰ ਡੋਨਰ" ਵਜੋਂ ਸਨਮਾਨਿਤ ਕੀਤਾ ਗਿਆ।

ਇਸ ਕੈਂਪ ਦਾ ਆਯੋਜਨ ਐਨਐਸਐਸ ਪ੍ਰੋਗਰਾਮ ਕੋਆਰਡੀਨੇਟਰ ਪ੍ਰੋ. ਸੰਦੀਪ ਕੌਰ ਅਤੇ ਸਹਿ-ਕੋਆਰਡੀਨੇਟਰਾਂ ਪ੍ਰੋ. ਮਯੰਕ ਗੁਪਤਾ, ਪ੍ਰੋ. ਰਤਨ ਲਾਲ ਅਤੇ ਪ੍ਰੋ. ਮੋਹਿਤ ਕੁਮਾਰ ਦੀ ਰਹਿਨੁਮਾਈ ਹੇਠ ਕੀਤਾ ਗਿਆ। ਕਲੱਬ ਦੇ ਸਕੱਤਰ ਨਵੀਨ ਗਿੱਲ, ਸੰਯੁਕਤ ਸਕੱਤਰ ਸਕਸ਼ੀਨਾ ਅਤੇ ਸਹਾਇਕ ਸਕੱਤਰ ਆਰੀਅਨ ਗੋਇਲ ਨੇ ਕੈਂਪ ਦੇ ਕਨਵੀਨਰਾਂ ਵਜੋਂ ਆਪਣੀ ਭੂਮਿਕਾ ਨਿਭਾਈ।

ਐਨਐਸਐਸ, ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਦੇ ਰਾਜ ਸੰਪਰਕ ਅਧਿਕਾਰੀ ਡਾ. ਨੇਮੀ ਚੰਦ ਗੋਲਿਆਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸਵੈ-ਇੱਛਾ ਨਾਲ ਖੂਨਦਾਨ ਕਰਨ ਨੂੰ ਆਪਣੀ ਨਿਯਮਤ ਜੀਵਨ-ਸ਼ੈਲੀ ਦਾ ਹਿੱਸਾ ਬਣਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਡਾ. ਪੁਨੀਤ ਚਾਵਲਾ, ਡੀਨ ਵਿਦਿਆਰਥੀ ਮਾਮਲੇ (ਡੀਐਸਏ); ਡਾ. ਰਾਜੇਸ਼ ਕੁਮਾਰ ਭਾਟੀਆ, ਪ੍ਰੋਫੈਸਰ, ਕੰਪਿਊਟਰ ਸਾਇੰਸ ਇੰਜੀਨੀਅਰਿੰਗ ਵਿਭਾਗ; ਅਤੇ ਸ੍ਰੀ ਵਿਨੈ ਕੁਮਾਰ, ਜ਼ਿਲ੍ਹਾ ਯੁਵਾ ਅਧਿਕਾਰੀ, ਮਾਈ ਭਾਰਤ ਵੀ ਮੌਜੂਦ ਸਨ। ਡਾ. ਆਸ਼ੀਸ਼ ਜੈਨ ਨੇ ਪੀਜੀਆਈਐਮਈਆਰ ਦੀਆਂ ਮੈਡੀਕਲ ਟੀਮਾਂ ਦੇ ਨਾਲ ਮਿਲ ਕੇ ਨਿਰਧਾਰਤ ਸੁਰੱਖਿਆ ਨਿਯਮਾਂ ਅਨੁਸਾਰ ਖੂਨ ਇਕੱਠਾ ਕਰਨ ਦੀ ਪ੍ਰਕਿਰਿਆ ਦੀ ਨਿਗਰਾਨੀ ਕੀਤੀ।

ਹਰੇਕ ਖੂਨਦਾਨੀ ਦੀ ਖੂਨਦਾਨ ਤੋਂ ਪਹਿਲਾਂ ਸਿਹਤ ਜਾਂਚ ਕੀਤੀ ਗਈ ਅਤੇ ਖੂਨਦਾਨ ਤੋਂ ਬਾਅਦ ਉਨ੍ਹਾਂ ਨੂੰ ਹਲਕਾ ਭੋਜਨ ਅਤੇ ਆਰਾਮ ਦੀ ਸਹੂਲਤ ਦਿੱਤੀ ਗਈ। ਕੈਂਪ ਵਿੱਚ ਵਿਦਿਆਰਥੀਆਂ, ਅਧਿਆਪਕਾਂ ਅਤੇ ਕਰਮਚਾਰੀਆਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਕਈ ਪਹਿਲੀ ਵਾਰ ਖੂਨਦਾਨ ਕਰਨ ਵਾਲੇ ਵੀ ਇਸ ਨੇਕ ਕਾਰਜ ਲਈ ਅੱਗੇ ਆਏ। ਖੂਨ ਦੀ ਇੱਕ ਯੂਨਿਟ ਚਾਰ ਵਿਅਕਤੀਆਂ ਤੱਕ ਦੀ ਜਾਨ ਬਚਾਉਣ ਵਿੱਚ ਮਦਦਗਾਰ ਹੋ ਸਕਦੀ ਹੈ।

ਖੂਨ ਦੀ ਵਰਤੋਂ ਸਰਜਰੀਆਂ, ਹਾਦਸਿਆਂ ਅਤੇ ਸੱਟਾਂ ਦੇ ਇਲਾਜ, ਜਣੇਪੇ ਦੌਰਾਨ ਪੈਦਾ ਹੋਣ ਵਾਲੀਆਂ ਐਮਰਜੈਂਸੀ ਸਥਿਤੀਆਂ ਅਤੇ ਥੈਲੇਸੀਮੀਆ ਤੇ ਕੈਂਸਰ ਵਰਗੀਆਂ ਬਿਮਾਰੀਆਂ ਦੇ ਇਲਾਜ ਲਈ ਕੀਤੀ ਜਾਂਦੀ ਹੈ।

ਐਨਐਸਐਸ ਇਕਾਈ ਨੇ ਕੈਂਪ ਨੂੰ ਸਫਲ ਬਣਾਉਣ ਲਈ ਪੀਜੀਆਈ ਦੀ ਟੀਮ, ਕਾਲਜ ਪ੍ਰਸ਼ਾਸਨ, ਫੈਕਲਟੀ ਕੋਆਰਡੀਨੇਟਰਾਂ ਅਤੇ ਸਾਰੇ ਖੂਨਦਾਨੀਆਂ ਤੇ ਸਵੈ-ਸੇਵਕਾਂ ਦਾ ਧੰਨਵਾਦ ਕੀਤਾ। ਐਨਐਸਐਸ ਦੇ ਆਦਰਸ਼ ਵਾਕ "ਮੈਂ ਨਹੀਂ, ਸਗੋਂ ਤੁਸੀਂ"

# ਪੀ.ਈ.ਸੀ. ਦੇ ਫੈਕਲਟੀ ਮੈਂਬਰ ਡਾ. ਬੀ. ਆਦਿਨਾਰਾਇਣ ਨੇ ਵਿਭਾ ਦੇ ਐਨ.ਈ.ਈ.ਡੀ. ਮਿਸ਼ਨ ਦੀ ਸਾਲਾਨਾ ਆਮ ਮੀਟਿੰਗ ਵਿੱਚ ਸ਼ਮੂਲੀਅਤ ਕੀਤੀ

**ਚੰਡੀਗੜ੍ਹ, 14 ਅਕਤੂਬਰ, (ਪੈਗ਼ਾਮ-ਏ-ਜਗਤ)**



ਪੰਜਾਬ ਇੰਜੀਨੀਅਰਿੰਗ ਕਾਲਜ (ਪੀਈਸੀ), ਚੰਡੀਗੜ੍ਹ ਦੇ ਸਿਵਲ ਇੰਜੀਨੀਅਰਿੰਗ ਵਿਭਾਗ ਵਿੱਚ ਸਹਾਇਕ ਪ੍ਰੋਫੈਸਰ ਅਤੇ ਵਿਗਿਆਨ ਭਾਰਤੀ (ਵਿਭਾ), ਚੰਡੀਗੜ੍ਹ ਪ੍ਰਾਂਤ ਦੇ ਮੈਂਬਰ ਡਾ. ਬੀ. ਆਦਿਨਾਰਾਇਣ ਨੇ ਰਾਸ਼ਟਰੀ ਵਾਤਾਵਰਣ ਅਤੇ ਊਰਜਾ ਵਿਕਾਸ ਮਿਸ਼ਨ ਦੀ ਸਾਲਾਨਾ ਆਮ ਮੀਟਿੰਗ 2026 ਵਿੱਚ ਸ਼ਮੂਲੀਅਤ ਕੀਤੀ। NEED ਮਿਸ਼ਨ, ਵਿਗਿਆਨ ਭਾਰਤੀ (ਵਿਭਾ) ਦੀ ਇੱਕ ਪਹਿਲਕਦਮੀ ਹੈ। ਇਹ ਮੀਟਿੰਗ 10 ਅਕਤੂਬਰ, 2026 ਨੂੰ ਨੈਸ਼ਨਲ ਇੰਸਟੀਚਿਊਟ ਆਫ਼ ਓਪਨ ਸਕੂਲਿੰਗ, ਸੈਕਟਰ 62, ਨੋਇਡਾ, ਉੱਤਰ ਪ੍ਰਦੇਸ਼ ਵਿਖੇ ਆਯੋਜਿਤ ਕੀਤੀ ਗਈ, ਜਿਸ ਵਿੱਚ ਦੇਸ਼ ਦੇ ਲਗਭਗ 13 ਰਾਜਾਂ ਦੇ ਪ੍ਰਤੀਨਿਧੀਆਂ ਨੇ ਭਾਗ ਲਿਆ।

ਇਸ ਸਾਲਾਨਾ ਆਮ ਮੀਟਿੰਗ ਵਿੱਚ ਵੱਖ-ਵੱਖ ਪ੍ਰਾਂਤਾਂ ਦੇ ਪ੍ਰਤੀਨਿਧੀਆਂ ਨੇ ਇਕੱਠੇ ਹੋ ਕੇ ਮਿਸ਼ਨ ਦੀਆਂ ਗਤੀਵਿਧੀਆਂ, ਪ੍ਰਾਪਤੀਆਂ, ਵਿੱਤੀ ਪ੍ਰਗਤੀ ਅਤੇ ਭਵਿੱਖ ਦੀਆਂ ਵਿਕਾਸ ਯੋਜਨਾਵਾਂ ਦੀ ਸਮੀਖਿਆ ਕੀਤੀ। ਚੰਡੀਗੜ੍ਹ ਪ੍ਰਾਂਤ ਦੀ ਨੁਮਾਇੰਦਗੀ ਕਰਦਿਆਂ ਡਾ. ਬੀ. ਆਦਿਨਾਰਾਇਣ ਨੇ ਪਿਛਲੇ ਸਾਲ ਦੌਰਾਨ ਕੀਤੀਆਂ ਗਈਆਂ ਵਾਤਾਵਰਣਕ ਸਥਿਰਤਾ ਨਾਲ ਸਬੰਧਤ ਗਤੀਵਿਧੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਐਨ.ਈ.ਈ.ਡੀ. ਮਿਸ਼ਨ ਦੇ ਉਦੇਸ਼ਾਂ ਦੀ ਪ੍ਰਾਪਤੀ ਵਿੱਚ ਉਨ੍ਹਾਂ ਦੇ ਯੋਗਦਾਨ ਨੂੰ ਉਜਾਗਰ ਕੀਤਾ।

ਮੀਟਿੰਗ ਦੌਰਾਨ ਵਾਤਾਵਰਣ ਨਾਲ ਸਬੰਧਤ ਮੁੱਖ ਤਰਜੀਹਾਂ 'ਤੇ ਜ਼ੋਰ ਦਿੱਤਾ ਗਿਆ, ਜਿਨ੍ਹਾਂ ਵਿੱਚ ਨੈੱਟ-ਜ਼ੀਰੋ ਪਹਿਲਕਦਮੀਆਂ, ਜਲ ਸੰਭਾਲ, ਊਰਜਾ ਕੁਸ਼ਲਤਾ, ਰਿਵਰਸ ਔਸਮੋਸਿਸ ਗੰਦੇ ਪਾਣੀ ਦਾ ਪ੍ਰਬੰਧਨ ਅਤੇ ਟਿਕਾਊ ਤੇ ਆਫ਼ਤਾਂ ਦਾ ਸਾਹਮਣਾ ਕਰਨ ਦੇ ਸਮਰੱਥ ਇਮਾਰਤਾਂ ਸ਼ਾਮਲ ਹਨ। ਪਾਣੀ ਦੀ ਜ਼ਿੰਮੇਵਾਰ ਵਰਤੋਂ ਨੂੰ ਉਤਸ਼ਾਹਿਤ ਕਰਨ ਅਤੇ ਗੰਦੇ ਪਾਣੀ ਦੀ ਮੁੜ ਵਰਤੋਂ ਬਾਰੇ ਜਾਗਰੂਕਤਾ ਫੈਲਾਉਣ ਲਈ RO ਗੰਦੇ ਪਾਣੀ ਦੇ ਪ੍ਰਬੰਧਨ ਬਾਰੇ ਇੱਕ ਛੋਟੀ ਜਾਗਰੂਕਤਾ ਵੀਡੀਓ ਜਾਰੀ ਕੀਤੀ ਗਈ। ਭਾਗੀਦਾਰਾਂ ਨੇ ਯੋਜਨਾਬੱਧ ਪ੍ਰੋਗਰਾਮਾਂ ਅਤੇ ਸੰਵਾਦਾਤਮਕ ਗਤੀਵਿਧੀਆਂ ਰਾਹੀਂ ਸਕੂਲੀ ਬੱਚਿਆਂ ਵਿੱਚ ਵਾਤਾਵਰਣ ਸਿੱਖਿਆ ਅਤੇ ਜਾਗਰੂਕਤਾ ਨੂੰ ਮਜ਼ਬੂਤ ਕਰਨ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ।

ਇਸ ਮੀਟਿੰਗ ਵਿੱਚ ਵਿਗਿਆਨ ਭਾਰਤੀ (ਵਿਭਾ) ਦੇ ਰਾਸ਼ਟਰੀ ਸੰਗਠਨ ਸਕੱਤਰ ਡਾ. ਸ਼ਿਵਕੁਮਾਰ ਸ਼ਰਮਾ ਅਤੇ ਰਾਸ਼ਟਰੀ ਸੰਯੁਕਤ ਸੰਗਠਨ ਸਕੱਤਰ ਸ੍ਰੀ ਪ੍ਰਵੀਣ ਰਾਮਦਾਸ ਨੇ ਸ਼ਮੂਲੀਅਤ ਕੀਤੀ। ਇਸ ਤੋਂ ਇਲਾਵਾ, ਵਿਗਿਆਨਕ ਅਤੇ ਉਦਯੋਗਿਕ ਖੋਜ ਪ੍ਰੀਸ਼ਦ-ਕੇਂਦਰੀ ਵਿਗਿਆਨਕ ਯੰਤਰ ਸੰਗਠਨ, ਚੰਡੀਗੜ੍ਹ ਵਿੱਚ WiSE-SCOPE ਵਿਗਿਆਨੀ ਡਾ. ਪਲਵਿੰਦਰ ਕੌਰ ਨੇ ਵੀ ਮੀਟਿੰਗ ਵਿੱਚ ਚੰਡੀਗੜ੍ਹ ਪ੍ਰਾਂਤ ਦੀ ਨੁਮਾਇੰਦਗੀ ਕੀਤੀ।

ਡਾ. ਬੀ. ਆਦਿਨਾਰਾਇਣ ਦੀ ਇਸ ਸ਼ਮੂਲੀਅਤ ਤੋਂ ਵਿਭਾ ਦੇ ਐਨ.ਈ.ਈ.ਡੀ. ਮਿਸ਼ਨ ਰਾਹੀਂ ਵਾਤਾਵਰਣਕ ਸਥਿਰਤਾ, ਊਰਜਾ ਸੰਭਾਲ ਅਤੇ ਟਿਕਾਊ ਵਿਕਾਸ ਨਾਲ ਸਬੰਧਤ ਪਹਿਲਕਦਮੀਆਂ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਪ੍ਰਗਟ ਹੁੰਦੀ ਹੈ। ਇਸ ਮੀਟਿੰਗ ਨੇ ਵੱਖ-ਵੱਖ ਪ੍ਰਾਂਤਾਂ ਦੀਆਂ ਪ੍ਰਾਪਤੀਆਂ ਸਾਂਝੀਆਂ ਕਰਨ, ਵਿਚਾਰਾਂ ਦੇ ਆਦਾਨ-ਪ੍ਰਦਾਨ, ਆਪਸੀ ਸਹਿਯੋਗ ਨੂੰ ਮਜ਼ਬੂਤ ਕਰਨ ਅਤੇ ਭਵਿੱਖ ਦੀਆਂ ਰਣਨੀਤੀਆਂ ਤਿਆਰ ਕਰਨ ਲਈ ਇੱਕ ਮਹੱਤਵਪੂਰਨ ਮੰਚ ਪ੍ਰਦਾਨ ਕੀਤਾ। ਇਨ੍ਹਾਂ ਯਤਨਾਂ ਦਾ ਉਦੇਸ਼ ਵਿਅਕਤੀਗਤ, ਸੰਸਥਾਗਤ ਅਤੇ ਭਾਈਚਾਰਕ ਪੱਧਰ 'ਤੇ ਵਾਤਾਵਰਣ ਪ੍ਰਤੀ ਜ਼ਿੰਮੇਵਾਰ ਵਿਹਾਰ ਨੂੰ ਉਤਸ਼ਾਹਿਤ ਕਰਨਾ ਹੈ। ਐਨ.ਈ.ਈ.ਡੀ. ਮਿਸ਼ਨ ਬਾਰੇ: ਰਾਸ਼ਟਰੀ ਵਾਤਾਵਰਣ ਅਤੇ ਊਰਜਾ ਵਿਕਾਸ ਮਿਸ਼ਨ, ਵਿਗਿਆਨ ਭਾਰਤੀ (ਵਿਭਾ) ਦੀ ਇੱਕ ਪਹਿਲਕਦਮੀ ਹੈ, ਜਿਸ ਦਾ ਉਦੇਸ਼ ਵਾਤਾਵਰਣ ਪ੍ਰਤੀ ਜਾਗਰੂਕਤਾ, ਊਰਜਾ ਸੰਭਾਲ, ਜਲ ਪ੍ਰਬੰਧਨ ਅਤੇ ਟਿਕਾਊ ਵਿਕਾਸ ਨੂੰ ਉਤਸ਼ਾਹਿਤ ਕਰਨਾ ਹੈ।

# ਭਾਜਪਾ ਅਨੁਸੂਚਿਤ ਜਾਤੀ ਮੋਰਚਾ ਦੇ ਸੂਬਾ ਪ੍ਰਧਾਨ ਅਜੈ ਖੁੰਡੀਆ ਦਾ ਅਹੁਦਾ ਸੰਭਾਲਣ ਦਾ ਸ਼ਾਨਦਾਰ ਸਵਾਗਤ ਸਮਾਰੋਹ : ਸੁਨੀਲ ਇੰਦੌਰਾ

**ਪੈਗਾਮ-ਏ-ਜਗਤ**
**ਰਤੀਆ, 14 ਅਕਤੂਬਰ**
**(ਐਡਵੋਕੇਟ ਗੁਰਪ੍ਰੀਤ ਸਿੰਘ ਮੰਡੇਰ)**



ਭਾਜਪਾ ਅਨੁਸੂਚਿਤ ਜਾਤੀ ਮੋਰਚਾ ਹਰਿਆਣਾ ਦੇ ਸੂਬਾ ਪ੍ਰਧਾਨ ਅਜੈ ਖੁੰਡੀਆ ਦਾ ਪੰਚਕਮਲ ਦਫਤਰ ਪੰਚਕੂਲਾ ਵਿੱਚ ਅਹੁਦਾ ਸੰਭਾਲਣ ਦਾ ਸ਼ਾਨਦਾਰ ਸਵਾਗਤ ਸਮਾਰੋਹ ਆਯੋਜਿਤ ਹੋਇਆ ਜਿਸ ਵਿੱਚ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਅਤੇ ਸੂਬਾ ਪ੍ਰਧਾਨ ਸ਼੍ਰੀਮਤੀ ਡਾ. ਅਰਚਨਾ ਗੁਪਤਾ ਨੇ ਸੂਬਾ ਪ੍ਰਧਾਨ ਅਜੈ ਖੁੰਡੀਆ ਨੂੰ ਨਵੀਂ ਜ਼ਿੰਮੇਵਾਰੀ ਦਾ ਅਹੁਦਾ ਸੌਂਪਿਆ। ਇਹ ਗੱਲ ਐਮੀਨੈਂਟ ਪਰਸਨ ਸੀਐਮ ਵਿੰਡੋ ਅਤੇ ਭਾਜਪਾ ਜ਼ਿਲ੍ਹਾ ਕਾਰਜਕਾਰਨੀ ਮੈਂਬਰ ਅਤੇ ਧਾਨਕ ਸਮਾਜ ਉਥਾਨ ਸਭਾ ਹਰਿਆਣਾ ਦੇ ਸੂਬਾ ਪ੍ਰਧਾਨ ਸੁਨੀਲ ਇੰਦੌਰਾ ਨੇ ਰਤੀਆ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਹੀ ਹੈ। ਉਨ੍ਹਾਂ ਕਿਹਾ ਕਿ ਅੱਜ ਅਨੁਸੂਚਿਤ ਜਾਤੀ ਭਾਜਪਾ ਦੀ ਅੰਤੋਦਯ ਵਿਚਾਰਧਾਰਾ ਨੂੰ ਪੂਰੀ ਤਰ੍ਹਾਂ ਅਪਣਾ ਚੁੱਕੀ ਹੈ ਅਤੇ 2014 ਤੋਂ ਭਾਜਪਾ ਨੂੰ ਆਪਣਾ ਪੂਰਾ ਸਮਰਥਨ ਦੇ ਕੇ ਤਿੰਨ ਵਾਰ ਕੇਂਦਰ ਅਤੇ ਹਰਿਆਣਾ ਸਰਕਾਰ ਬਣਾ ਚੁੱਕੀ ਹੈ। ਸੁਨੀਲ ਇੰਦੌਰਾ ਨੇ ਕਿਹਾ ਕਿ ਜਿਸ ਅਨੁਸੂਚਿਤ ਜਾਤੀ ਦੀ ਬਦੌਲਤ ਕਾਂਗਰਸ ਨੇ ਦੇਸ਼ ਵਿੱਚ 60 ਸਾਲ ਰਾਜ ਕੀਤਾ ਅਤੇ ਕਾਂਗਰਸ ਨੇ ਕਦੇ ਇਸ ਸਮਾਜ ਦੀ ਸੁੱਧ ਨਹੀਂ ਲਈ ਅਤੇ ਇਸ ਦੇ ਉਥਾਨ ਲਈ ਕਦੇ ਕੋਈ ਕੰਮ ਨਹੀਂ ਕੀਤਾ ਜਿਸ ਕਾਰਨ ਅਨੁਸੂਚਿਤ ਜਾਤੀ ਦੇ ਲੋਕਾਂ ਦਾ ਕਾਂਗਰਸ ਤੋਂ ਮੋਹ ਭੰਗ ਹੋ ਗਿਆ ਅਤੇ ਭਾਜਪਾ ਨਾਲ ਜੁੜ ਕੇ ਭਾਜਪਾ ਦੀ ਸਰਕਾਰ ਬਣਾਉਣ ਦਾ ਕੰਮ ਕੀਤਾ। ਸੁਨੀਲ ਇੰਦੌਰਾ ਨੇ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਭਰ ਵਿੱਚ ਅਨੁਸੂਚਿਤ ਜਾਤੀ ਦੇ ਲੋਕਾਂ ਲਈ ਅਨੇਕਾਂ ਯੋਜਨਾਵਾਂ ਚਲਾਈਆਂ ਹਨ ਅਤੇ ਭਾਜਪਾ ਦਾ ਮਿਸ਼ਨ ਹੈ ਕਿ ਆਖਰੀ ਸਿਰੇ 'ਤੇ ਬੈਠੇ ਵਿਅਕਤੀ ਦਾ ਉਥਾਨ ਹੋਵੇ ਅਤੇ ਉਸ ਨੂੰ ਸਭ ਤੋਂ ਪਹਿਲਾਂ ਬੁਨਿਆਦੀ ਸਹੂਲਤਾਂ ਉਪਲਬਧ ਕਰਵਾਈਆਂ ਜਾਣ ਤਾਂ ਜੋ ਦੇਸ਼ ਵਿੱਚੋਂ ਗਰੀਬੀ ਨੂੰ ਮਿਟਾਇਆ ਜਾ ਸਕੇ। ਸੁਨੀਲ ਇੰਦੌਰਾ ਨੇ ਕਿਹਾ ਕਿ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਮੁੱਖ ਮੰਤਰੀ ਦੇ ਮਾਇਨੇ ਹੀ ਬਦਲ ਦਿੱਤੇ ਹਨ ਅਤੇ ਚੌਵੀ ਘੰਟੇ ਪਬਲਿਕ ਨਾਲ ਇੰਝ ਮਿਲਦੇ-ਜੁਲਦੇ ਹਨ ਜਿਵੇਂ ਇੱਕ ਆਮ ਵਿਅਕਤੀ ਮਿਲਦਾ ਹੈ ਅਤੇ ਉਸ ਦੀਆਂ ਸਮੱਸਿਆਵਾਂ ਨੂੰ ਇੰਝ ਸੁਣਦੇ ਹਨ ਜਿਵੇਂ ਇੱਕ ਪਰਿਵਾਰ ਦਾ ਮੈਂਬਰ ਜਾਂ ਘਣਿਸ਼ਟ ਮਿੱਤਰ ਸੁਣਦਾ ਹੈ। ਸੁਨੀਲ ਇੰਦੌਰਾ ਨੇ ਕਿਹਾ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਸਮੱਸਿਆਵਾਂ ਨੂੰ ਸੁਣਨ ਤੋਂ ਤੁਰੰਤ ਬਾਅਦ ਐਕਸ਼ਨ ਮੋਡ ਵਿੱਚ ਆ ਜਾਂਦੇ ਹਨ ਅਤੇ ਤੁਰੰਤ ਕਾਰਵਾਈ ਕਰਦੇ ਹਨ। ਸੁਨੀਲ ਇੰਦੌਰਾ ਨੇ ਕਿਹਾ ਕਿ ਭਾਜਪਾ ਦੀ ਰੀਤੀ ਨੀਤੀ ਆਮ ਨਾਗਰਿਕ ਅਤੇ ਦੇਸ਼ ਹਿੱਤ ਵਿੱਚ ਹੈ।

ਲੋਕਾਂ ਨੂੰ ਚਾਹੀਦਾ ਹੈ ਕਿ ਇਸ ਨੂੰ ਗੰਭੀਰਤਾ ਨਾਲ ਸਮਝਿਆ ਜਾਵੇ ਅਤੇ ਭਾਜਪਾ ਦਾ ਸਾਥ ਦੇ ਕੇ ਆਪਣਾ ਯੋਗਦਾਨ ਦੇਸ਼ ਹਿੱਤ ਵਿੱਚ ਦੇਣ। ਇਸ ਸਮਾਰੋਹ ਵਿੱਚ ਭਾਜਪਾ ਆਗੂ ਪ੍ਰਵੀਨ ਚੰਦੇਲ, ਭਾਜਪਾ ਜ਼ਿਲ੍ਹਾ ਜਨਰਲ ਸਕੱਤਰ ਵਿਕਾਸ ਲਲੋਦਾ, ਰਘੂਵੰਸ਼ੀ, ਛਿੰਦਾ ਨੰਗਲ, ਸੋਨੂੰ ਚਾਲੀਆ, ਰਾਮਮੇਹਰ ਧਾਰਸੂਲ, ਆਦਿ ਅਨੇਕਾਂ ਲੋਕਾਂ ਨੇ ਭਾਗ ਲਿਆ।

# ਪੰਜਾਬ ਇੰਜੀਨੀਅਰਿੰਗ ਕਾਲਜ, ਚੰਡੀਗੜ੍ਹ ਵਿਖੇ ਏਆਈਸੀਟੀਈ ਵੱਲੋਂ ਸਪਾਂਸਰ ਕੀਤੀ ਅਟਲ-ਵਾਣੀ ਵਰਕਸ਼ਾਪ ਦਾ ਉਦਘਾਟਨ

**ਚੰਡੀਗੜ੍ਹ, 14 ਅਕਤੂਬਰ (ਪੈਗ਼ਾਮ-ਏ-ਜਗਤ)**



ਪੰਜਾਬ ਇੰਜੀਨੀਅਰਿੰਗ ਕਾਲਜ (ਡੀਮਡ ਟੂ ਬੀ ਯੂਨੀਵਰਸਿਟੀ), ਚੰਡੀਗੜ੍ਹ ਵਿਖੇ ਅੱਜ ਏਆਈਸੀਟੀਈ ਵੱਲੋਂ ਸਪਾਂਸਰ ਕੀਤੀ ਤਿੰਨ ਰੋਜ਼ਾ ਅਟਲ-ਵਾਣੀ ਵਰਕਸ਼ਾਪ ਦਾ ਉਦਘਾਟਨ ਕੀਤਾ ਗਿਆ। ਇਸ ਵਰਕਸ਼ਾਪ ਦਾ ਵਿਸ਼ਾ "ਸਾਲ 2070 ਤੱਕ ਭਾਰਤ ਵਿੱਚ ਗ੍ਰੀਨ ਟੈਕਨਾਲੋਜੀਆਂ ਅਤੇ ਨੈੱਟ-ਜ਼ੀਰੋ ਨਿਕਾਸ ਲਈ ਰੋਡਮੈਪ" ਹੈ। 14 ਤੋਂ 16 ਅਕਤੂਬਰ 2026 ਤੱਕ ਡੋਗਰੀ ਭਾਸ਼ਾ ਵਿੱਚ ਕਰਵਾਈ ਜਾ ਰਹੀ ਇਸ ਵਰਕਸ਼ਾਪ ਦਾ ਉਦੇਸ਼ ਟਿਕਾਊ ਤਕਨਾਲੋਜੀਆਂ ਅਤੇ ਵਾਤਾਵਰਣ ਪ੍ਰਤੀ ਜ਼ਿੰਮੇਵਾਰੀ ਬਾਰੇ ਜਾਗਰੂਕਤਾ ਪੈਦਾ ਕਰਨ ਦੇ ਨਾਲ-ਨਾਲ ਤਕਨੀਕੀ ਸਿੱਖਿਆ ਵਿੱਚ ਖੇਤਰੀ ਭਾਸ਼ਾਵਾਂ ਦੀ ਵਰਤੋਂ ਨੂੰ ਉਤਸ਼ਾਹਿਤ ਕਰਨਾ ਹੈ।

ਉਦਘਾਟਨੀ ਸੈਸ਼ਨ ਵਿੱਚ ਪ੍ਰੋ. ਉਮੇਸ਼ ਸ਼ਰਮਾ, ਡੀਨ, ਐਸਆਰਆਈਸੀ; ਪ੍ਰੋ. ਸੰਦੀਪ ਕੌਰ, ਮੁਖੀ, ਇਲੈਕਟ੍ਰੀਕਲ ਇੰਜੀਨੀਅਰਿੰਗ ਵਿਭਾਗ; ਅਤੇ ਪ੍ਰੋ. ਐਨ. ਐਮ. ਸੂਰੀ, ਮੁਖੀ, ਪ੍ਰੋਡਕਸ਼ਨ ਐਂਡ ਇੰਡਸਟਰੀਅਲ ਇੰਜੀਨੀਅਰਿੰਗ ਵਿਭਾਗ ਹਾਜ਼ਰ ਸਨ। ਉਨ੍ਹਾਂ ਦੀ ਮੌਜੂਦਗੀ ਅਤੇ ਹੌਸਲਾ-ਅਫ਼ਜ਼ਾਈ ਨੇ ਤਕਨੀਕੀ ਸਿੱਖਿਆ, ਟਿਕਾਊ ਵਿਕਾਸ ਅਤੇ ਖੇਤਰੀ ਭਾਸ਼ਾਵਾਂ ਨੂੰ ਇੱਕ ਮੰਚ 'ਤੇ ਲਿਆਉਣ ਵਾਲੀਆਂ ਪਹਿਲਕਦਮੀਆਂ ਦੀ ਮਹੱਤਤਾ ਨੂੰ ਉਜਾਗਰ ਕੀਤਾ।

ਆਯੋਜਕਾਂ ਨੇ ਪੰਜਾਬ ਇੰਜੀਨੀਅਰਿੰਗ ਕਾਲਜ ਦੇ ਮਾਣਯੋਗ ਵਾਈਸ ਚਾਂਸਲਰ ਪ੍ਰੋ. ਭੋਲਾ ਰਾਮ ਗੁਰਜਰ ਵੱਲੋਂ ਦਿੱਤੇ ਗਏ ਮਾਰਗਦਰਸ਼ਨ ਅਤੇ ਸਹਿਯੋਗ ਲਈ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਦੇ ਸਹਿਯੋਗ ਨਾਲ ਅਜਿਹਾ ਅਕਾਦਮਿਕ ਮਾਹੌਲ ਵਿਕਸਿਤ ਹੋ ਰਿਹਾ ਹੈ, ਜੋ ਨਵੀਨਤਾ, ਅੰਤਰ-ਵਿਸ਼ਾਈ ਸਹਿਯੋਗ ਅਤੇ ਵਾਤਾਵਰਣਕ ਟਿਕਾਊਪਣ ਨੂੰ ਉਤਸ਼ਾਹਿਤ ਕਰਦਾ ਹੈ। ਸਿੱਖਿਆ, ਖੋਜ ਅਤੇ ਤਕਨੀਕੀ ਤਰੱਕੀ ਰਾਹੀਂ ਮੌਜੂਦਾ ਵਾਤਾਵਰਣਕ ਚੁਣੌਤੀਆਂ ਦਾ ਹੱਲ ਲੱਭਣ ਲਈ ਸੰਸਥਾ ਦੀ ਵਚਨਬੱਧਤਾ ਨੂੰ ਮਜ਼ਬੂਤ ਕਰਨ ਵਿੱਚ ਉਨ੍ਹਾਂ ਦਾ ਸਹਿਯੋਗ ਮਹੱਤਵਪੂਰਨ ਹੈ।

ਇਸ ਵਰਕਸ਼ਾਪ ਦਾ ਤਾਲਮੇਲ ਡਾ. ਮਨੋਹਰ ਸਿੰਘ ਅਤੇ ਡਾ. ਜਿੰਮੀ ਕਰਲੂਪੀਆ ਵੱਲੋਂ ਕੀਤਾ ਜਾ ਰਿਹਾ ਹੈ। ਦੋਵਾਂ ਦੀਆਂ ਜੜ੍ਹਾਂ ਜੰਮੂ ਨਾਲ ਜੁੜੀਆਂ ਹੋਈਆਂ ਹਨ ਅਤੇ ਉਨ੍ਹਾਂ ਨੂੰ ਡੋਗਰੀ ਭਾਸ਼ਾ ਵਿੱਚ ਇਸ ਤਕਨੀਕੀ ਵਰਕਸ਼ਾਪ ਦਾ ਆਯੋਜਨ ਕਰਨ 'ਤੇ ਵਿਸ਼ੇਸ਼ ਮਾਣ ਹੈ। ਇਹ ਪਹਿਲਕਦਮੀ ਵਿਗਿਆਨਕ ਅਤੇ ਤਕਨੀਕੀ ਗਿਆਨ ਨੂੰ ਵਧੇਰੇ ਪਹੁੰਚਯੋਗ ਬਣਾਉਣ ਅਤੇ ਮਹੱਤਵਪੂਰਨ ਰਾਸ਼ਟਰੀ ਤਰਜੀਹਾਂ ਵਿੱਚ ਵਿਆਪਕ ਭਾਗੀਦਾਰੀ ਨੂੰ ਉਤਸ਼ਾਹਿਤ ਕਰਨ ਲਈ ਖੇਤਰੀ ਭਾਸ਼ਾਵਾਂ ਦੀ ਸਮਰੱਥਾ ਨੂੰ ਦਰਸਾਉਂਦੀ ਹੈ।

ਇਸ ਵਰਕਸ਼ਾਪ ਵਿੱਚ ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼, ਪੰਜਾਬ, ਉੱਤਰਾਖੰਡ ਅਤੇ ਦਿੱਲੀ ਸਮੇਤ ਦੇਸ਼ ਭਰ ਦੇ ਵੱਖ-ਵੱਖ ਸੰਸਥਾਨਾਂ ਤੋਂ ਬੁਲਾਰਿਆਂ, ਸਿੱਖਿਆ ਸ਼ਾਸਤਰੀਆਂ, ਮਾਹਿਰਾਂ ਅਤੇ ਭਾਗੀਦਾਰਾਂ ਨੇ ਸ਼ਮੂਲੀਅਤ ਕੀਤੀ ਹੈ। ਉਨ੍ਹਾਂ ਦੀ ਭਾਗੀਦਾਰੀ ਵਿਚਾਰਾਂ ਦੇ ਆਦਾਨ-ਪ੍ਰਦਾਨ, ਸੰਸਥਾਗਤ ਤਜਰਬਿਆਂ ਨੂੰ ਸਾਂਝਾ ਕਰਨ ਅਤੇ ਟਿਕਾਊ ਵਿਕਾਸ ਨਾਲ ਸਬੰਧਤ ਚੁਣੌਤੀਆਂ ਦੇ ਹੱਲ ਲਈ ਸਾਂਝੇ ਯਤਨਾਂ ਨੂੰ ਵਿਕਸਿਤ ਕਰਨ ਵਾਸਤੇ ਇੱਕ ਮਹੱਤਵਪੂਰਨ ਮੰਚ ਪ੍ਰਦਾਨ ਕਰਦੀ ਹੈ।

ਵਰਕਸ਼ਾਪ ਦੇ ਤਕਨੀਕੀ ਪ੍ਰੋਗਰਾਮ ਵਿੱਚ ਵੱਖ-ਵੱਖ ਸੰਸਥਾਵਾਂ ਦੇ ਉੱਘੇ ਸਿੱਖਿਆ ਸ਼ਾਸਤਰੀਆਂ ਅਤੇ ਪੇਸ਼ੇਵਰ ਮਾਹਿਰਾਂ ਵੱਲੋਂ ਵਿਸ਼ੇਸ਼ ਲੈਕਚਰ ਦਿੱਤੇ ਜਾ ਰਹੇ ਹਨ। ਇਨ੍ਹਾਂ ਸੈਸ਼ਨਾਂ ਵਿੱਚ ਊਰਜਾ ਸੁਰੱਖਿਆ, ਰਹਿੰਦ-ਖੂੰਹਦ ਤੋਂ ਊਰਜਾ ਦਾ ਉਤਪਾਦਨ, ਸਮੱਗਰੀ ਦੀ ਪ੍ਰੋਸੈਸਿੰਗ ਲਈ ਮਾਈਕ੍ਰੋਵੇਵ ਹਾਈਬ੍ਰਿਡ ਹੀਟਿੰਗ, ਇੰਡਸਟਰੀਅਲ ਇੰਟਰਨੈੱਟ ਆਫ਼ ਥਿੰਗਜ਼ (99ੳ") ਰਾਹੀਂ ਸਮਾਰਟ ਮੈਨੂਫੈਕਚਰਿੰਗ, ਗ੍ਰੀਨ ਬਿਲਡਿੰਗ ਤਕਨਾਲੋਜੀਆਂ, ਐਡਿਟਿਵ ਮੈਨੂਫੈਕਚਰਿੰਗ, ਟਿਕਾਊ ਜੈਵਿਕ ਸਮੱਗਰੀਆਂ, ਕੰਪੋਜ਼ਿਟ ਤਕਨਾਲੋਜੀ, ਰਹਿੰਦ-ਖੂੰਹਦ ਪ੍ਰਬੰਧਨ ਅਤੇ ਟਿਕਾਊ ਊਰਜਾ ਬੁਨਿਆਦੀ ਢਾਂਚੇ ਵਰਗੇ ਵਿਭਿੰਨ ਵਿਸ਼ੇ ਸ਼ਾਮਲ ਹਨ।

ਆਯੋਜਨ ਟੀਮ ਨੇ ਇਸ ਸਮਾਗਮ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਵਿੱਚ ਮਹੱਤਵਪੂਰਨ ਯੋਗਦਾਨ ਪਾਉਣ ਲਈ ਏਆਈਸੀਟੀਈ, ਸੰਸਥਾ ਪ੍ਰਸ਼ਾਸਨ, ਭਾਗ ਲੈਣ ਵਾਲੇ ਵਿਭਾਗਾਂ, ਸੱਦੇ ਗਏ ਬੁਲਾਰਿਆਂ ਅਤੇ ਫੈਕਲਟੀ ਮੈਂਬਰਾਂ, ਕਰਮਚਾਰੀਆਂ ਤੇ ਵਿਦਿਆਰਥੀ ਸਵੈ-ਸੇਵਕਾਂ ਸਮੇਤ ਆਯੋਜਨ ਟੀਮ ਦੇ ਸਾਰੇ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਹ ਵਰਕਸ਼ਾਪ 16 ਅਕਤੂਬਰ 2026 ਤੱਕ ਜਾਰੀ ਰਹੇਗੀ। ਇਸ ਦੌਰਾਨ ਹੋਣ ਵਾਲੇ ਹੋਰ ਮਾਹਿਰ ਲੈਕਚਰਾਂ ਅਤੇ ਤਕਨੀਕੀ ਵਿਚਾਰ-ਵਟਾਂਦਰਿਆਂ ਦਾ ਉਦੇਸ਼ ਨਵੀਨਤਾਕਾਰੀ ਵਿਚਾਰਾਂ ਨੂੰ ਉਤਸ਼ਾਹਿਤ ਕਰਨਾ, ਅਕਾਦਮਿਕ ਸਹਿਯੋਗ ਨੂੰ ਮਜ਼ਬੂਤ ਕਰਨਾ ਅਤੇ ਵਧੇਰੇ ਹਰਿਆਲੇ ਤੇ ਟਿਕਾਊ ਭਵਿੱਖ ਵੱਲ ਤਬਦੀਲੀ ਨੂੰ ਗਤੀ ਦੇਣਾ ਹੈ।

# ਜੇ ਬੱਬਰ ਖ਼ਾਲਸਾ ਦੇ ਹਵਾਰਾ ਨੂੰ ਪੰਜਾਬ ਦੀ ਜੇਲ੍ਹ ਵਿੱਚ ਤਬਦੀਲ ਕੀਤਾ ਜਾਂਦਾ ਹੈ ਤਾਂ ਅੱਤਵਾਦ ਫੈਲੇਗਾ: ਵੀਰੇਸ਼ ਸ਼ਾਂਡਿਲਿਆ

**ਪੈ.ਗਾਮ-ਏ-ਜਗਤ**
**ਅੰਬਾਲਾ, 14 ਅਕਤੂਬਰ (ਆਰ.ਸਿੰਘ)**

ਐਂਟੀ ਟੈਰੋਰਿਸਟ ਫਰੰਟ ਇੰਡੀਆ ਦੇ ਕੌਮੀ ਪ੍ਰਧਾਨ ਵੀਰੇਸ਼ ਸ਼ਾਂਡਿਲਿਆ ਨੇ ਕਿਹਾ ਕਿ ਜੇ ਬੱਬਰ ਖ਼ਾਲਸਾ ਦੇ ਜਗਤਾਰ ਸਿੰਘ ਹਵਾਰਾ ਨੂੰ ਪੰਜਾਬ ਦੀ ਜੇਲ੍ਹ ਵਿੱਚ ਤਬਦੀਲ ਕੀਤਾ ਜਾਂਦਾ ਹੈ ਤਾਂ ਅੱਤਵਾਦ ਫੈਲੇਗਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਬੇਅੰਤ ਸਿੰਘ ਦਾ ਕਾਤਲ ਜਗਤਾਰ ਸਿੰਘ ਹਵਾਰਾ 2004 ਵਿੱਚ ਬੁੜੈਲ ਜੇਲ੍ਹ ਤੋਂ 119 ਫੁੱਟ ਦੀ ਸੁਰੰਗ ਪੁੱਟ ਕੇ ਫਰਾਰ ਹੋ ਗਿਆ ਸੀ। ÷ਜੇਕਰ ਜ਼ਰੂਰੀ ਹੋਇਆ ਤਾਂ ਮੈਂ ਹਵਾਰਾ ਵਿਰੁੱਧ ਸੁਪਰੀਮ ਕੋਰਟ ਵਿੱਚ ਪੇਸ਼ ਹੋਵਾਂਗਾ,÷।

ਵੀਰੇਸ਼ ਸ਼ਾਂਡਿਲਿਆ ਨੇ ਕਿਹਾ ਕਿ ਜਗਤਾਰ ਸਿੰਘ ਹਵਾਰਾ ਨੇ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਹੈ ਕਿ ਉਸ ਨੂੰ ਤਿਹਾੜ ਜੇਲ੍ਹ ਤੋਂ ਪੰਜਾਬ ਦੀ ਕਿਸੇ ਵੀ ਜੇਲ੍ਹ ਵਿੱਚ ਤਬਦੀਲ ਕੀਤਾ ਜਾਵੇ ਜੋ ਕਿ ਬੱਬਰ ਖ਼ਾਲਸਾ ਅੱਤਵਾਦੀ ਸੰਗਠਨ, ਆਈਐਸਆਈ ਅਤੇ ਕੱਟੜਪੰਥੀਆਂ ਦੀ ਡੂੰਘੀ ਸਾਜ਼ਿਸ਼ ਹੈ। ਸੁਪਰੀਮ ਕੋਰਟ ਨੇ ਆਈਬੀ ਤੋਂ ਰਿਪੋਰਟ ਮੰਗੀ ਹੈ।

ਵੀਰੇਸ਼ ਸ਼ਾਂਡਿਲਿਆ ਨੇ ਕਿਹਾ ਕਿ ਉਹ ਹਮੇਸ਼ਾ ਰਾਸ਼ਟਰੀ ਸੁਰੱਖਿਆ ਬਾਰੇ ਚਿੰਤਤ ਰਹਿੰਦੇ ਹਨ ਅਤੇ ਸੁਪਰੀਮ ਕੋਰਟ ਵੱਲੋਂ ਇੰਟੈਲੀਜੈਂਸ ਬਿਊਰੋ (92) ਤੋਂ ਮੰਗੀ ਗਈ ਰਿਪੋਰਟ ਦਾ ਕੋਈ ਮਹੱਤਵ ਨਹੀਂ ਹੈ। ਜੇ ਇੰਟੈਲੀਜੈਂਸ ਬਿਊਰੋ (ਆਈ.ਬੀ.) ਜ਼ਿੰਦਾ ਅਤੇ ਸਰਗਰਮ ਹੁੰਦਾ, ਤਾਂ ਪੰਜਾਬ ਸਿਵਲ ਸਕੱਤਰੇਤ ਵਿਖੇ ਸੱਤ-ਪੱਧਰੀ ਸੁਰੱਖਿਆ ਦੇ ਬਾਵਜੂਦ ਮੁੱਖ ਮੰਤਰੀ ਬੇਅੰਤ ਸਿੰਘ ਦਾ ਕਤਲ ਨਾ ਹੁੰਦਾ, ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਤਲ ਨਾ ਹੁੰਦਾ, ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦਾ ਕਤਲ ਨਾ ਹੁੰਦਾ, 26/11 ਦੇ ਹਮਲੇ ਨਾ ਹੁੰਦੇ, ਦੇਸ਼ ਦੀ ਸੰਸਦ 'ਤੇ ਹਮਲਾ ਨਾ ਹੁੰਦਾ, ਕਾਰਗਿਲ ਵਿੱਚ ਅੱਤਵਾਦੀ ਘੁਸਪੈਠ ਨਾ ਹੁੰਦੀ ਅਤੇ ਉੜੀ ਵਿੱਚ ਫੌਜ ਦੇ ਹੈੱਡਕੁਆਟਰ 'ਤੇ ਹਮਲਾ ਨਾ ਹੁੰਦਾ।



ਉਨ੍ਹਾਂ ਕਿਹਾ ਕਿ ਐਂਟੀ ਟੈਰੋਰਿਸਟ ਫਰੰਟ ਇੰਡੀਆ ਜਗਤਾਰ ਸਿੰਘ ਹਵਾਰਾ ਨੂੰ ਕਿਸੇ ਵੀ ਕੀਮਤ 'ਤੇ ਪੰਜਾਬ ਦੀ ਸ਼ਾਂਤੀ ਅਤੇ ਸਦਭਾਵਨਾ ਨੂੰ ਭੰਗ ਕਰਨ ਦੀ ਸਾਜ਼ਿਸ਼ ਰਚਣ ਦੀ ਇਜਾਜ਼ਤ ਨਹੀਂ ਦੇਵੇਗਾ। ਜੇ ਲੋੜ ਪਈ ਤਾਂ ਉਹ ਹਵਾਰਾ ਵਿਰੁੱਧ ਸੁਪਰੀਮ ਕੋਰਟ ਵਿੱਚ ਆਪਣੇ ਵਿਚਾਰ ਪੇਸ਼ ਕਰਨਗੇ। ਵੀਰੇਸ਼ ਸ਼ਾਂਡਿਲਿਆ ਨੇ ਕਿਹਾ ਕਿ ਇਹ ਉਹੀ ਅੱਤਵਾਦੀ ਹੈ ਜਿਸ ਨੇ 1995 ਵਿੱਚ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਕੀਤੀ ਸੀ ਅਤੇ 2004 ਵਿੱਚ ਹਵਾਰਾ ਅਤੇ ਉਸ ਦੇ ਸਾਥੀ 119 ਫੁੱਟ ਸੁਰੰਗ ਪੁੱਟ ਕੇ ਬੁੜੈਲ ਜੇਲ੍ਹ ਤੋਂ ਭੱਜ ਗਏ ਸਨ। ਉਨ੍ਹਾਂ ਕਿਹਾ ਕਿ ਜਦੋਂ ਜਗਤਾਰ ਸਿੰਘ ਹਵਾਰਾ ਅਤੇ ਹੋਰ ਸਾਥੀਆਂ ਨੇ ਬੁੜੈਲ ਜੇਲ੍ਹ ਤੋੜੀ ਸੀ ਤਾਂ ਉਨ੍ਹਾਂ ਨੇ 2004 ਵਿੱਚ ਐਂਟੀ ਟੈਰੋਰਿਸਟ ਫਰੰਟ ਇੰਡੀਆ ਵੱਲੋਂ ਸੀਬੀਆਈ ਜਾਂਚ ਲਈ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਇੱਕ ਜਨਹਿਤ ਪਟੀਸ਼ਨ ਦਾਇਰ ਕੀਤੀ ਸੀ, ਜਿਸ 'ਤੇ ਤਤਕਾਲੀ ਚੀਫ ਜਸਟਿਸ ਬੀਕੇ ਰਾਏ ਦੀ ਡਿਵੀਜ਼ਨ ਬੈਂਚ ਨੇ ਇੱਕ ਮਹੱਤਵਪੂਰਨ ਫ਼ੈਸਲਾ ਦਿੱਤਾ ਸੀ। ਵੀਰੇਸ਼ ਸ਼ਾਂਡਿਲਿਆ ਨੇ ਕਿਹਾ ਕਿ ਜਦੋਂ ਜਗਤਾਰ ਸਿੰਘ ਹਵਾਰਾ ਅਤੇ ਪਰਮਜੀਤ ਭਿਓਰਾ ਨੂੰ ਤਿਹਾੜ ਜੇਲ੍ਹ ਵਿੱਚ ਸ਼ਿਫਟ ਕੀਤਾ ਗਿਆ ਸੀ ਤਾਂ ਇਹ ਚੰਡੀਗੜ੍ਹ ਅਤੇ ਰੋਪੜ ਜੇਲ੍ਹਾਂ ਵਿੱਚ ਪੇਸ਼ ਹੋਣ ਲਈ ਸੜਕ ਰਾਹੀਂ ਆਉਂਦੇ ਸਨ ਜਿਸ ਲਈ ਦਿੱਲੀ , ਹਰਿਆਣਾ, ਪੰਜਾਬ, ਚੰਡੀਗੜ੍ਹ ਪੁਲੀਸ ਅਤੇ ਕੇਂਦਰੀ ਪੁਲੀਸ ਬਲ ਤਾਇਨਾਤ ਕੀਤੇ ਜਾਂਦੇ ਸਨ, ਸੁਰੱਖਿਆ 'ਤੇ ਕਰੋੜਾਂ ਰੁਪਏ ਖ਼ਰਚ ਹੁੰਦੇ ਸਨ, ਜਿਸ ਦਾ ਉਨ੍ਹਾਂ ਦੇ ਸੰਗਠਨ ਐਂਟੀ ਟੈਰੋਰਿਸਟ ਫਰੰਟ ਇੰਡੀਆ ਨੇ ਵਿਰੋਧ ਕੀਤਾ ਅਤੇ 2008 ਵਿੱਚ ਉਨ੍ਹਾਂ ਦੇ ਸੰਗਠਨ ਵੱਲੋਂ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਇੱਕ ਜਨਹਿਤ ਪਟੀਸ਼ਨ ਦਾਇਰ ਕੀਤੀ ਗਈ ਸੀ ਕਿ ਇਨ੍ਹਾਂ ਅੱਤਵਾਦੀਆਂ ਦੀ ਸੁਣਵਾਈ ਤਿਹਾੜ ਜੇਲ੍ਹ ਤੋਂ ਵੀਡੀਓ ਕਾਨਫਰੰਸਿੰਗ ਰਾਹੀਂ ਕੀਤੀ ਜਾਵੇ, ਜਿਸ ਨੂੰ ਹਾਈ ਕੋਰਟ ਨੇ ਸਵੀਕਾਰ ਕਰ ਲਿਆ ਸੀ। ਵੀਰੇਸ਼ ਸ਼ਾਂਡਿਲਿਆ ਨੇ ਕਿਹਾ ਕਿ ਉਨ੍ਹਾਂ ਦਾ ਸੰਗਠਨ, ਐਂਟੀ ਟੈਰੋਰਿਸਟ ਫਰੰਟ ਇੰਡੀਆ, ਕਿਸੇ ਵੀ ਕੀਮਤ 'ਤੇ ਜਗਤਾਰ ਸਿੰਘ ਹਵਾਰਾ ਨੂੰ ਪੰਜਾਬ ਦੀ ਜੇਲ੍ਹ ਵਿੱਚ ਤਬਦੀਲ ਨਹੀਂ ਹੋਣ ਦੇਵੇਗਾ ਅਤੇ ਇਸ ਲਈ ਸੁਪਰੀਮ ਕੋਰਟ ਤੋਂ ਲੈ ਕੇ ਸੜਕਾਂ ਤੱਕ ਲੜੇਗਾ।

ਭਾਰਤੀ ਦਵਾਈ ਲਈ ਵਿਸ਼ਵਵਿਆਪੀ ਮੀਲ ਪੱਥਰ

# ਪੀਜੀਆਈ ਦੇ ਪ੍ਰੋ. ਅਕਸ਼ੈ ਕੁਮਾਰ ਸਕਸੈਨਾ ਨੂੰ ਅਮਰੀਕਨ ਕਾਲਜ ਆਫ਼ ਰੇਡੀਓਲੋਜੀ ਵੱਲੋਂ ਆਨਰੇਰੀ ਫੈਲੋਸ਼ਿਪ ਨਾਲ ਸਨਮਾਨਿਤ ਕੀਤਾ ਗਿਆ

**ਚੰਡੀਗੜ੍ਹ, 14 ਅਕਤੂਬਰ (ਪੈ.ਗਾਮ-ਏ-ਜਗਤ)**



ਭਾਰਤੀ ਸਿਹਤ ਸੰਭਾਲ ਅਤੇ ਅਕਾਦਮਿਕ ਦਵਾਈ ਲਈ ਇੱਕ ਇਤਿਹਾਸਕ ਪਲ ਵਿੱਚ, ਪੋਸਟਗ੍ਰੈਜੂਏਟ ਇੰਸਟੀਚਿਊਟ ਆਫ਼ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ, ਚੰਡੀਗੜ੍ਹ ਦੇ ਰੇਡੀਓਡਾਇਗਨੋਸਿਸ ਵਿਭਾਗ ਦੇ ਪ੍ਰੋਫੈਸਰ ਅਤੇ ਮੁਖੀ ਪ੍ਰੋ. ਅਕਸ਼ੈ ਕੁਮਾਰ ਸਕਸੈਨਾ ਨੂੰ ਅਮਰੀਕਨ ਕਾਲਜ ਆਫ਼ ਰੇਡੀਓਲੋਜੀ ਦੇ ਆਨਰੇਰੀ ਫੈਲੋ ਵਜੋਂ ਚੁਣਿਆ ਗਿਆ ਹੈ।

ਇਹ ਵੱਕਾਰੀ ਵਿਸ਼ਵਵਿਆਪੀ ਸਨਮਾਨ ਪ੍ਰੋ. ਸਕਸੈਨਾ ਨੂੰ ਭਾਰਤੀ ਮੈਡੀਕਲ ਇਤਿਹਾਸ ਦੇ ਇੱਕ ਅਸਾਧਾਰਨ ਕੁਲੀਨ ਵਰਗ ਵਿੱਚ ਰੱਖਦਾ ਹੈ। ਡਾ. ਸਨੇਹ ਭਾਰਗਵ — ਏਮਜ਼ ਵਿਖੇ ਰੇਡੀਓਲੋਜੀ ਦੇ ਮਹਾਨ ਵਿਭਾਗ ਦੇ ਪ੍ਰਤੀਕ ਸਾਬਕਾ ਡਾਇਰੈਕਟਰ ਅਤੇ ਮੁਖੀ — ਤੋਂ ਬਾਅਦ, ਪ੍ਰੋ. ਸਕਸੈਨਾ ਭਾਰਤ ਵਿੱਚ ਇੱਕ ਪ੍ਰਮੁੱਖ ਸਿਖਰਲੇ ਮੈਡੀਕਲ ਸੰਸਥਾਨ ਤੋਂ ਇਹ ਵਿਲੱਖਣਤਾ ਪ੍ਰਾਪਤ ਕਰਨ ਵਾਲੇ ਇੱਕੋ-ਇੱਕ ਹੋਰ ਨੇਤਾ ਹਨ। ਉਨ੍ਹਾਂ ਦੀ ਸ਼ਮੂਲੀਅਤ ਪੀਜੀਆਈ ਚੰਡੀਗੜ੍ਹ ਅਤੇ ਉੱਤਰੀ ਭਾਰਤ ਲਈ ਇੱਕ ਇਤਿਹਾਸਕ ਪਹਿਲੀ ਵਾਰ ਹੈ, ਜੋ ਮਰੀਜ਼ਾਂ ਦੀ ਦੇਖਭਾਲ, ਖੋਜ ਅਤੇ ਡਾਇਗਨੌਸਟਿਕ ਨਵੀਨਤਾ ਵਿੱਚ ਸੰਸਥਾ ਦੇ ਵਿਸ਼ਵ-ਪੱਧਰੀ ਮਿਆਰਾਂ ਨੂੰ ਮਜ਼ਬੂਤ ਕਰਦੀ ਹੈ।

ਅਮਰੀਕਨ ਕਾਲਜ ਆਫ਼ ਰੇਡੀਓਲੋਜੀ, ਜੋ ਦੁਨੀਆ ਦੀਆਂ ਸਭ ਤੋਂ ਵੱਡੀਆਂ ਅਤੇ ਸਭ ਤੋਂ ਪ੍ਰਭਾਵਸ਼ਾਲੀ ਮੈਡੀਕਲ ਇਮੇਜਿੰਗ ਸੁਸਾਇਟੀਆਂ ਵਿੱਚੋਂ ਇੱਕ ਹੈ, ਵਿਸ਼ੇਸ਼ ਤੌਰ 'ਤੇ ਉਨ੍ਹਾਂ ਵਿਅਕਤੀਆਂ ਨੂੰ ਆਨਰੇਰੀ ਫੈਲੋਸ਼ਿਪ ਪ੍ਰਦਾਨ ਕਰਦੀ ਹੈ ਜਿਨ੍ਹਾਂ ਨੇ ਰੇਡੀਓਲੋਜੀ ਦੇ ਵਿਗਿਆਨ ਅਤੇ ਅਭਿਆਸ ਵਿੱਚ ਅਸਾਧਾਰਨ, ਅੰਤਰਰਾਸ਼ਟਰੀ ਪੱਧਰ 'ਤੇ ਪਰਿਵਰਤਨਸ਼ੀਲ ਯੋਗਦਾਨ ਪਾਇਆ ਹੈ।

ਏਸੀਆਰ ਦੁਆਰਾ ਇੱਕ ਉੱਘੇ ਰੇਡੀਓਲੋਜਿਸਟ ਵਜੋਂ ਮਾਨਤਾ ਪ੍ਰਾਪਤ, ਪ੍ਰੋ. ਸਕਸੈਨਾ ਨੇ ਭਾਰਤ ਵਿੱਚ ਬਾਲ ਆਬਾਦੀ ਨੂੰ ਸ਼ਾਨਦਾਰ ਦੇਖਭਾਲ ਪ੍ਰਦਾਨ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ, ਜਦੋਂ ਕਿ ਰਾਸ਼ਟਰੀ ਅਤੇ ਵਿਦੇਸ਼ਾਂ ਵਿੱਚ ਰੇਡੀਓਲੋਜੀ ਦੇ ਅਭਿਆਸ ਦੀ ਤਰੱਕੀ ਵੱਲ ਬੇਮਿਸਾਲ ਯੋਗਦਾਨ ਪਾਇਆ ਹੈ। ਉਨ੍ਹਾਂ ਦਾ ਵਿਦਵਤਾਪੂਰਨ ਪ੍ਰਭਾਵ 175 ਤੋਂ ਵੱਧ ਪ੍ਰਕਾਸ਼ਨਾਂ ਅਤੇ 23 ਕਿਤਾਬਾਂ ਦੇ ਅਧਿਆਵਾਂ ਤੱਕ ਫੈਲਿਆ ਹੋਇਆ ਹੈ।

ਇਸ ਤੋਂ ਇਲਾਵਾ, ਉਨ੍ਹਾਂ ਨੇ ਪੀਜੀਆਈਐਮਈਆਰ ਚੰਡੀਗੜ੍ਹ ਵਿਖੇ ਸਟੈਂਡਰਡ ਓਪਰੇਟਿੰਗ ਪ੍ਰੋਟੋਕੋਲ ਨੂੰ ਆਕਾਰ ਦੇਣ ਅਤੇ ਭਾਰਤ ਅਤੇ ਅਮਰੀਕਾ ਦੋਵਾਂ ਵਿੱਚ ਮਹੱਤਵਪੂਰਨ ਇਮੇਜਿੰਗ ਦਿਸ਼ਾ-ਨਿਰਦੇਸ਼ ਵਿਕਸਤ ਕਰਨ ਵਿੱਚ ਇੱਕ ਬੁਨਿਆਦੀ ਭੂਮਿਕਾ ਨਿਭਾਈ ਹੈ। ਵਿਸ਼ਵਵਿਆਪੀ ਮੈਡੀਕਲ ਭਾਈਚਾਰੇ ਦੇ ਅੰਦਰ ਇੱਕ ਪ੍ਰਮੁੱਖ ਨੇਤਾ, ਪ੍ਰੋ. ਸਕਸੈਨਾ ਨੇ ਪੇਸ਼ੇਵਰ ਰੇਡੀਓਲੋਜੀ ਸੁਸਾਇਟੀਆਂ ਵਿੱਚ ਕਈ ਲੀਡਰਸ਼ਿਪ ਅਹੁਦਿਆਂ 'ਤੇ ਕੰਮ ਕੀਤਾ ਹੈ, ਭਾਰਤ ਵਿੱਚ ਸੋਸਾਇਟੀ ਫਾਰ ਐਮਰਜੈਂਸੀ ਰੇਡੀਓਲੋਜੀ ਦੇ ਪ੍ਰਧਾਨ ਵਜੋਂ ਕੰਮ ਕਰਦੇ ਹਨ, ਅਤੇ ਵਿਸ਼ਵਵਿਆਪੀ ਪੱਧਰ 'ਤੇ ਲੈਕਚਰ ਦੇ ਕੇ ਅਤੇ ਸੈਸ਼ਨਾਂ ਦੀ ਪ੍ਰਧਾਨਗੀ ਕਰਕੇ ਨਿਯਮਤ ਤੌਰ 'ਤੇ ਆਪਣੀ ਮੁਹਾਰਤ ਪ੍ਰਦਾਨ ਕੀਤੀ ਹੈ।

ਇਹ ਅੰਤਰਰਾਸ਼ਟਰੀ ਸਨਮਾਨ ਵਿਸ਼ੇਸ਼ ਮੈਡੀਕਲ ਵਿਗਿਆਨ ਵਿੱਚ ਵਿਸ਼ਵਵਿਆਪੀ ਲੀਡਰਸ਼ਿਪ ਵੱਲ ਭਾਰਤ ਦੀ ਤੇਜ਼ ਤਰੱਕੀ ਨੂੰ ਹੋਰ ਪ੍ਰਮਾਣਿਤ ਕਰਦਾ ਹੈ, ਇਹ ਸਾਬਤ ਕਰਦਾ ਹੈ ਕਿ ਪੀਜੀਆਈ ਚੰਡੀਗੜ੍ਹ ਦੁਨੀਆ ਦੇ ਸਭ ਤੋਂ ਵਧੀਆ ਮੈਡੀਕਲ ਕੇਂਦਰਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹੈ।

ਡਾ. ਸਨੇਹ ਭਾਰਗਵ — ਏਮਜ਼ ਵਿਖੇ ਰੇਡੀਓਲੋਜੀ ਦੇ ਮਹਾਨ ਵਿਭਾਗ ਦੇ ਪ੍ਰਤੀਕ ਸਾਬਕਾ ਡਾਇਰੈਕਟਰ ਅਤੇ ਮੁਖੀ — ਤੋਂ ਬਾਅਦ, ਪ੍ਰੋ. ਸਕਸੈਨਾ ਭਾਰਤ ਵਿੱਚ ਇੱਕ ਪ੍ਰਮੁੱਖ ਸਿਖਰਲੇ ਮੈਡੀਕਲ ਸੰਸਥਾਨ ਤੋਂ ਇਹ ਵਿਲੱਖਣਤਾ ਪ੍ਰਾਪਤ ਕਰਨ ਵਾਲੇ ਇੱਕੋ-ਇੱਕ ਹੋਰ ਨੇਤਾ ਹਨ।

# ਗੁਲਜ਼ਾਰ ਸਿੰਘ ਤੋਂ ਪਰਮਿੰਦਰ ਸਿੰਘ ਝੋਟਾ ਤੱਕ ਨਸ਼ੇ ਦੇ ਮੁੱਦੇ 'ਤੇ ਉੱਠੇ ਸਵਾਲਾਂ ਦਾ ਜਵਾਬ ਦੇਵੇ ਪੰਜਾਬ ਸਰਕਾਰ

**ਪੈ.ਗਾਮ-ਏ-ਜਗਤ**
**ਹੁਸ਼ਿਆਰਪੁਰ (ਦਲਜੀਤ ਅਜਨੋਹਾ)**

ਮਾਨਸਾ ਵਿੱਚ ਨਸ਼ਾ ਵਿਰੋਧੀ ਕਾਰਕੁਨ ਪਰਮਿੰਦਰ ਸਿੰਘ ਝੋਟਾ ਦੇ ਗੋਲੀ ਮਾਰ ਕੇ ਕਤਲ ਕੀਤੇ ਜਾਣ ਦੀ ਘਟਨਾ 'ਤੇ ਭਾਜਪਾ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਨਿਪੁੰਨ ਸ਼ਰਮਾ ਨੇ ਇਸ ਘਟਨਾ 'ਤੇ ਡੂੰਘਾ ਦੁੱਖ ਪ੍ਰਗਟ ਕਰਦਿਆਂ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਦੀ ਕਾਨੂੰਨ-ਵਿਵਸਥਾ ਅਤੇ ਨਸ਼ੇ ਵਿਰੁੱਧ ਮੁਹਿੰਮ ਨੂੰ ਲੈ ਕੇ ਗੰਭੀਰ ਸਵਾਲ ਉਠਾਏ ਹਨ।

ਨਿਪੁੰਨ ਸ਼ਰਮਾ ਨੇ ਕਿਹਾ ਕਿ ਪੰਜਾਬ ਸਰਕਾਰ ਨਸ਼ੇ ਦੇ ਖਾਤਮੇ ਦੇ ਵੱਡੇ-ਵੱਡੇ ਦਾਅਵੇ ਕਰਦੀ ਹੈ, ਯੁੱਧ ਨਸ਼ੇ ਵਿਰੁੱਧ ਦਾ ਢੌਂਗ ਰਚਦੀ ਹੈ। ਪਰ ਸੂਬੇ ਵਿੱਚ ਨਸ਼ੇ ਦੀ ਸਮੱਸਿਆ ਨੂੰ ਲੈ ਕੇ ਆਵਾਜ਼ ਉਠਾਉਣ ਵਾਲੇ ਲੋਕਾਂ ਦੀ ਸੁਰੱਖਿਆ ਅਤੇ ਉਨ੍ਹਾਂ ਨੂੰ ਨਿਆਂ ਦਿਵਾਉਣ ਦੀ ਜ਼ਿੰਮੇਵਾਰੀ ਤੋਂ ਸਰਕਾਰ ਮੂੰਹ ਨਹੀਂ ਮੋੜ ਸਕਦੀ। ਮਾਨਸਾ ਦੀ ਘਟਨਾ ਨੇ ਇੱਕ ਵਾਰ ਫਿਰ ਪੰਜਾਬ ਦੀ ਜਨਤਾ ਸਾਹਮਣੇ ਇਹ ਸਵਾਲ ਖੜ੍ਹਾ ਕਰ ਦਿੱਤਾ ਹੈ ਕਿ ਆਖਰ ਨਸ਼ੇ ਵਿਰੁੱਧ ਆਵਾਜ਼ ਉਠਾਉਣ ਵਾਲੇ ਲੋਕ ਕਿੰਨੇ ਸੁਰੱਖਿਅਤ ਹਨ?

ਉਨ੍ਹਾਂ ਕਿਹਾ ਕਿ ਗੁਲਜ਼ਾਰ ਸਿੰਘ ਤੋਂ ਲੈ ਕੇ ਸ਼ੇਰੋਂ ਪਿੰਡ ਦੇ ਮੋਹਨਜੀਤ ਸਿੰਘ ਅਤੇ ਹੁਣ ਪਰਮਿੰਦਰ ਸਿੰਘ ਝੋਟਾ ਤੱਕ, ਸਰਕਾਰ ਨੂੰ ਇਨ੍ਹਾਂ ਮਾਮਲਿਆਂ ਵਿੱਚ ਉੱਠੇ ਸਵਾਲਾਂ ਦਾ ਸਪੱਸ਼ਟ ਜਵਾਬ ਦੇਣਾ ਚਾਹੀਦਾ ਹੈ। ਗੁਲਜ਼ਾਰ ਸਿੰਘ ਦੇ ਮਾਮਲੇ ਵਿੱਚ ਜਾਂਚ ਕਿੱਥੇ ਤੱਕ ਪਹੁੰਚੀ? ਮੋਹਨਜੀਤ ਸਿੰਘ ਵੱਲੋਂ ਲਾਏ ਗਏ ਕਥਿਤ ਪੁਲਿਸ ਤਸ਼ੱਦਦ ਦੇ ਦੋਸ਼ਾਂ 'ਤੇ ਕੀ ਕਾਰਵਾਈ ਹੋਈ? ਅਤੇ ਹੁਣ ਪਰਮਿੰਦਰ ਸਿੰਘ ਝੋਟਾ ਦੇ ਕਤਲ ਦੇ ਮਾਮਲੇ ਵਿੱਚ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਨਿਆਂ ਦਿਵਾਉਣ ਲਈ ਸਰਕਾਰ ਕੀ ਕਦਮ ਚੁੱਕ ਰਹੀ ਹੈ? ਪਰ ਜਿਸ ਤਰ੍ਹਾਂ ਮਾਨ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਦੀ ਸਰਪ੍ਰਸਤੀ ਵਿੱਚ ਪੰਜਾਬ ਦੇ ਨਸ਼ੇ ਦੇ ਸੌਦਾਗਰ ਆਪਣੀਆਂ ਜੜ੍ਹਾਂ ਜਮਾ ਚੁੱਕੇ ਹਨ। ਉਸ ਤੋਂ ਛੁਟਕਾਰਾ ਦਿਵਾਉਣਾ ਹੁਣ ਮਾਨ ਸਰਕਾਰ ਦੇ ਵੱਸ ਦੀ ਗੱਲ ਨਹੀਂ ਰਹੀ ਹੈ। ਨਿਪੁੰਨ ਸ਼ਰਮਾ ਨੇ ਕਿਹਾ ਕਿ ਪੰਜਾਬ ਦੀ ਨੌਜਵਾਨ ਪੀੜ੍ਹੀ ਨਸ਼ੇ ਦੀ ਗੰਭੀਰ ਸਮੱਸਿਆ ਨਾਲ ਜੂਝ ਰਹੀ ਹੈ। ਅਜਿਹੇ ਸਮੇਂ ਵਿੱਚ ਸਰਕਾਰ ਦੀ ਜ਼ਿੰਮੇਵਾਰੀ ਸਿਰਫ਼ ਨਾਅਰੇ ਲਗਾਉਣ ਅਤੇ ਮੁਹਿੰਮਾਂ ਚਲਾਉਣ ਤੱਕ ਸੀਮਤ ਨਹੀਂ ਹੋ ਸਕਦੀ। ਨਸ਼ੇ ਦੇ ਗੈਰ-ਕਾਨੂੰਨੀ ਕਾਰੋਬਾਰ 'ਤੇ ਪ੍ਰਭਾਵੀ ਕਾਰਵਾਈ,



ਉਸ ਦੇ ਪਿੱਛੇ ਸਰਗਰਮ ਨੈੱਟਵਰਕ ਦੀ ਜਾਂਚ ਅਤੇ ਦੋਸ਼ੀਆਂ ਨੂੰ ਕਾਨੂੰਨ ਅਨੁਸਾਰ ਸਜ਼ਾ ਦਿਵਾਉਣਾ ਸਰਕਾਰ ਦੀ ਤਰਜੀਹ ਹੋਣੀ ਚਾਹੀਦੀ ਹੈ। ਉਨ੍ਹਾਂ ਨੇ ਮੰਗ ਕੀਤੀ ਕਿ ਪਰਮਿੰਦਰ ਸਿੰਘ ਝੋਟਾ ਕਤਲ ਕਾਂਡ ਦੀ ਨਿਰਪੱਖ ਅਤੇ ਸਮਾਂਬੱਧ ਜਾਂਚ ਕਰ ਸਾਰੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਜਾਵੇ। ਨਾਲ ਹੀ, ਗੁਲਜ਼ਾਰ ਸਿੰਘ ਅਤੇ ਮੋਹਨਜੀਤ ਸਿੰਘ ਨਾਲ ਜੁੜੇ ਮਾਮਲਿਆਂ ਵਿੱਚ ਹੋਈ ਕਾਰਵਾਈ ਦੀ ਸਥਿਤੀ ਸਪੱਸ਼ਟ ਕੀਤੀ ਜਾਵੇ, ਤਾਂ ਜੋ ਪੀੜਤਾਂ ਨੂੰ ਨਿਆਂ ਮਿਲ ਸਕੇ ਅਤੇ ਜਨਤਾ ਦਾ ਕਾਨੂੰਨ-ਵਿਵਸਥਾ 'ਤੇ ਭਰੋਸਾ ਬਣਿਆ ਰਹੇ। ਨਿਪੁੰਨ ਸ਼ਰਮਾ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਦੱਸਣਾ ਹੋਵੇਗਾ ਕਿ ਨਸ਼ੇ ਵਿਰੁੱਧ ਆਵਾਜ਼ ਉਠਾਉਣ ਵਾਲਿਆਂ ਦੀ ਸੁਰੱਖਿਆ ਕੌਣ ਕਰੇਗਾ ਅਤੇ ਸੂਬੇ ਤੋਂ ਨਸ਼ੇ ਦੇ ਖਾਤਮੇ ਦੇ ਉਸ ਦੇ ਦਾਅਵਿਆਂ ਦਾ ਜ਼ਮੀਨ 'ਤੇ ਕੀ ਨਤੀਜਾ ਨਿਕਲਿਆ ਹੈ। ਪੰਜਾਬ ਦੇ ਨੌਜਵਾਨਾਂ ਦਾ ਭਵਿੱਖ ਅਤੇ ਸੂਬੇ ਦੀ ਜਨਤਾ ਦੀ ਸੁਰੱਖਿਆ ਕਿਸੇ ਵੀ ਸਰਕਾਰ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ। ਜਨਤਾ ਨੂੰ ਹੁਣ ਸਿਰਫ਼ ਭਰੋਸਾ ਨਹੀਂ, ਸਗੋਂ ਠੋਸ ਕਾਰਵਾਈ ਅਤੇ ਜਵਾਬਦੇਹੀ ਚਾਹੀਦੀ ਹੈ।

# ਕੇਂਦਰੀ ਪੰਜਾਬੀ ਲੇਖਕ ਸਭਾ ਦੀਆਂ ਚੋਣਾਂ ਲਈ ਵੱਡੀ ਗਿਣਤੀ ਵਿੱਚ ਨਾਮਜ਼ਦਗੀਆਂ ਦਾਖ਼ਲ

**ਜਲੰਧਰ, 14 ਅਕਤੂਬਰ (ਪੈ.ਗਾਮ-ਏ-ਜਗਤ)**

ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੀਆਂ 25 ਅਕਤੂਬਰ 2026 ਨੂੰ ਹੋਣ ਵਾਲੀਆਂ ਚੋਣਾਂ ਲਈ ਵੱਡੀ ਗਿਣਤੀ ਵਿੱਚ ਨਾਮਜ਼ਦਗੀ ਪੱਤਰ ਦਾਖ਼ਲ ਕੀਤੇ ਗਏ ਹਨ। ਨਾਮਜ਼ਦਗੀਆਂ ਜਮ੍ਹਾਂ ਕਰਵਾਉਣ ਦੀ ਆਖ਼ਰੀ ਮਿਆਦ 14 ਅਕਤੂਬਰ ਸ਼ਾਮ 4 ਵਜੇ ਤੱਕ ਸੀ। ਨਾਮਜ਼ਦਗੀ ਪੱਤਰਾਂ ਦੀ ਪੜਤਾਲ 15 ਅਕਤੂਬਰ ਨੂੰ ਕੀਤੀ ਜਾਵੇਗੀ। ਤਿੰਨ ਚੋਣ ਅਧਿਕਾਰੀਆਂ ਡਾ. ਲਖਵਿੰਦਰ ਜੌਹਲ, ਸਤਨਾਮ ਸਿੰਘ ਮਾਣਕ ਅਤੇ ਤੇਜਿੰਦਰ ਵਿਰਲੀ ਨੇ ਦੱਸਿਆ ਕਿ ਪ੍ਰਧਾਨ ਦੇ ਅਹੁਦੇ ਲਈ 4, ਸੀਨੀਅਰ ਮੀਤ ਪ੍ਰਧਾਨ ਲਈ 8, ਮੀਤ ਪ੍ਰਧਾਨ ਲਈ 18, ਜਨਰਲ ਸਕੱਤਰ ਲਈ 6 ਅਤੇ ਸਕੱਤਰ ਲਈ 15 ਉਮੀਦਵਾਰਾਂ ਨੇ ਨਾਮਜ਼ਦਗੀਆਂ ਦਾਖ਼ਲ ਕਰਵਾਈਆਂ ਹਨ।

ਮੁੱਖ ਚੋਣ ਅਧਿਕਾਰੀ ਡਾ. ਲਖਵਿੰਦਰ ਜੌਹਲ ਨੇ ਕਿਹਾ ਕਿ ਪੰਜਾਬੀ ਲੇਖਕ ਜਮਹੂਰੀ ਢੰਗ ਨਾਲ ਆਪਣੀ ਸਭਾ ਦੇ ਅਹੁਦੇਦਾਰਾਂ ਦੀ ਚੋਣ ਕਰਦੇ ਹਨ। ਇਸ ਸਾਲ ਚੋਣਾਂ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਵਿਖੇ ਹੋਣਗੀਆਂ, ਜੋ ਗ਼ਦਰੀ ਦੇਸ਼ ਭਗਤਾਂ ਦੀ ਇਤਿਹਾਸਕ ਯਾਦਗਾਰ ਹੈ।

ਪ੍ਰਧਾਨ ਦੇ ਅਹੁਦੇ ਲਈ ਸੁਸ਼ੀਲ ਦੋਸਾਂਝ, ਸੁਰਜੀਤ ਜੱਜ, ਮੱਖਣ ਕੋਹਾੜ ਅਤੇ ਜਸਪਾਲ ਮਾਨਖੇੜਾ ਨੇ ਨਾਮਜ਼ਦਗੀਆਂ ਭਰੀਆਂ ਹਨ। ਸੀਨੀਅਰ ਮੀਤ ਪ੍ਰਧਾਨ ਲਈ 8 ਅਤੇ ਮੀਤ ਪ੍ਰਧਾਨ ਲਈ 18 ਉਮੀਦਵਾਰ ਮੈਦਾਨ ਵਿੱਚ ਹਨ। ਜਨਰਲ ਸਕੱਤਰ ਲਈ ਸੁਸ਼ੀਲ ਦੋਸਾਂਝ, ਹਰਮੀਤ ਵਿਦਿਆਰਥੀ, ਡਾ. ਹਰਵਿੰਦਰ ਸਿੰਘ, ਦੀਪ ਦਵਿੰਦਰ, ਦਰਸ਼ਨ ਬੁੱਟਰ ਅਤੇ ਮੱਖਣ ਕੋਹਾੜ ਨੇ ਨਾਮਜ਼ਦਗੀ ਪੱਤਰ ਦਾਖ਼ਲ ਕਰਵਾਏ ਹਨ। ਸਕੱਤਰ ਦੇ ਅਹੁਦੇ ਲਈ 15 ਉਮੀਦਵਾਰਾਂ ਨੇ ਨਾਮਜ਼ਦਗੀਆਂ ਭਰੀਆਂ ਹਨ।

# ਪੈਟਰੋਲ ਡੀਲਰਾਂ ਨੇ ਆਇਲ ਮਾਰਕੀਟਿੰਗ ਕੰਪਨੀਆਂ ਦੀ ਐਥਿਕਸ ਕਮੇਟੀ ਨਾਲ ਮੁਲਾਕਾਤ ਦੀ ਮੰਗ ਕੀਤੀ

**ਚੰਡੀਗੜ੍ਹ, 14 ਅਕਤੂਬਰ (ਪੈ.ਗਾਮ-ਏ-ਜਗਤ)**

• ਯੂ.ਪੀ.ਆਈ. ਭੁਗਤਾਨਾਂ 'ਤੇ 100% ਐੱਮ.ਡੀ.ਆਰ. ਦੀ ਛੋਟ, ਡੀਲਰ ਮਾਰਜਨ ਨੂੰ ਵਧਾ ਕੇ 7% ਕਰਨ ਅਤੇ ਵੈਟ ਦਰਾਂ ਨੂੰ ਇੱਕਸਮਾਨ ਕਰਨ ਦੀ ਵੀ ਮੰਗ ਕੀਤੀ



ਬੁੱਧਵਾਰ ਨੂੰ ਚੰਡੀਗੜ੍ਹ ਪ੍ਰੈੱਸ ਕਲੱਬ ਵਿਖੇ ਆਯੋਜਿਤ ਇੱਕ ਸਾਂਝੀ ਪ੍ਰੈੱਸ ਕਾਨਫਰੰਸ ਵਿੱਚ, ਰਾਸ਼ਟਰੀ ਜਨ ਉਦਯੋਗ ਵਪਾਰ ਸੰਗਠਨ, ਫੈਡਰੇਸ਼ਨ ਆਫ਼ ਆਲ ਇੰਡੀਆ ਪੈਟਰੋਲੀਅਮ ਟਰੇਡਰਜ਼, ਪੈਟਰੋਲੀਅਮ ਪੰਪ ਡੀਲਰਜ਼ ਐਸੋਸੀਏਸ਼ਨ ਪੰਜਾਬ ਅਤੇ ਪੈਟਰੋਲੀਅਮ ਡੀਲਰਜ਼ ਵੈਲਫੇਅਰ ਐਸੋਸੀਏਸ਼ਨ ਹਰਿਆਣਾ ਨੇ ਸਰਕਾਰੀ ਡਿਜੀਟਲ ਲੈਣ-ਦੇਣ ਲੇਵੀ, ਬੇਹੱਦ ਨਾਕਾਫ਼ੀ ਡੀਲਰ ਮਾਰਜਨ, ਵੱਡੇ ਪੱਧਰ 'ਤੇ ਅੰਤਰ-ਰਾਜੀ ਬਾਲਣ ਦੀ ਤਸਕਰੀ ਅਤੇ ਉੱਤਰ ਭਾਰਤ ਵਿੱਚ ਪ੍ਰਚੂਨ ਬਾਲਣ ਆਊਟਲੈਟਾਂ ਦੇ ਸਾਹਮਣੇ ਆ ਰਹੇ ਗੰਭੀਰ ਸੰਕਟ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ।

ਫੈਡਰੇਸ਼ਨ ਆਫ਼ ਆਲ ਇੰਡੀਆ ਪੈਟਰੋਲੀਅਮ ਟਰੇਡਰਜ਼ ਦੇ ਰਾਸ਼ਟਰੀ ਬੁਲਾਰੇ ਮੌਂਟੀ ਸਹਿਗਲ ਨੇ ਯੂ.ਪੀ.ਆਈ. ਭੁਗਤਾਨਾਂ 'ਤੇ ਹਾਲ ਹੀ ਵਿੱਚ ਸ਼ੁਰੂ ਕੀਤੇ ਗਏ ਮਰਚੈਂਟ ਡਿਸਕਾਊਂਟ ਰੇਟ ਚਾਰਜਾਂ ਦੀ ਆਲੋਚਨਾ ਕਰਦਿਆਂ ਕਿਹਾ ਇਸਨੂੰ 'ਡਿਸਕਾਊਂਟ' (ਛੋਟ) ਕਹਿਣਾ ਬਿਲਕੁਲ ਗਲਤ ਹੈ। ਇਸ ਵਿੱਚ ਕੋਈ ਛੋਟ ਸ਼ਾਮਲ ਨਹੀਂ ਹੈ, ਸਗੋਂ ਇਹ ਸਰਕਾਰ ਦੁਆਰਾ ਲਗਾਇਆ ਗਿਆ ਇੱਕ ਡਿਜੀਟਲ ਰਿਕਵਰੀ ਟੈਕਸ ਹੈ। ਹਾਲਾਂਕਿ ਇਸ ਨੂੰ ਲਾਗੂ ਕਰਨ ਨੂੰ ਫਿਲਹਾਲ ਦੀਵਾਲੀ ਤੱਕ ਟਾਲ ਦਿੱਤਾ ਗਿਆ ਹੈ, ਪਰ ਇਰਾਦਾ ਇਸ ਨੂੰ ਲਾਗੂ ਕਰਨ ਦਾ ਹੀ ਹੈ।

ਪੈਟਰੋਲੀਅਮ ਪੰਪ ਡੀਲਰਜ਼ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਪਰਮਜੀਤ ਸਿੰਘ ਦੋਆਬਾ ਨੇ ਕਿਹਾ ਕਿਉਂਕਿ ਪੈਟਰੋਲੀਅਮ ਡੀਲਰ ਸਖ਼ਤ ਨਿਯਮਾਂ ਦੇ ਤਹਿਤ ਨਿਸ਼ਚਿਤ ਮਾਰਜਨ 'ਤੇ ਕੰਮ ਕਰਦੇ ਹਨ, ਇਸ ਲਈ ਇਨ੍ਹਾਂ ਲੈਣ-ਦੇਣ ਦੀਆਂ ਲਾਗਤਾਂ ਨੂੰ ਚੁੱਕਣਾ ਅਸੰਭਵ ਹੈ ਅਤੇ ਅਸੀਂ ਸਾਰੇ ਐੱਮ.ਡੀ.ਆਰ. ਚਾਰਜਾਂ ਤੋਂ ਪੂਰੀ ਤਰ੍ਹਾਂ ਸੌ ਫ਼ੀਸਦੀ ਛੋਟ ਦੀ ਮੰਗ ਕਰਦੇ ਹਾਂ।

ਪੈਟਰੋਲੀਅਮ ਡੀਲਰਜ਼ ਵੈਲਫੇਅਰ ਐਸੋਸੀਏਸ਼ਨ ਹਰਿਆਣਾ ਦੇ ਪ੍ਰਧਾਨ ਸੰਜੀਵ ਚੌਧਰੀ ਨੇ ਕਿਹਾ ਕਿ ਦੇਸ਼ ਭਰ ਦੇ ਪ੍ਰਚੂਨ ਬਾਲਣ ਸੰਚਾਲਕ ਅਭੂਤਪੂਰਵ ਵਿੱਤੀ ਸੰਕਟ ਅਤੇ ਭਾਰੀ ਕਰਜ਼ੇ ਦੇ ਬੋਝ ਦਾ ਸਾਹਮਣਾ ਕਰ ਰਹੇ ਹਨ ਅਤੇ ਅਸੀਂ ਡਿਜੀਟਲ ਭੁਗਤਾਨਾਂ 'ਤੇ ਪ੍ਰਸਤਾਵਿਤ ਐੱਮ.ਡੀ.ਆਰ. ਚਾਰਜਾਂ ਨੂੰ ਸਹਿਣ ਨਹੀਂ ਕਰ ਸਕਦੇ।

ਪਰਮਜੀਤ ਸਿੰਘ ਦੋਆਬਾ ਨੇ ਜਾਣਕਾਰੀ ਦਿੱਤੀ ਕਿ 2018 ਅਤੇ 2023 ਵਿੱਚ ਇਸ਼ਤਿਹਾਰਾਂ ਰਾਹੀਂ ਕੀਤੇ ਗਏ ਹਮਲਾਵਰ ਆਊਟਲੈਟ ਵਿਸਥਾਰ ਤੋਂ ਬਾਅਦ, ਦੇਸ਼ ਭਰ ਵਿੱਚ ਪੈਟਰੋਲ ਪੰਪਾਂ ਦੀ ਕੁੱਲ ਗਿਣਤੀ ਇੱਕ ਲੱਖ ਨੂੰ ਪਾਰ ਕਰ ਗਈ ਹੈ, ਜਿਸ ਨਾਲ ਪ੍ਰਤੀ ਪੰਪ ਔਸਤ ਮਾਸਿਕ ਵਿਕਰੀ 170 ਕਿਲੋਲੀਟਰ ਤੋਂ ਘੱਟ ਕੇ 130 ਤੋਂ 140 ਕਿਲੋਲੀਟਰ ਰਹਿ ਗਈ ਹੈ। ਪੰਜਾਬ ਅਤੇ ਹਰਿਆਣਾ ਵਿੱਚ ਸਥਿਤੀ ਹੋਰ ਵੀ ਗੰਭੀਰ ਹੈ ਜਿੱਥੇ ਔਸਤ ਵਿਕਰੀ ਘੱਟ ਕੇ ਪ੍ਰਤੀ ਮਹੀਨਾ 100 ਕਿਲੋਲੀਟਰ ਤੋਂ ਹੇਠਾਂ ਚਲੀ ਗਈ ਹੈ, ਜਿਸ ਨਾਲ ਕਈ ਆਊਟਲੈਟ ਵਿੱਤੀ ਪਤਨ ਦੇ ਕੀਮਤ 'ਤੇ ਪਹੁੰਚ ਗਏ ਹਨ।

ਪ੍ਰਚੂਨ ਆਊਟਲੈਟਾਂ ਦੀ ਹੋਂਦ ਨੂੰ ਬਚਾਉਣ ਅਤੇ ਸੇਵਾ ਦੀ ਗੁਣਵੱਤਾ ਨੂੰ ਬਣਾਈ ਰੱਖਣ ਲਈ, ਐਸੋਸੀਏਸ਼ਨ ਨੇ ਕੇਂਦਰ ਸਰਕਾਰ ਅਤੇ ਆਇਲ ਮਾਰਕੀਟਿੰਗ ਕੰਪਨੀਆਂ ਨੂੰ ਅਪੀਲ ਕੀਤੀ ਕਿ ਉਹ ਡੀਲਰ ਮਾਰਜਨ ਨੂੰ ਬਿਲ ਕੀਤੀ ਗਈ ਕੀਮਤ ਦੇ ਸੱਤ ਪ੍ਰਤੀਸ਼ਤ ਤੱਕ ਤੁਰੰਤ ਸੋਧਣ, ਜਿਸ ਵਿੱਚ ਪ੍ਰਤੀ ਮਹੀਨਾ 100 ਕਿਲੋਲੀਟਰ ਵਾਲੀਅਮ ਵੇਚਣ ਵਾਲੇ ਛੋਟੇ ਡੀਲਰਾਂ ਨੂੰ ਵਿਸ਼ੇਸ਼ ਤਰਜੀਹ ਦਿੱਤੀ ਜਾਵੇ। ਇਸ ਤੋਂ ਇਲਾਵਾ, ਪੈਟਰੋਲੀਅਮ ਪੰਪ ਡੀਲਰਜ਼ ਐਸੋਸੀਏਸ਼ਨ , ਪੰਜਾਬ ਅਤੇ ਪੈਟਰੋਲੀਅਮ ਡੀਲਰਜ਼ ਵੈਲਫੇਅਰ ਐਸੋਸੀਏਸ਼ਨ, ਹਰਿਆਣਾ ਨੇ ਪੰਜਾਬ ਅਤੇ ਹਰਿਆਣਾ ਦੀਆਂ ਰਾਜ ਸਰਕਾਰਾਂ ਨੂੰ ਅਪੀਲ ਕੀਤੀ ਕਿ ਉਹ ਰਾਜਧਾਨੀ ਵਿੱਚ ਘੱਟ ਵੈਟ ਦਰਾਂ ਕਾਰਨ ਚੰਡੀਗੜ੍ਹ ਤੋਂ ਸਰਹੱਦੀ ਜ਼ਿਲ੍ਹਿਆਂ ਵਿੱਚ ਹੋ ਰਹੀ ਵੱਡੇ ਪੱਧਰ 'ਤੇ ਬਾਲਣ ਦੀ ਤਸਕਰੀ ਵਿਰੁੱਧ ਤੁਰੰਤ ਕਾਰਵਾਈ ਕਰਨ ਤਾਂ ਜੋ ਗੈਰ-ਕਾਨੂੰਨੀ ਬਾਲਣ ਵਪਾਰ ਨੂੰ ਖਤਮ ਕੀਤਾ ਜਾ ਸਕੇ, ਡੀਲਰਾਂ ਦੀ ਰੋਜ਼ੀ-ਰੋਟੀ ਦੀ ਰੱਖਿਆ ਕੀਤੀ ਜਾ ਸਕੇ ਅਤੇ ਰਾਜ ਦੇ ਮਾਲੀਏ ਨੂੰ ਸੁਰੱਖਿਅਤ ਕੀਤਾ ਜਾ ਸਕੇ।

# ਸਰਕਾਰੀ ਕਾਲਜਾਂ ਵਿਚਲੇ ਚੌਥਾ ਦਰਜਾ ਮੁਲਾਜ਼ਮਾਂ ਵੱਲੋਂ ਰੋਸ ਰੈਲੀ ਕੀਤੀ

**ਪਟਿਆਲਾ 14 ਅਕਤੂਬਰ (ਪੈ.ਗਾਮ-ਏ-ਜਗਤ)**




ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ (1680) ਦੇ ਬੈਨਰ ਹੇਠ, ਸਰਕਾਰੀ ਕਾਲਜਾਂ ਵਿਚਲੇ ਚੌਥਾ ਦਰਜਾ ਮੁਲਾਜਮਾਂ/ਕੱਚਿਆਂ ਅਤੇ ਪੱਕਿਆ ਵੱਲੋਂ ਸਰਕਾਰੀ ਫਿਜੀਕਲ ਕਾਲਜ ਅੱਗੇ ਗੇਟ ਰੈਲੀ ਕਰਕੇ ਪ੍ਰਿੰਸੀਪਲ ਖਿਲਾਫ ਰੋਸ ਪ੍ਰਗਟ ਕੀਤਾ ਕਿ ਪ੍ਰਿੰਸੀਪਲ ਵਲੋਂ ਲੰਮੀ ਸੇਵਾ ਕਰਦੇ ਚੌਥਾ ਦਰਜਾ ਮੁਲਾਜਮ ਸਲਿੰਦਰ ਨੂੰ ਬਗੈਰ ਕੋਈ ਨੋਟਿਸ ਦਿੱਤੇ ਤੇ ਕੋਈ ਸੁਣਵਾਈ ਕੀਤੀਆਂ ਨੌਕਰੀਆਂ ਤੋਂ ਫਾਰਗ ਕਰ ਦਿੱਤਾ, ਯੂਨੀਅਨ ਵਲੋਂ ਵਾਰ—ਵਾਰ ਬੇਨਤੀਆਂ ਕਰਨ ਤੇ ਲਿਖਾਪੜੀ ਕਰਨ ਦਾ ਵੀ ਕੋਈ ਨੋਟਿਸ ਨਹੀਂ ਲਿਆ, ਇੱਥੇ ਇਹ ਜਿਕਰ ਕੀਤਾ ਜਾਂਦਾ ਹੈ ਕਿ ਇਹ ਕਾਲਜ ਮਹਾਰਾਜਾ ਭੁਪਿੰਦਰ ਸਿੰਘ ਸਪੋਰਟਸ ਯੂਨੀਵਰਸਿਟੀ ਅਧੀਨ ਆਉਂਦਾ ਹੈ।

ਯੂਨੀਅਨ ਦੇ ਆਗੂਆਂ ਦਰਸ਼ਨ ਸਿੰਘ ਲੁਬਾਣਾ, ਰਾਮ ਲਾਲ ਰਾਮਾ, ਰਾਮ ਜੋਧਾ, ਬੁੱਧ ਰਾਮ, ਪ੍ਰਕਾਸ਼ ਸਿੰਘ ਲੁਬਾਣਾ, ਇੰਦਰਪਾਲ ਵਾਲਿਆ, ਲਖਵੀਰ ਸਿੰਘ, ਸਤਨਾਮ ਸਿੰਘ ਬਾਗਬਾਨੀ, ਨੇ ਗੇਟ ਰੈਲੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਪ੍ਰਿੰਸੀਪਲ ਦਾ ਇਹ ਨਾਦਰਸ਼ਾਹੀ ਫੈਸਲਾ ਹੈ। ਇਨ੍ਹਾਂ ਆਗੂਆਂ ਨੇ ਕਿਹਾ ਕਿ ਪੰਜਾਬ ਵਿਚਲੇ 64 ਸਰਕਾਰੀ ਕਾਲਜਾਂ ਵਿੱਚ ਲੰਮੇ ਸਮੇਂ ਤੋਂ ਕੰਮ ਕਰਦੇ ਚੌਥਾ ਦਰਜਾ ਕਰਮਚਾਰੀਆਂ ਕੱਚਿਆਂ ਅਤੇ ਪੱਕਾ ਕਰਨ ਲਈ ਉੱਚ ਸਿੱਖਿਆ ਅਧਿਕਾਰੀਆਂ ਵਲੋਂ ਕੁੱਝ ਵੀ ਨਹੀਂ ਕੀਤਾ ਜਾ ਰਿਹਾ, ਇਸ ਤਰ੍ਹਾਂ ਮਿਤੀ 07 ਜੁਲਾਈ 2026 ਨੂੰ ਡਾਇਰੈਕਟਰ ਸਿੱਖਿਆ ਵਿਭਾਗ ਕਾਲਜ ਪੰਜਾਬ ਨਾਲ ਹੋਈਆਂ ਮੀਟਿੰਗਾਂ ਵਿੱਚ ਮੰਗਾਂ ਦੇ ਫੈਸਲਿਆਂ, ਘੱਟੋ—ਘੱਟ ਉਜਰਤਾਂ ਲਾਗੂ ਕਰਨ ਤੇ ਇਨ੍ਹਾਂ ਉਜਰਤਾਂ ਦੇ ਬਣਦੇ ਬਕਾਏ ਕਾਲਜ ਪ੍ਰਿੰਸੀਪਲ ਵਲੋਂ ਜਾਣਬੁੱਝ ਕੇ ਅਦਾਇਗੀ ਨਾ ਕਰਨ ਵਰਗੀਆਂ ਮੰਗਾਂ ਨੂੰ ਲਾਗੂ ਨਹੀਂ ਕੀਤਾ ਗਿਆ ਤੇ ਅਗਲਾ ਸੰਘਰਸ਼ ਉਲੀਕਿਆ ਜਾਵੇਗਾ। ਗੇਟ ਰੈਲੀ ਵਿੱਚ ਹੋਰ ਜ਼ੋ ਆਗੂ ਸ਼ਾਮਲ ਸਨ ਉਨ੍ਹਾਂ ਵਿੱਚ ਸਰਵ ਸ੍ਰੀ ਤਰਲੋਚਨ ਮਾਡੂ, ਸੁਨਿਲ ਦੱਤ, ਰਾਮ ਨਰੇਸ਼, ਬੀਧੀ ਚੰਦ ਨਾਭਾ, ਆਦਿ ਹਾਜਰ ਸਨ। ਗੇਟ ਰੈਲੀ ਵਿੱਚ ਡੀ.ਐਸ.ਪੀ. ਸ਼ਹਿਰੀ ਸ੍ਰੀ ਸੰਜੀਵ ਸਿੰਘ ਨੇ ਗੱਲਬਾਤ ਕਰਕੇ ਵੀ.ਸੀ. ਨਾਲ ਮੀਟਿੰਗ ਦਾ ਸਮਾਂ ਨਿਸ਼ਚਿਤ ਕਰਵਾਇਆ।

# ਲਿਵਾਸਾ ਹਸਪਤਾਲ ਖੰਨਾ ਨੇ ਹੱਡੀਆਂ ਦੀਆਂ ਸਮੱਸਿਆਵਾਂ ਲਈ ਸੀਰਮ ਗ੍ਰੋਥ ਫੈਕਟਰ ਥੈਰੇਪੀ ਦੀ ਕੀਤੀ ਸ਼ੁਰੂਆਤ

**ਖੰਨਾ, (ਪੈ.ਗਾਮ-ਏ-ਜਗਤ)**

ਹੱਡੀਆਂ ਦੀ ਦੇਖਭਾਲ ਦੇ ਖੇਤਰ ਵਿੱਚ ਆਧੁਨਿਕ ਇਲਾਜ ਸੁਵਿਧਾਵਾਂ ਦਾ ਵਿਸਥਾਰ ਕਰਦਿਆਂ, ਲਿਵਾਸਾ ਹਸਪਤਾਲ ਖੰਨਾ ਨੇ ਮੰਗਲਵਾਰ ਨੂੰ ਸੀਰਮ ਗ੍ਰੋਥ ਫੈਕਟਰ ਥੈਰੇਪੀ ਦੀ ਸ਼ੁਰੂਆਤ ਕੀਤੀ।



ਹਸਪਤਾਲ ਦੇ ਆਰਥੋਪੈਡਿਕਸ ਅਤੇ ਜੁਆਇੰਟ ਰਿਪਲੇਸਮੈਂਟ ਕੰਸਲਟੈਂਟ ਡਾ. ਸੰਦੀਪ ਸਿੰਘ ਨੇ ਦੱਸਿਆ ਕਿ ਇਹ ਥੈਰੇਪੀ ਮਰੀਜ਼ ਦੇ ਆਪਣੇ ਹੀ ਖੂਨ ਤੋਂ ਤਿਆਰ ਕੀਤੇ ਗਏ ਗ੍ਰੋਥ ਫੈਕਟਰਾਂ ਦੀ ਵਰਤੋਂ ਕਰਦੀ ਹੈ, ਜੋ ਸੋਜਸ਼ ਨੂੰ ਨਿਯੰਤਰਿਤ ਕਰਨ ਅਤੇ ਸਰੀਰ ਦੀ ਕੁਦਰਤੀ ਠੀਕ ਹੋਣ ਦੀ ਸਮਰੱਥਾ ਨੂੰ ਵਧਾਉਣ ਵਿੱਚ ਮਦਦ ਕਰਦੀ ਹੈ। ਡਾ. ਸਿੰਘ ਨੇ ਕਿਹਾ, ਖਾਸ ਤੌਰ 'ਤੇ ਗੋਡੇ ਦੇ ਹਲਕੇ ਤੋਂ ਮੱਧਮ ਆਸਟੀਓਆਰਥਰਾਈਟਿਸ ਤੋਂ ਪੀੜਤ ਮਰੀਜ਼ਾਂ ਲਈ ਪਲੇਟਲੇਟ-ਰਿਚ ਪਲਾਜ਼ਮਾ ਥੈਰੇਪੀ ਦਰਦ ਨੂੰ ਘਟਾਉਣ ਅਤੇ ਜੋੜਾਂ ਦੀ ਚਾਲ-ਢਾਲ ਵਿੱਚ ਸੁਧਾਰ ਕਰਨ ਵਿੱਚ ਕਾਫੀ ਮਦਦਗਾਰ ਸਾਬਤ ਹੋ ਸਕਦੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਹਸਪਤਾਲ ਦਾ ਮੁੱਖ ਮਨੋਰਥ ਢੁਕਵੇਂ ਮਰੀਜ਼ਾਂ ਦੀ ਚੋਣ ਕਰਕੇ ਉਨ੍ਹਾਂ ਨੂੰ ਬਿਨਾਂ ਸਰਜਰੀ ਤੋਂ ਇਲਾਜ ਅਤੇ ਵਿਅਕਤੀਗਤ ਰੀਹੈਬਲੀਟੇਸ਼ਨ ਯੋਜਨਾ ਪ੍ਰਦਾਨ ਕਰਨਾ ਹੈ।

# ਐਚਆਰਪੀ ਫਸਟ ਬਟਾਲੀਅਨ ਵੱਲੋਂ ਖ਼ੂਨਦਾਨ ਕੈਂਪ 16 ਅਕਤੂਬਰ ਨੂੰ

**ਪੈ.ਗਾਮ-ਏ-ਜਗਤ/ ਅੰਬਾਲਾ, 14 ਅਕਤੂਬਰ (ਆਰ.ਸਿੰਘ)**

ਹਰਿਆਣਾ ਆਰਮਡ ਪੁਲੀਸ ਫਸਟ ਬਟਾਲੀਅਨ ਵੱਲੋਂ ਕਮਾਡੈਂਟ ਆਈਪੀਐਸ ਤਾਨਿਆ ਸਿੰਘ ਦੀ ਅਗਵਾਈ ਹੇਠ ਸੇਵਾ ਸੰਕਲਪ ਮੁਹਿੰਮ ਦੇ ਹਿੱਸੇ ਵਜੋਂ ਸਮਾਜਿਕ ਸੰਗਠਨਾਂ ਦੇ ਸਹਿਯੋਗ ਨਾਲ 16 ਅਕਤੂਬਰ, ਸ਼ੁੱਕਰਵਾਰ ਨੂੰ ਅੰਬਾਲਾ ਪੁਲੀਸ ਲਾਈਨਜ਼ ਸਥਿਤ ਬਟਾਲੀਅਨ ਦੇ ਕੈਂਪਸ ਵਿੱਚ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਖ਼ੂਨਦਾਨ ਕੈਂਪ ਡਾ. ਸੁਨੀਲ ਸਾਦਿਕ ਦੀ ਅਗਵਾਈ ਹੇਠ ਫਿਲਾਡੇਲਫੀਆ ਮਿਸ਼ਨ ਹਸਪਤਾਲ ਦੀ ਇੱਕ ਟੀਮ ਦੁਆਰਾ ਚਲਾਇਆ ਜਾਵੇਗਾ।

ਕਮਾਡੈਂਟ ਤਾਨਿਆ ਸਿੰਘ ਨੇ ਖ਼ੂਨਦਾਨ ਬਾਰੇ ਬੋਲਦਿਆਂ ਕਿਹਾ ਕਿ ਖ਼ੂਨ ਦਾ ਕੋਈ ਬਦਲ ਨਹੀਂ ਹੈ ਅਤੇ ਇਸ ਨੂੰ ਸਿਰਫ਼ ਮਨੁੱਖੀ ਸਰੋਤਾਂ ਰਾਹੀਂ ਹੀ ਪੂਰਾ ਕੀਤਾ ਜਾ ਸਕਦਾ ਹੈ।

ਹਾਦਸਿਆਂ ਦੀ ਵਧਦੀ ਗਿਣਤੀ ਕਾਰਨ ਹਸਪਤਾਲਾਂ ਵਿੱਚ ਖ਼ੂਨ ਦੀ ਜ਼ਰੂਰਤ ਦਿਨੋ-ਦਿਨ ਵੱਧ ਰਹੀ ਹੈ ਜਿਸ ਕਾਰਨ ਸਿਹਤਮੰਦ ਵਿਅਕਤੀਆਂ ਦੁਆਰਾ ਨਿਯਮਤ ਖ਼ੂਨਦਾਨ ਦੀ ਜ਼ਰੂਰਤ ਹੈ। ਉਸ ਨੇ ਵਿਭਾਗ ਦੇ ਸਾਰੇ ਮੁਲਾਜ਼ਮਾਂ ਅਤੇ ਆਮ ਜਨਤਾ ਨੂੰ ਇਸ ਕੈਂਪ ਵਿੱਚ ਹਿੱਸਾ ਲੈਣ ਅਤੇ ਵੱਧ ਤੋਂ ਵੱਧ ਖ਼ੂਨਦਾਨ ਕਰਨ ਦੀ ਅਪੀਲ ਕੀਤੀ ਹੈ। ਬਟਾਲੀਅਨ ਦੇ ਰੀਡਰ ਵਿਕਰਾਂਤ ਨੇ ਦੱਸਿਆ ਕਿ ਸੇਵਾ ਟਰੱਸਟ ਯੂਕੇ, ਰੋਟਰੀ ਕਲੱਬ ਅੰਬਾਲਾ ਸਿਟੀ, ਵੀਟਾ ਮਿਲਕ ਪਲਾਂਟ, ਅਜੈ ਪਲਾਸਟਿਕ ਤੋਂ ਸਮਾਜ ਸੇਵਕ ਅਜੈ ਅਗਰਵਾਲ ਅਤੇ ਸਮਾਜ ਸੇਵਕ ਰਾਕੇਸ਼ ਮੱਕੜ ਇਸ ਕੈਂਪ ਵਿੱਚ ਹਿੱਸਾ ਲੈਣਗੇ।

# 10ਵੀਂ ਰਾਸ਼ਟਰੀ ਗਤਕਾ ਚੈਂਪੀਅਨਸ਼ਿਪ ਗੁਰੂ ਨਾਨਕ ਡਿਫੈਂਸ ਅਤੇ ਸਪੋਰਟਸ ਅਕੈਡਮੀ ਰਤੀਆ ਵਿੱਚ 15 ਤੋਂ 17 ਅਕਤੂਬਰ ਤੱਕ ਸ਼ੁਰੂ ਹੋਵੇਗੀ

**ਪੈਗਾਮ-ਏ-ਜਗਤ**
**ਰਤੀਆ, 14 ਅਕਤੂਬਰ**
**(ਐਡਵੋਕੇਟ ਗੁਰਪ੍ਰੀਤ ਸਿੰਘ ਮੰਡੇਰ)**

• 21 ਰਾਜਾਂ ਤੋਂ ਆਉਣਗੇ ਗਤਕਾ ਖਿਡਾਰੀ, ਰਤੀਆ ਸ਼ਹਿਰ ਵਿੱਚ ਖਿਡਾਰੀਆਂ ਦੇ ਰਾਤਰੀ ਠਹਿਰਾਅ ਲਈ 21 ਥਾਵਾਂ 'ਤੇ ਪ੍ਰਬੰਧ ਕੀਤੇ ਗਏ




ਗੁਰੂ ਨਾਨਕ ਡਿਫੈਂਸ ਅਤੇ ਸਪੋਰਟਸ ਅਕੈਡਮੀ, ਰਤੀਆ ਵਿੱਚ 15 ਤੋਂ 17 ਅਕਤੂਬਰ 2026 ਤੱਕ ਹੋਣ ਵਾਲੀ 10ਵੀਂ ਰਾਸ਼ਟਰੀ ਸਬ-ਜੂਨੀਅਰ ਅਤੇ ਜੂਨੀਅਰ ਗਤਕਾ ਚੈਂਪੀਅਨਸ਼ਿਪ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਗਤਕਾ ਫੈਡਰੇਸ਼ਨ ਆਫ ਇੰਡੀਆ ਦੇ ਸਹਿਯੋਗ ਨਾਲ ਗਤਕਾ ਐਸੋਸੀਏਸ਼ਨ ਆਫ ਹਰਿਆਣਾ ਵੱਲੋਂ ਆਯੋਜਿਤ ਇਸ ਰਾਸ਼ਟਰੀ ਮੁਕਾਬਲੇ ਵਿੱਚ ਦੇਸ਼ ਭਰ ਦੇ 21 ਰਾਜਾਂ ਤੋਂ ਗਤਕਾ ਖਿਡਾਰੀਆਂ ਦੇ ਆਉਣ ਦੀ ਉਮੀਦ ਹੈ। ਮੁਕਾਬਲੇ ਵਿੱਚ 1000 ਤੋਂ ਵੱਧ ਖਿਡਾਰੀ ਅਤੇ ਅਧਿਕਾਰੀ ਹਿੱਸਾ ਲੈਣਗੇ।

ਇਸ ਰਾਸ਼ਟਰੀ ਪੱਧਰ ਦੇ ਮੁਕਾਬਲੇ ਵਿੱਚ ਹਿੱਸਾ ਲੈਣ ਲਈ ਖਿਡਾਰੀਆਂ ਦਾ ਰਤੀਆ ਪਹੁੰਚਣਾ ਸ਼ੁਰੂ ਹੋ ਗਿਆ ਹੈ। ਵੱਖ-ਵੱਖ ਰਾਜਾਂ ਦੇ ਖਿਡਾਰੀ ਹਵਾਈ ਜਹਾਜ਼ਾਂ, ਰੇਲਗੱਡੀਆਂ ਅਤੇ ਬੱਸਾਂ ਰਾਹੀਂ ਰਤੀਆ ਪਹੁੰਚ ਰਹੇ ਹਨ। ਸਭ ਤੋਂ ਪਹਿਲਾਂ ਤੇਲੰਗਾਨਾ ਰਾਜ ਦੀ ਗਤਕਾ ਟੀਮ ਗੁਰੂ ਨਾਨਕ ਡਿਫੈਂਸ ਅਤੇ ਸਪੋਰਟਸ ਅਕੈਡਮੀ ਪਹੁੰਚੀ। ਇਸ ਤੋਂ ਇਲਾਵਾ ਕੇਰਲ, ਜੰਮੂ-ਕਸ਼ਮੀਰ, ਛੱਤੀਸਗੜ੍ਹ ਅਤੇ ਗੋਆ ਸਮੇਤ ਹੋਰ ਰਾਜਾਂ ਦੇ ਖਿਡਾਰੀਆਂ ਦਾ ਆਗਮਨ ਵੀ ਸ਼ੁਰੂ ਹੋ ਗਿਆ ਹੈ।

ਗਤਕਾ ਫੈਡਰੇਸ਼ਨ ਆਫ ਇੰਡੀਆ ਦੇ ਜਨਰਲ ਸਕੱਤਰ ਸਰਦਾਰ ਬਲਜਿੰਦਰ ਸਿੰਘ ਤੂਰ ਨੇ ਗੁਰੂ ਨਾਨਕ ਡਿਫੈਂਸ ਅਤੇ ਸਪੋਰਟਸ ਅਕੈਡਮੀ, ਰਤੀਆ ਪਹੁੰਚ ਕੇ ਰਾਸ਼ਟਰੀ ਚੈਂਪੀਅਨਸ਼ਿਪ ਦੀਆਂ ਤਿਆਰੀਆਂ ਦਾ ਨਿਰੀਖਣ ਕੀਤਾ। ਉਨ੍ਹਾਂ ਨੇ ਮੁਕਾਬਲਾ ਸਥਾਨ 'ਤੇ ਕੀਤੇ ਗਏ ਪ੍ਰਬੰਧਾਂ ਦਾ ਜਾਇਜ਼ਾ ਲਿਆ ਅਤੇ ਆਯੋਜਨ ਨਾਲ ਸਬੰਧਤ ਵਿਵਸਥਾਵਾਂ ਦੀ ਜਾਣਕਾਰੀ ਲਈ।

**21 ਥਾਵਾਂ 'ਤੇ ਖਿਡਾਰੀਆਂ ਦੇ ਠਹਿਰਨ ਦਾ ਪ੍ਰਬੰਧ**

ਦੇਸ਼ ਦੇ ਵੱਖ-ਵੱਖ ਰਾਜਾਂ ਤੋਂ ਆਉਣ ਵਾਲੇ ਖਿਡਾਰੀਆਂ ਅਤੇ ਅਧਿਕਾਰੀਆਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦਿਆਂ ਰਤੀਆ ਸ਼ਹਿਰ ਵਿੱਚ 21 ਵੱਖ-ਵੱਖ ਥਾਵਾਂ 'ਤੇ ਰਾਤਰੀ ਠਹਿਰਾਅ ਦਾ ਪ੍ਰਬੰਧ ਕੀਤਾ ਗਿਆ ਹੈ। ਆਯੋਜਨ ਕਮੇਟੀ ਵੱਲੋਂ ਖਿਡਾਰੀਆਂ ਦੇ ਸਵਾਗਤ, ਠਹਿਰਨ ਅਤੇ ਮੁਕਾਬਲੇ ਨਾਲ ਸਬੰਧਤ ਜ਼ਰੂਰੀ ਵਿਵਸਥਾਵਾਂ ਨੂੰ ਅੰਤਿਮ ਰੂਪ ਦਿੱਤਾ ਗਿਆ ਹੈ, ਤਾਂ ਜੋ ਬਾਹਰੋਂ ਆਉਣ ਵਾਲੇ ਖਿਡਾਰੀਆਂ ਅਤੇ ਅਧਿਕਾਰੀਆਂ ਨੂੰ ਕਿਸੇ ਕਿਸਮ ਦੀ ਪਰੇਸ਼ਾਨੀ ਨਾ ਹੋਵੇ।

ਗਤਕਾ ਐਸੋਸੀਏਸ਼ਨ ਆਫ ਹਰਿਆਣਾ ਵੱਲੋਂ ਦੂਜੇ ਰਾਜਾਂ ਤੋਂ ਆ ਰਹੇ ਖਿਡਾਰੀਆਂ ਅਤੇ ਅਧਿਕਾਰੀਆਂ ਦਾ ਜ਼ੋਰਦਾਰ ਸਵਾਗਤ ਕੀਤਾ ਜਾ ਰਿਹਾ ਹੈ। ਇਸ ਮੌਕੇ ਗੁਰੂ ਨਾਨਕ ਡਿਫੈਂਸ ਅਤੇ ਸਪੋਰਟਸ ਅਕੈਡਮੀ ਦੇ ਮੈਨੇਜਿੰਗ ਡਾਇਰੈਕਟਰ ਗੁਰਜੀਤ ਸਿੰਘ, ਹੈੱਡ ਕੋਚ ਸੁਮਿਤ ਕੁਮਾਰ, ਪ੍ਰਿੰਸੀਪਲ ਜਸਬੀਰ ਕੌਰ ਅਤੇ ਗਗਨਦੀਪ ਸਿੰਘ ਮੱਲੀ ਨੇ ਖਿਡਾਰੀਆਂ ਦਾ ਸਵਾਗਤ ਕੀਤਾ।

ਗਤਕਾ ਐਸੋਸੀਏਸ਼ਨ ਆਫ ਹਰਿਆਣਾ ਦੇ ਚੇਅਰਮੈਨ ਸਵਰਨ ਸਿੰਘ ਰਤੀਆ ਨੇ ਦੱਸਿਆ ਕਿ ਰਾਸ਼ਟਰੀ ਗਤਕਾ ਚੈਂਪੀਅਨਸ਼ਿਪ ਦਾ ਮੁੱਖ ਉਦੇਸ਼ ਭਾਰਤ ਦੀ ਪਰੰਪਰਾਗਤ ਮਾਰਸ਼ਲ ਆਰਟ ਗਤਕਾ ਨੂੰ ਉਤਸ਼ਾਹਿਤ ਕਰਨਾ, ਨੌਜਵਾਨ ਪ੍ਰਤਿਭਾਵਾਂ ਨੂੰ ਰਾਸ਼ਟਰੀ ਪੱਧਰ 'ਤੇ ਆਪਣੀ ਸਮਰੱਥਾ ਦਿਖਾਉਣ ਦਾ ਮੌਕਾ ਪ੍ਰਦਾਨ ਕਰਨਾ ਅਤੇ ਖਿਡਾਰੀਆਂ ਵਿੱਚ ਅਨੁਸ਼ਾਸਨ, ਆਤਮ-ਵਿਸ਼ਵਾਸ ਅਤੇ ਖੇਡ ਭਾਵਨਾ ਨੂੰ ਉਤਸ਼ਾਹਿਤ ਕਰਨਾ ਹੈ।

ਉਨ੍ਹਾਂ ਕਿਹਾ ਕਿ ਤਿੰਨ ਦਿਨਾਂ ਇਸ ਰਾਸ਼ਟਰੀ ਮੁਕਾਬਲੇ ਨਾਲ ਦੇਸ਼ ਦੇ ਵੱਖ-ਵੱਖ ਰਾਜਾਂ ਦੇ ਖਿਡਾਰੀਆਂ ਨੂੰ ਆਪਸ ਵਿੱਚ ਮਿਲਣ, ਆਪਣੇ ਹੁਨਰ ਦਾ ਪ੍ਰਦਰਸ਼ਨ ਕਰਨ ਅਤੇ ਇੱਕ-ਦੂਜੇ ਨਾਲ ਤਜ਼ਰਬਾ ਸਾਂਝਾ ਕਰਨ ਦਾ ਮੌਕਾ ਮਿਲੇਗਾ। ਇਹ ਆਯੋਜਨ ਗਤਕਾ ਖੇਡ ਦੇ ਵਿਕਾਸ ਅਤੇ ਉੱਭਰਦੀਆਂ ਪ੍ਰਤਿਭਾਵਾਂ ਦੀ ਪਛਾਣ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਵੇਗਾ। ਰਤੀਆ ਵਿੱਚ ਆਯੋਜਿਤ ਹੋਣ ਵਾਲੀ ਇਹ ਰਾਸ਼ਟਰੀ ਚੈਂਪੀਅਨਸ਼ਿਪ ਖੇਡ ਪ੍ਰੇਮੀਆਂ ਅਤੇ ਗਤਕਾ ਖਿਡਾਰੀਆਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਰਹੇਗੀ। 15 ਅਕਤੂਬਰ ਤੋਂ ਸ਼ੁਰੂ ਹੋਣ ਵਾਲੇ ਮੁਕਾਬਲਿਆਂ ਵਿੱਚ ਦੇਸ਼ ਭਰ ਦੇ ਖਿਡਾਰੀ ਆਪਣੀ ਪ੍ਰਤਿਭਾ ਅਤੇ ਖੇਡ ਹੁਨਰ ਦਾ ਪ੍ਰਦਰਸ਼ਨ ਕਰਨਗੇ।

# ਅਨੁਸ਼ਾਸਨ, ਆਗਿਆ ਪਾਲਣ, ਫਰਜ਼ਾਂ ਪ੍ਰਤੀ ਵਫ਼ਾਦਾਰੀ ਸਿਖਾਉਣ ਵਾਲੇ ਪੁਲਿਸ ਅਫਸਰਾਂ ਨੂੰ ਸਨਮਾਨਿਤ ਕੀਤਾ

**ਪਟਿਆਲਾ, 14 ਅਕਤੂਬਰ (ਪੈ.ਗਾਮ-ਏ-ਜਗਤ)**



ਡੈਡੀਕੇਟਿਡ ਬ੍ਰਦਰਜ਼ ਗਰੁੱਪ ਪਟਿਆਲਾ ਵਲੋਂ ਜਿਥੇ ਹੁਣ ਤੱਕ 2300 ਤੋਂ ਵੱਧ ਅਧਿਆਪਕਾਂ, ਪ੍ਰੋਫ਼ੈਸਰਾਂ ਅਤੇ ਪ੍ਰਿੰਸੀਪਲਾਂ ਅਤੇ 2000 ਤੋਂ ਵੱਧ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਚੰਗੇ ਵਰਤਾਉ, ਪ੍ਰੇਮ ਅਤੇ ਵਿਦਿਆਰਥੀਆਂ ਦੀ ਸਿਹਤ, ਤੰਦਰੁਸਤੀ, ਸੁਰੱਖਿਆ, ਖੁਸ਼ਹਾਲੀ, ਉਨਤੀ, ਜਾਗਰੂਕਤਾ ਵਾਸਤੇ ਜਾਗ੍ਰਿਤੀ ਪ੍ਰੋਗਰਾਮ ਕਰਵਾਉਣ ਲਈ ਜੰਗੀ ਪੱਧਰ ਤੇ ਯਤਨ ਕੀਤੇ ਜਾ ਰਹੇ ਹਨ , ਦੇ ਸਨਮਾਨਿਤ ਕੀਤਾ ਜਾ ਚੁੱਕੇ ਹਨ, ਉਥੇ ਸੰਸਥਾ ਦੇ ਪ੍ਰਧਾਨ ਡਾਕਟਰ ਰਾਕੇਸ਼ ਵਰਮੀ, ਸਕੱਤਰ ਸ੍ਰੀ ਹਰਪ੍ਰੀਤ ਸੰਧੂ ਅਤੇ ਮੈਂਬਰਾਂ ਵਲੋਂ ਅੰਤਰਰਾਸ਼ਟਰੀ ਸਰਵੋਤਮ ਵਿਦਿਆਰਥੀ ਦਿਵਸ਼ ਮੌਕੇ ਜਿਥੇ 21 ਪ੍ਰਿੰਸੀਪਲਾਂ ਅਤੇ ਅਧਿਆਪਕਾਂ ਨੂੰ ਸਨਮਾਨਿਤ ਕੀਤਾ ਉਥੇ ਵਿਸ਼ੇਸ਼ ਤੌਰ ਤੇ ਪੰਜਾਬ ਪੁਲਿਸ ਕਮਾਂਡੋ ਟ੍ਰੇਨਿੰਗ ਸੈਂਟਰ ਕਿਲਾ ਬਹਾਦਰਗੜ੍ਹ ਦੇ ਸੀ ਡੀ ਆਈ ਇੰਸਪੈਕਟਰ ਪਲਵਿੰਦਰ ਸਿੰਘ, ਸਬ ਇੰਸਪੈਕਟਰ ਧਿਆਨ ਚੰਦ ਅਤੇ ਆਵਾਜਾਈ ਸਿਖਿਆ ਸੈਲ ਦੇ ਏ ਐਸ ਆਈ ਰਾਮ ਸਰਨ ਨੂੰ ਵਧੀਆ ਪੁਲਿਸ ਅਧਿਆਪਕ ਗੁਰੂ ਵਜੋਂ ਇਹ ਕਹਿੰਦੇ ਹੋਏ ਸਨਮਾਨਿਤ ਕੀਤਾ ਕਿ ਦੂਸਰਿਆਂ ਨੂੰ ਗੁਣ, ਗਿਆਨ, ਨਿਯਮਾਂ ਕਾਨੂੰਨਾਂ, ਅਸੂਲਾਂ, ਫਰਜ਼ਾਂ ਦੀ ਪਾਲਣਾ ਕਰਨ ਲਈ ਉਤਸ਼ਾਹਿਤ ਕਰਨ, ਚੰਗੇ ਵਿਚਾਰ, ਭਾਵਨਾਵਾਂ ਅਤੇ ਆਦਤਾਂ ਉਤਪੰਨ ਕਰਨ ਵਾਲਾ ਹਰੇਕ ਇਨਸਾਨ, ਚੰਗਾ ਅਧਿਆਪਕ ਹੀ ਹੁੰਦਾ ਹੈ। ਇਨ੍ਹਾਂ ਪੁਲਿਸ ਅਫਸਰਾਂ ਵਲੋਂ ਹਜ਼ਾਰਾਂ ਦੀ ਗਿਣਤੀ ਵਿੱਚ ਵਿਦਿਆਰਥੀਆਂ, ਅਧਿਆਪਕਾਂ, ਪੁਲਿਸ ਅਧਿਕਾਰੀਆਂ ਅਤੇ ਜਵਾਨਾਂ ਨੂੰ ਜਾਗਰੂਕ ਕੀਤਾ ਹੈ। ਡਾਕਟਰ ਰਿਸ਼ਮਾਂ ਕੌਹਲੀ, ਕਾਕਾ ਰਾਮ ਵਰਮਾ, ਸੇਵਾ ਮੁਕਤ ਟ੍ਰੇਨਿੰਗ ਸੁਪਰਵਾਈਜ਼ਰ ਰੈੱਡ ਕਰਾਸ, ਨੇ ਭਾਰਤ ਰਤਨ ਡਾਕਟਰ ਏ ਪੀ ਜੇ ਅਬਦੁਲ ਕਲਾਮ ਸਾਹਿਬ ਜੀ ਦੇ ਜਨਮਦਿਹਾੜੇ ਨੂੰ ਸੰਯੁਕਤ ਰਾਸ਼ਟਰ ਵਲੋਂ ਸਰਵੋਤਮ ਇਮਾਨਦਾਰ ਵਫ਼ਾਦਾਰ ਜ਼ੁਮੇਵਾਰ ਵਿਦਿਆਰਥੀ ਵਜੋਂ ਮਨਾਉਣ ਲਈ 15 ਅਕਤੂਬਰ ਦਾ ਦਿਨ ਨਿਰਧਾਰਤ ਕੀਤਾ ਹੈ। ਕਲਾਮ ਸਾਹਿਬ ਨੇ ਅਮਰੀਕਾ ਦੇ ਹਰ ਸਾਲ ਮਿਲਣ ਵਾਲੇ 8 ਲੱਖ ਡਾਲਰ ਸਕਾਲਰਸ਼ਿਪ ਸਕੀਮ ਨੂੰ ਛੱਡਕੇ ਭਾਰਤ ਮਾਂ ਦੀ ਸੁਰੱਖਿਆ, ਬਚਾਉ, ਸਨਮਾਨ, ਖੁਸ਼ਹਾਲੀ, ਉਨਤੀ ਲਈ ਮਿਜ਼ਾਇਲਾਂ, ਸੇਟੈਲਾਇਟ, ਟੈਕਨਾਲੋਜੀ ਦੇ ਗਿਆਨ ਦਿੱਤੇ ਉਥੇ ਸੇਵਾ ਮੁਕਤ ਰਾਸ਼ਟਰਪਤੀ ਹੋਕੇ ਵੀ ਵਿਦਿਆਰਥੀਆਂ, ਅਧਿਆਪਕਾਂ ਨੂੰ ਇਨ੍ਹਾਂ ਵਿਸ਼ਿਆਂ ਬਾਰੇ ਜਾਣਕਾਰੀਆ ਦਿਤੀਆਂ।

ਹਾਜ਼ਰ ਪ੍ਰਿੰਸੀਪਲਾਂ ਅਧਿਆਪਕਾਂ ਨੂੰ ਬੇਨਤੀ ਕੀਤੀ ਕਿ ਕਲਾਮ ਸਾਹਿਬ ਜੀ ਦੇ ਜਨਮਦਿਹਾੜੇ ਨੂੰ ਸਕੂਲਾਂ ਵਿਖੇ ਜ਼ਰੂਰ ਮਨਾਇਆ ਜਾਵੇ ਅਤੇ ਬੱਚਿਆਂ ਨੂੰ ਕਲਾਮ ਸਾਹਿਬ ਵਰਗੇ ਚੰਗੇ ਗੁਣਕਾਰੀ ਵਿਦਿਆਰਥੀ ਬਨਣ ਲਈ ਜਾਗਰੂਕ ਕੀਤਾ ਜਾਵੇ।

# ਵੈਟਨਰੀ ਯੂਨੀਵਰਸਿਟੀ ਵੱਲੋਂ ਫੀਡ ਉਤਪਾਦਕਾਂ ਲਈ ਡੇਅਰੀ ਪਸ਼ੂਆਂ ਦੀ ਖੁਰਾਕ ਵਿੱਚ ਆਈਆਂ ਤਬਦੀਲੀਆਂ ਬਾਰੇ ਇੱਕ-ਰੋਜ਼ਾ ਸੈਮੀਨਾਰ ਦਾ ਆਯੋਜਨ

**ਲੁਧਿਆਣਾ, 14 ਅਕਤੂਬਰ (ਪੈ.ਗਾਮ-ਏ-ਜਗਤ)**




ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਦੇ ਪਸਾਰ ਸਿੱਖਿਆ ਨਿਰਦੇਸ਼ਾਲੇ ਵੱਲੋਂ ਫੀਡ ਉਤਪਾਦਕਾਂ ਲਈ 'ਡੇਅਰੀ ਪਸ਼ੂਆਂ ਦੀ ਖੁਰਾਕ ਵਿੱਚ ਆਈਆਂ ਤਬਦੀਲੀਆਂ' ਵਿਸ਼ੇ 'ਤੇ ਇੱਕ-ਰੋਜ਼ਾ ਸੈਮੀਨਾਰ ਕਰਵਾਇਆ ਗਿਆ। ਇਸ ਸਮਾਗਮ ਵਿੱਚ ਕੁੱਲ 17 ਪ੍ਰਤੀਭਾਗੀਆ ਨੇ ਸ਼ਮੂਲੀਅਤ ਕੀਤੀ ਜਿਨਾਂ ਵਿੱਚ ਤਿੰਨ ਹਰਿਆਣਾ ਦੇ ਸਨ ।

ਡਾ. ਜਤਿੰਦਰ ਪਾਲ ਸਿੰਘ ਗਿੱਲ, ਉਪ-ਕੁਲਪਤੀ ਨੇ ਡੇਅਰੀ ਉਤਪਾਦਕਤਾ ਅਤੇ ਆਰਥਿਕ ਸਥਿਰਤਾ ਨੂੰ ਬਿਹਤਰ ਬਣਾਉਣ ਲਈ ਵਿਗਿਆਨਕ ਗਿਆਨ ਅਤੇ ਨਵੀਨਕਾਰੀ ਖੁਰਾਕ ਤਕਨੀਕਾਂ ਦੇ ਪ੍ਰਸਾਰ ਪ੍ਰਤੀ ਯੂਨੀਵਰਸਿਟੀ ਦੀ ਵਚਨਬੱਧਤਾ 'ਤੇ ਚਾਨਣਾ ਪਾਇਆ। ਡਾ. ਰਵਿੰਦਰ ਸਿੰਘ ਗਰੇਵਾਲ, ਨਿਰਦੇਸ਼ਕ ਪਸਾਰ ਸਿੱਖਿਆ ਨੇ ਵਿਗਿਆਨਕ ਢੰਗ ਨਾਲ ਫੀਡ ਤਿਆਰ ਕਰਨ, ਗੁਣਵੱਤਾ ਯਕੀਨੀ ਬਣਾਉਣ ਅਤੇ ਟਿਕਾਊ ਡੇਅਰੀ ਫਾਰਮਿੰਗ 'ਤੇ ਜ਼ੋਰ ਦਿੱਤਾ। ਕਾਲਜ ਆਫ਼ ਐਨੀਮਲ ਬਾਇਓਟੈਕਨਾਲੋਜੀ ਦੇ ਡੀਨ ਡਾ. ਰਾਮ ਸਰਨ ਸੇਠੀ ਨੇ ਪਸ਼ੂ ਪਾਲਣ ਖੇਤਰ ਵਿੱਚ ਸਟਾਰਟ-ਅੱਪਸ, ਨਵੀਨਤਾ ਅਤੇ ਉੱਦਮਤਾ ਨੂੰ ਉਤਸ਼ਾਹਿਤ ਕਰਨ 'ਤੇ ਜ਼ੋਰ ਦਿੱਤਾ।

ਤਕਨੀਕੀ ਸੈਸ਼ਨ ਦੌਰਾਨ, ਪਸ਼ੂ ਆਹਾਰ ਵਿਭਾਗ ਦੇ ਮਾਹਿਰਾਂ ਨੇ ਤਕਨੀਕੀ ਗਿਆਨ ਸਾਂਝਾ ਕੀਤਾ। ਡਾ. ਜੈਸਮੀਨ ਕੌਰ ਨੇ 'ਟਿਕਾਊ ਡੇਅਰੀ ਉਤਪਾਦਨ ਲਈ ਸੰਤੁਲਿਤ ਖਣਿਜ ਪੌਸ਼ਟਿਕਤਾ' ਬਾਰੇ, ਡਾ. ਅਮਿਤ ਸ਼ਰਮਾ ਨੇ 'ਫੀਡ ਦੀ ਲਾਗਤ ਘਟਾਉਣ ਲਈ ਗੈਰ-ਰਵਾਇਤੀ ਸਮੱਗਰੀ ਦੀ ਵਰਤੋਂ' ਬਾਰੇ ਅਤੇ ਡਾ. ਸੰਦੀਪ ਉਨੀਯਾਲ ਨੇ 'ਡੇਅਰੀ ਪਸ਼ੂਆਂ ਲਈ ਫੀਡ ਦੇ ਗੁਣਵੱਤਾ ਮਾਪਦੰਡਾਂ, ਸਮੱਗਰੀ ਅਤੇ ਜਾਂਚ' ਬਾਰੇ ਜਾਣਕਾਰੀ ਦਿੱਤੀ।

ਇੱਕ ਵਿਚਾਰ-ਚਰਚਾ ਵੀ ਕੀਤੀ ਗਈ ਜਿਸ ਦੀ ਪ੍ਰਧਾਨਗੀ ਡਾ. ਰਵਿੰਦਰ ਸਿੰਘ ਗਰੇਵਾਲ ਨੇ ਕੀਤੀ, ਜਿਸ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਪਸਾਰ ਸਿੱਖਿਆ ਦੇ ਸਾਬਕਾ ਵਧੀਕ ਨਿਰਦੇਸ਼ਕ ਡਾ. ਪਰਮਿੰਦਰ ਸਿੰਘ, ਪਸ਼ੂ ਆਹਾਰ ਵਿਭਾਗ ਦੇ ਮੁਖੀ ਡਾ. ਜਸਪਾਲ ਸਿੰਘ ਹੁੰਦਲ ਅਤੇ ਆਲ ਫੀਡ ਮਿੱਲਰਜ਼ ਐਸੋਸੀਏਸ਼ਨ, ਪੰਜਾਬ ਦੇ ਪ੍ਰਧਾਨ ਸ੍ਰੀ ਅਸ਼ੋਕ ਕੁਮਾਰ ਸ਼ਾਮਲ ਹੋਏ। ਇਸ ਚਰਚਾ ਵਿੱਚ ਫੀਡ ਦੀ ਗੁਣਵੱਤਾ, ਲਾਗਤ-ਪ੍ਰਭਾਵੀ ਫੀਡ ਤਿਆਰ ਕਰਨ ਅਤੇ ਫੀਡ ਉਦਯੋਗ ਨੂੰ ਦਰਪੇਸ਼ ਵਿਹਾਰਕ ਚੁਣੌਤੀਆਂ ਬਾਰੇ ਗੱਲਬਾਤ ਕੀਤੀ ਗਈ।

ਇਸ ਸੈਮੀਨਾਰ ਦਾ ਸੰਯੋਜਨ, ਪਸਾਰ ਸਿੱਖਿਆ ਵਿਭਾਗ ਦੇ ਮੁਖੀ ਡਾ. ਜਸਵਿੰਦਰ ਸਿੰਘ ਅਤੇ ਡਾ. ਰਵਦੀਪ ਸਿੰਘ ਨੇ ਪ੍ਰਬੰਧਕੀ ਸਕੱਤਰਾਂ ਵਜੋਂ ਕੀਤਾ, ਜਿਸ ਵਿੱਚ ਵਿਦਿਆਰਥੀ ਸੰਯੋਜਕ ਗੁਰਸਿਮਰਨਜੀਤ ਸਿੰਘ ਅਤੇ ਹਰਯੁਵਰਾਜ ਸਿੰਘ ਬੇਦੀ ਨੇ ਵੀ ਯੋਗਦਾਨ ਪਾਇਆ।

ਸੈਮੀਨਾਰ ਦੀ ਸਮਾਪਤੀ ਮਿਆਰੀ ਪਸ਼ੂ-ਖੁਰਾਕ, ਕਿਫ਼ਾਇਤੀ ਖੁਰਾਕ-ਪ੍ਰਣਾਲੀਆਂ ਅਤੇ ਟਿਕਾਊ ਡੇਅਰੀ ਉਤਪਾਦਨ ਨੂੰ ਉਤਸ਼ਾਹਿਤ ਕਰਨ ਲਈ ਖੁਰਾਕ ਮਾਹਿਰਾਂ ਅਤੇ ਫੀਡ ਉਤਪਾਦਕਾਂ ਵਿਚਕਾਰ ਵਧੇਰੇ ਮਜ਼ਬੂਤ ਸਹਿਯੋਗ ਸਥਾਪਤ ਕਰਨ ਦੇ ਨਿਸ਼ਚੇ ਨਾਲ ਹੋਈ।

# ਲਿਵਾਸਾ ਹਸਪਤਾਲ ਅੰਮ੍ਰਿਤਸਰ ਨੇ ਬ੍ਰੇਨ ਟਿਊਮਰ ਦੀ ਮਰੀਜ਼ ਨੂੰ ਦਿੱਤੀ ਨਵੀਂ ਜ਼ਿੰਦਗੀ

**ਅੰਮ੍ਰਿਤਸਰ, 14 ਅਕਤੂਬਰ (ਪੈ.ਗਾਮ-ਏ-ਜਗਤ)**

ਲਿਵਾਸਾ ਹਸਪਤਾਲ, ਅੰਮ੍ਰਿਤਸਰ ਵਿੱਚ ਬ੍ਰੇਨ ਟਿਊਮਰ ਦੀ ਜਟਿਲ ਸਕਲ ਬੇਸ ਸਰਜਰੀ ਤੋਂ ਬਾਅਦ 72 ਸਾਲਾ ਮਹਿਲਾ ਨੂੰ ਨਵੀਂ ਜ਼ਿੰਦਗੀ ਮਿਲੀ। ਮਹਿਲਾ ਦੇ ਦਿਮਾਗ਼ ਵਿੱਚ ਇੱਕ ਵਿਸ਼ਾਲ ਟਿਊਮਰ ਸੀ, ਜਿਸ ਦਾ ਸਫ਼ਲਤਾਪੂਰਵਕ ਆਪ੍ਰੇਸ਼ਨ ਕੀਤਾ ਗਿਆ।

ਇਹ ਜਟਿਲ ਨਿਊਰੋਸਰਜੀਕਲ ਪ੍ਰਕਿਰਿਆ ਮਾਈਕ੍ਰੋਸਕੋਪ ਦੀ ਮਦਦ ਨਾਲ ਕੀਤੀ ਗਈ, ਜਿਸ ਦੌਰਾਨ 6 ਸੈਂਟੀਮੀਟਰ ਤੋਂ ਵੱਧ ਆਕਾਰ ਦੇ ਵਿਸ਼ਾਲ ਓਲਫੈਕਟਰੀ ਗਰੂਵ ਮੈਨਿੰਜੀਓਮਾ ਨੂੰ ਸਫ਼ਲਤਾਪੂਰਵਕ ਕੱਢਿਆ ਗਿਆ।

ਮਰੀਜ਼ ਨੂੰ ਮਾਨਸਿਕ ਸਥਿਤੀ ਵਿੱਚ ਬਦਲਾਅ, ਵਾਰ-ਵਾਰ ਦੌਰੇ ਪੈਣ, ਸੁੰਘਣ ਦੀ ਸਮਰੱਥਾ ਖ਼ਤਮ ਹੋਣ ਅਤੇ ਨਜ਼ਰ ਘਟਣ ਦੀਆਂ ਸ਼ਿਕਾਇਤਾਂ ਨਾਲ ਲਿਵਾਸਾ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਸੀ। ਜਾਂਚ ਦੌਰਾਨ ਮਰੀਜ਼ ਦੇ ਦਿਮਾਗ਼ ਵਿੱਚ ਵਿਸ਼ਾਲ ਓਲਫੈਕਟਰੀ ਗਰੂਵ ਮੈਨਿੰਜੀਓਮਾ ਹੋਣ ਦਾ ਪਤਾ ਲੱਗਾ। ਇਹ ਇੱਕ ਕਿਸਮ ਦਾ ਟਿਊਮਰ ਹੈ, ਜੋ ਖੋਪੜੀ ਦੇ ਅਧਾਰ 'ਤੇ ਦਿਮਾਗ਼ ਦੇ ਫਰੰਟਲ ਲੋਬ ਦੇ ਨੇੜੇ ਸਥਿਤ ਹੁੰਦਾ ਹੈ। ਇਹ ਉਨ੍ਹਾਂ ਹਿੱਸਿਆਂ ਦੇ ਨੇੜੇ ਹੁੰਦਾ ਹੈ, ਜੋ ਸੁੰਘਣ ਅਤੇ ਦੇਖਣ ਦੀ ਸਮਰੱਥਾ ਨੂੰ ਨਿਯੰਤਰਿਤ ਕਰਦੇ ਹਨ।



ਇਸ ਸਰਜਰੀ ਨੂੰ ਸਫ਼ਲਤਾਪੂਰਵਕ ਅੰਜਾਮ ਦੇਣ ਵਾਲੇ ਕੰਸਲਟੈਂਟ ਨਿਊਰੋਸਰਜਨ ਡਾ. ਅਮਨਜੋਤ ਸਿੰਘ ਬੋਪਾਰਾਏ ਨੇ ਦੱਸਿਆ ਕਿ ਓਲਫੈਕਟਰੀ ਗਰੂਵ ਮੈਨਿੰਜੀਓਮਾ ਦਿਮਾਗ਼ ਦੇ ਸੁਰੱਖਿਆਤਮਕ ਪਰਦੇ ਤੋਂ ਪੈਦਾ ਹੁੰਦਾ ਹੈ ਅਤੇ ਆਮ ਤੌਰ 'ਤੇ ਫਰੰਟਲ ਅਤੇ ਸਕਲ ਬੇਸ ਵਾਲੇ ਖੇਤਰ ਵਿੱਚ ਵਿਕਸਿਤ ਹੁੰਦਾ ਹੈ।

ਉਨ੍ਹਾਂ ਦੱਸਿਆ ਕਿ ਟਿਊਮਰ ਦੇ ਆਕਾਰ ਅਤੇ ਉਸ ਦੀ ਸਥਿਤੀ ਦੇ ਆਧਾਰ 'ਤੇ ਮਰੀਜ਼ ਨੂੰ ਸੁੰਘਣ ਦੀ ਸਮਰੱਥਾ ਵਿੱਚ ਬਦਲਾਅ, ਨਜ਼ਰ ਸਬੰਧੀ ਸਮੱਸਿਆਵਾਂ, ਦੌਰੇ ਪੈਣ, ਸਿਰਦਰਦ ਅਤੇ ਹੋਸ਼ ਦੀ ਸਥਿਤੀ ਵਿੱਚ ਬਦਲਾਅ ਵਰਗੇ ਲੱਛਣ ਹੋ ਸਕਦੇ ਹਨ। ਵਿਸ਼ਾਲ ਆਕਾਰ ਦੇ ਟਿਊਮਰ ਦੀ ਸਰਜਰੀ ਕਾਫ਼ੀ ਚੁਣੌਤੀਪੂਰਨ ਹੁੰਦੀ ਹੈ, ਕਿਉਂਕਿ ਇਹ ਦਿਮਾਗ਼ ਦੀਆਂ ਮਹੱਤਵਪੂਰਨ ਨਸਾਂ, ਨਿਊਰੋਲੋਜੀਕਲ ਢਾਂਚਿਆਂ ਅਤੇ ਖ਼ੂਨ ਦੀਆਂ ਨਾੜੀਆਂ ਦੇ ਬਹੁਤ ਨੇੜੇ ਸਥਿਤ ਹੁੰਦੇ ਹਨ।

# ਲਾਇਨਜ਼ ਕਲੱਬ ਚੰਡੀਗੜ੍ਹ ਨਾਈਟਿੰਗੇਲ ਨੇ 30ਵਾਂ ਇੰਸਟਾਲੇਸ਼ਨ ਸਮਾਰੋਹ ਮਨਾਇਆ, ਮਨੁੱਖਤਾ ਦੀ ਸੇਵਾ ਲਈ ਵਚਨਬੱਧਤਾ ਦੁਹਰਾਈ

**ਪੈ.ਗਾਮ-ਏ-ਜਗਤ**
**ਮੋਹਾਲੀ, (ਤਿਲਕ ਰਾਜ)**



ਲਾਇਨਜ਼ ਕਲੱਬ ਚੰਡੀਗੜ੍ਹ ਨਾਈਟਿੰਗੇਲ ਵੱਲੋਂ ਹੋਟਲ ਸਿਪ ਐਂਡ ਡਾਈਨ, ਸੈਕਟਰ-7, ਮੱਧ ਮਾਰਗ, ਚੰਡੀਗੜ੍ਹ ਵਿਖੇ ਕਲੱਬ ਦਾ 30ਵਾਂ ਇੰਸਟਾਲੇਸ਼ਨ ਸਮਾਰੋਹ ਕਰਵਾਇਆ ਗਿਆ।

ਇਸ ਮੌਕੇ ਕਲੱਬ ਦੇ ਮੈਂਬਰਾਂ ਨੇ ਸੇਵਾ, ਦਇਆ ਅਤੇ ਮਨੁੱਖਤਾ ਦੀ ਭਲਾਈ ਲਈ ਆਪਣੇ ਸਮਰਪਣ ਨੂੰ ਮੁੜ ਦੁਹਰਾਇਆ। ਜ਼ਿਲ੍ਹਾ 3216 ਦੇ ਪਹਿਲੇ ਮਹਿਲਾ ਕਲੱਬ ਵਜੋਂ ਮਾਨਤਾ ਪ੍ਰਾਪਤ ਇਸ ਕਲੱਬ ਨੇ ਇੰਸਟਾਲੇਸ਼ਨ ਸਮਾਰੋਹ ਕਰਵਾਉਣ ਦੀ ਆਪਣੀ ਪਰੰਪਰਾ ਨੂੰ ਕਾਇਮ ਰੱਖਿਆ ਹੈ।

ਕਲੱਬ ਵੱਲੋਂ ਸਮਾਜ ਭਲਾਈ ਦੇ ਕਈ ਕਾਰਜ ਕੀਤੇ ਜਾਂਦੇ ਹਨ, ਜਿਨ੍ਹਾਂ ਵਿੱਚ ਲੋੜਵੰਦ ਅਤੇ ਵਾਂਝੇ ਵਰਗਾਂ ਲਈ ਭੋਜਨ ਸਹਾਇਤਾ ਪ੍ਰੋਜੈਕਟ ਵੀ ਸ਼ਾਮਲ ਹਨ। ਇਸ ਸਮਾਰੋਹ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਕਲੱਬ ਦੀ ਜ਼ੋਨ ਚੇਅਰਪਰਸਨ ਲਾਇਨ ਸੁਦਰਸ਼ਨ ਕੌਰ ਬਾਵਾ, PMJF ਨੇ ਦੱਸਿਆ ਕਿ ਇਸ ਸਾਲ ਲਾਇਨ ਪ੍ਰੀਤਪਾਲ ਬੇਨੀਪਾਲ, PMJF ਨੂੰ ਕਲੱਬ ਦੀ ਪ੍ਰਧਾਨ ਚੁਣਿਆ ਗਿਆ ਹੈ। ਉਨ੍ਹਾਂ ਨੇ ਨਵੇਂ ਨਿਯੁਕਤ ਬੋਰਡ ਆਫ਼ ਡਾਇਰੈਕਟਰਜ਼ ਸਮੇਤ ਰਸਮੀ ਤੌਰ 'ਤੇ ਆਪਣਾ ਅਹੁਦਾ ਸੰਭਾਲਿਆ ਅਤੇ ਮਨੁੱਖਤਾ ਦੀ ਸੇਵਾ ਲਈ ਕਲੱਬ ਦੇ ਮਿਸ਼ਨ ਨੂੰ ਅੱਗੇ ਵਧਾਉਣ ਦਾ ਸੰਕਲਪ ਲਿਆ।ਸਮਾਰੋਹ ਵਿੱਚ ਲਾਇਨਜ਼ ਦੇ ਕਈ ਉੱਘੇ ਆਗੂਆਂ ਅਤੇ ਪਤਵੰਤਿਆਂ ਨੇ ਸ਼ਿਰਕਤ ਕੀਤੀ। ਇਸ ਮੌਕੇ ਜ਼ਿਲ੍ਹਾ 3216 ਦੇ PMJF ਡਿਸਟ੍ਰਿਕਟ ਗਵਰਨਰ ਲਾਇਨ ਅਜੈ ਕੁਮਾਰ ਗੋਇਲ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ, ਜਦਕਿ V47-1 MJF ਲਾਇਨ ਨਰੇਸ਼ ਗੋਇਲ ਨੇ ਇੰਸਟਾਲੇਸ਼ਨ ਅਫ਼ਸਰ ਦੀ ਭੂਮਿਕਾ ਨਿਭਾਈ। ਇਸ ਮੌਕੇ MJF ਲਾਇਨ ਸ਼ਸ਼ੀ ਰਾਣਾ, V47-2 ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। PMJF ਲਾਇਨ ਯੋਗੇਸ਼ ਸੋਨੀ, ਸਾਬਕਾ ਡਿਸਟ੍ਰਿਕਟ ਗਵਰਨਰ, ਨੇ ਮੁੱਖ ਬੁਲਾਰੇ ਵਜੋਂ ਆਪਣੇ ਵਿਚਾਰ ਸਾਂਝੇ ਕੀਤੇ। PMJF ਲਾਇਨ ਆਰ.ਕੇ. ਮਹਿਤਾ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਲਾਇਨ ਮੁਕੇਸ਼ ਮਦਾਨ, DCS; ਲਾਇਨ ਸ਼ਿਆਮ ਗੌਤਮ, ਜ਼ਿਲ੍ਹਾ GLT; ਲਾਇਨ ਸਤੀਸ਼ ਭਾਸਕਰ, ਰੀਜਨ ਚੇਅਰਪਰਸਨ; ਲਾਇਨ ਅਨਿਲ ਕੁਮਾਰ ਸ਼ਰਮਾ, ਲਾਇਨਜ਼ ਕਲੱਬ ਲੁਧਿਆਣਾ ਵਿਸ਼ਾਲ ਤੋਂ ਅਤੇ ਡਿਪਟੀ ਡਿਸਟ੍ਰਿਕਟ ਗਵਰਨਰ ਪ੍ਰੈੱਸ ਐਂਡ ਮੀਡੀਆ CBAF, CGL ਤਿਲਕ ਰਾਜ, PMJF ਨੇ ਵੀ ਸਮਾਰੋਹ ਵਿੱਚ ਸ਼ਿਰਕਤ ਕੀਤੀ। ਇੰਸਟਾਲੇਸ਼ਨ ਸਮਾਰੋਹ ਦੀ ਪ੍ਰਧਾਨਗੀ MJF ਲਾਇਨ ਸੁਸ਼ਮਾ ਮਲਹੋਤਰਾ ਅਤੇ MJF ਲਾਇਨ ਪਰਮਜੀਤ ਪੁਰੀ ਨੇ ਕੀਤੀ।

ਸਮਾਰੋਹ ਦਾ ਸੰਚਾਲਨ ਲਾਇਨ ਪ੍ਰੀਤਪਾਲ ਬੇਨੀਪਾਲ ਨੇ ਕੀਤਾ। ਅੰਤ ਵਿੱਚ ਕਲੱਬ ਦੀ ਸਕੱਤਰ ਲਾਇਨ ਮੀਨਾਕਸ਼ੀ ਬੇਨੀਪਾਲ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ। ਸਮਾਰੋਹ ਦੇ ਅੰਤ ਵਿੱਚ ਕਲੱਬ ਦੇ ਮੈਂਬਰਾਂ ਨੇ ਲਾਇਨਜ਼ ਕਲੱਬ ਦੇ ਮੂਲ ਮੰਤਰ "We Serve" (ਅਸੀਂ ਸੇਵਾ ਕਰਦੇ ਹਾਂ) ਨੂੰ ਸਮਰਪਿਤ ਰਹਿਣ ਅਤੇ ਸਮਾਜ ਦੀ ਭਲਾਈ, ਲੋੜਵੰਦਾਂ ਨੂੰ ਭੋਜਨ ਮੁਹੱਈਆ ਕਰਵਾਉਣ ਅਤੇ ਸਮਾਜ ਨੂੰ ਬਿਹਤਰ ਬਣਾਉਣ ਲਈ ਲਗਾਤਾਰ ਯਤਨ ਕਰਨ ਦਾ ਪ੍ਰਣ ਲਿਆ।

# ਖੰਡ ਪੱਧਰੀ ਵਿਗਿਆਨ ਪ੍ਰਦਰਸ਼ਨੀ ਵਿੱਚ ਸੈਂਟ ਗਿਆਨੇਸ਼ਵਰ ਸੀਨੀਅਰ ਸੈਕੰਡਰੀ ਸਕੂਲ ਦੇ ਬਾਲ ਵਿਗਿਆਨੀ ਛਾਏ

**ਪੈ.ਗਾਮ-ਏ-ਜਗਤ**
**ਹਾਂਸੀ (ਦਿਨਕਰ ਗਾਵੜੀ)**



ਸਿੱਖਿਆ ਵਿਭਾਗ ਹਾਂਸੀ ਵੱਲੋਂ ਖੰਡ ਪੱਧਰ 'ਤੇ ਵਿਗਿਆਨ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ 7 ਉਪ ਵਿਸ਼ਿਆਂ 'ਤੇ ਖੰਡ ਦੇ ਵੱਖ-ਵੱਖ ਸਕੂਲਾਂ ਦੇ ਬਾਲ ਵਿਗਿਆਨੀਆਂ ਨੇ ਆਪਣੇ ਮਾਡਲ ਪੇਸ਼ ਕੀਤੇ। ਇਹ ਜਾਣਕਾਰੀ ਦਿੰਦਿਆਂ ਸਕੂਲ ਪ੍ਰਿੰਸੀਪਲ ਸਤੀਸ਼ ਵਰਮਾ ਨੇ ਦੱਸਿਆ ਕਿ ਪ੍ਰਦਰਸ਼ਨੀ ਵਿੱਚ ਹੈਲਥ, ਹਾਈਜੀਨ ਅਤੇ ਸੈਨੀਟਾਈਜ਼ੇਸ਼ਨ ਉਪ ਵਿਸ਼ੇ ਵਿੱਚ ਸਕੂਲ ਦੀ ਵਿਦਿਆਰਥਣ ਨੈਨਾ ਨੇ ਤੀਜਾ ਸਥਾਨ ਪ੍ਰਾਪਤ ਕਰ ਸਕੂਲ ਦਾ ਨਾਮ ਰੌਸ਼ਨ ਕੀਤਾ। ਇਸ ਉਪਲਬਧੀ 'ਤੇ ਸਾਰੇ ਸਟਾਫ ਮੈਂਬਰਾਂ ਨੇ ਨੈਨਾ ਅਤੇ ਵਿਗਿਆਨ ਅਧਿਆਪਕ ਵਿਸ਼ਵਾਸ ਕੁਮਾਰ ਨੂੰ ਵਧਾਈ ਦਿੱਤੀ। ਵਰਮਾ ਨੇ ਦੱਸਿਆ ਕਿ ਪਹਿਲਾਂ ਵੀ ਸਾਡੇ ਸਕੂਲ ਦੇ ਵਿਦਿਆਰਥੀ ਵਿਗਿਆਨ ਦੇ ਖੇਤਰ ਵਿੱਚ ਅਨੇਕਾਂ ਕੀਰਤੀਮਾਨ ਸਥਾਪਿਤ ਕਰ ਚੁੱਕੇ ਹਨ।

# ਸਰਕਾਰੀ ਕਾਲਜ, ਮੁਹਾਲੀ ਦੀ ਸਾਈਕਲਿੰਗ ਟੀਮ ਨੇ ਇੰਟਰ-ਕਾਲਜ ਰੋਡ ਸਾਈਕਲਿੰਗ ਟੂਰਨਾਮੈਂਟ ਵਿੱਚ ਜਿੱਤੇ ਕਈ ਤਗਮੇ

**ਐਸ.ਏ.ਐਸ. ਨਗਰ, 14 ਅਕਤੂਬਰ (ਪੈ.ਗਾਮ-ਏ-ਜਗਤ)**

ਐਸ.ਐਮ.ਐਚ.ਐਸ. ਸਰਕਾਰੀ ਕਾਲਜ, ਫੇਜ਼-6, ਮੁਹਾਲੀ ਦੀ ਸਾਈਕਲਿੰਗ ਟੀਮ ਨੇ ਇੰਟਰ-ਕਾਲਜ ਰੋਡ ਸਾਈਕਲਿੰਗ ਟੂਰਨਾਮੈਂਟ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕਈ ਤਮਗੇ ਜਿੱਤੇ ਹਨ। ਕਾਲਜ ਦੀ ਪ੍ਰਿੰਸੀਪਲ ਸ਼੍ਰੀਮਤੀ ਜਸਪ੍ਰੀਤ ਕੌਰ ਬੈਂਸ ਨੇ ਦੱਸਿਆ ਕਿ ਟੂਰਨਾਮੈਂਟ ਦੌਰਾਨ ਕਾਲਜ ਦੇ ਵਿਦਿਆਰਥੀ ਜਸ਼ਨਪ੍ਰੀਤ ਸਿੰਘ ਨੇ 1500 ਮੀਟਰ ਸਕ੍ਰੈਚ ਰੇਸ ਅਤੇ 1 ਕਿਲੋਮੀਟਰ ਟਾਈਮ ਟ੍ਰਾਇਲ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਦੋ ਸੋਨ ਤਮਗੇ ਹਾਸਲ ਕੀਤੇ। ਇਸੇ ਤਰ੍ਹਾਂ ਪ੍ਰਿਥਵੀਰਾਜ ਚੌਹਾਨ ਨੇ 1 ਕਿਲੋਮੀਟਰ ਟਾਈਮ ਟ੍ਰਾਇਲ ਵਿੱਚ ਚਾਂਦੀ ਦਾ ਤਮਗਾ, 200 ਮੀਟਰ ਸਪ੍ਰਿੰਟ ਵਿੱਚ ਸੋਨ ਤਮਗਾ ਅਤੇ 1500 ਮੀਟਰ ਸਕ੍ਰੈਚ ਰੇਸ ਵਿੱਚ ਕਾਂਸੀ ਦਾ ਤਮਗਾ ਜਿੱਤਿਆ। ਉਹਨਾਂ ਦੱਸਿਆ ਕਿ ਕਾਲਜ ਦੇ ਇੱਕ ਹੋਰ ਹੋਣਹਾਰ ਸਾਈਕਲਿਸਟ ਅਨਿਕੇਤ ਕੁਮਾਰ ਨੇ 400 ਮੀਟਰ ਟ੍ਰੈਕਟ ਮੁਕਾਬਲੇ ਅਤੇ 200 ਮੀਟਰ ਸਪ੍ਰਿੰਟ ਵਿੱਚ ਚਾਂਦੀ ਦੇ ਤਮਗੇ ਜਿੱਤ ਕੇ ਕਾਲਜ ਦੀਆਂ ਪ੍ਰਾਪਤੀਆਂ ਵਿੱਚ ਵਾਧਾ ਕੀਤਾ ਹੈ। ਇਸ ਮੌਕੇ ਸਰੀਰਕ ਸਿੱਖਿਆ ਵਿਭਾਗ ਦੀ ਮੁਖੀ ਪ੍ਰੋ. ਸਿਮਰਪ੍ਰੀਤ ਕੌਰ, ਪ੍ਰੋ. ਜਗਤਾਰ ਸਿੰਘ, ਪ੍ਰੋ. ਰਸ਼ਮੀ ਪ੍ਰਭਾਕਰ, ਪ੍ਰੋ. ਇੰਦਰਜੀਤ ਕੌਰ, ਪ੍ਰੋ. ਅਮ੍ਰਿਤਪਾਲ ਸਿੰਘ, ਪ੍ਰੋ. ਅਮਰੀਸ਼ ਠਾਕੁਰ, ਪ੍ਰੋ. ਮੋਨਿਕਾ ਗੋਇਲ, ਪ੍ਰਦੀਪ ਰਤਨ ਅਤੇ ਸੰਤ ਸਿੰਘ ਵੀ ਮੌਜੂਦ ਸਨ।

# ਅਧਿਕਾਰੀ ਨਸ਼ਾ ਪ੍ਰਭਾਵਿਤ ਹਾਟਸਪਾਟ ਖੇਤਰਾਂ ਵਿੱਚ 60 ਦਿਨਾਂ ਦੇ ਅੰਦਰ ਠੋਸ ਸੁਧਾਰ ਲਿਆਉਣ ਲਈ ਵਿਸ਼ੇਸ਼ ਕਾਰਜ ਯੋਜਨਾ ਤਿਆਰ ਕਰਨ: ਡਿਪਟੀ ਕਮਿਸ਼ਨਰ ਆਸ਼ਿਕਾ ਜੈਨ

**ਪੈ.ਗਾਮ-ਏ-ਜਗਤ**
**ਹੁਸ਼ਿਆਰਪੁਰ (ਦਲਜੀਤ ਅਜਨੋਹਾ)**

- **ਹਰੇਕ ਹਾਟਸਪਾਟ ਦੀਆਂ ਸਮੱਸਿਆਵਾਂ ਅਤੇ ਚੁਣੌਤੀਆਂ ਦੇ ਆਧਾਰ 'ਤੇ ਤਿਆਰ ਕੀਤੇ ਜਾਣਗੇ ਵਿਸ਼ੇਸ਼ ਮਾਈਕ੍ਰੋਪਲਾਨ**




ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਅਤੇ ਐਸਐਸਪੀ ਸੰਦੀਪ ਕੁਮਾਰ ਮਲਿਕ ਨੇ ਜ਼ਿਲ੍ਹੇ ਵਿੱਚ ਚਿੰਨ੍ਹਤ ਨਸ਼ਾ ਪ੍ਰਭਾਵਿਤ ਹਾਟਸਪਾਟ ਖੇਤਰਾਂ ਵਿੱਚ ਸੁਧਾਰ ਲਿਆਉਣ ਅਤੇ ਨਸ਼ੇ ਦੀ ਸਮੱਸਿਆ ਨਾਲ ਪ੍ਰਭਾਵੀ ਢੰਗ ਨਾਲ ਨਜਿੱਠਣ ਲਈ ਸਬੰਧਤ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਕੀਤੀ। ਮੀਟਿੰਗ ਦੌਰਾਨ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਕਿ ਹਰੇਕ ਹਾਟਸਪਾਟ ਦੀ ਅਸਲ ਸਥਿਤੀ, ਸਥਾਨਕ ਸਮੱਸਿਆਵਾਂ ਅਤੇ ਚੁਣੌਤੀਆਂ ਦਾ ਵਿਸਤ੍ਰਿਤ ਮੁਲਾਂਕਣ ਕਰਦਿਆਂ ਆਉਣ ਵਾਲੇ 60 ਦਿਨਾਂ ਲਈ ਠੋਸ, ਵਿਹਾਰਕ ਅਤੇ ਨਤੀਜਾ-ਮੁਖੀ ਕਾਰਜ ਯੋਜਨਾ ਤਿਆਰ ਕੀਤੀ ਜਾਵੇ।

ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ ਨਸ਼ਾ ਪ੍ਰਭਾਵਿਤ ਖੇਤਰਾਂ ਵਿੱਚ ਸੁਧਾਰ ਲਈ ਸਿਰਫ਼ ਬੁਨਿਆਦੀ ਸਹੂਲਤਾਂ ਉਪਲਬਧ ਕਰਵਾਉਣਾ ਕਾਫ਼ੀ ਨਹੀਂ ਹੈ, ਸਗੋਂ ਹਰੇਕ ਖੇਤਰ ਦੀਆਂ ਵਿਸ਼ੇਸ਼ ਸਥਿਤੀਆਂ ਨੂੰ ਧਿਆਨ ਵਿੱਚ ਰੱਖਦਿਆਂ ਵਾਧੂ ਅਤੇ ਨਵੀਨ ਪਹਿਲ ਕਰਨਾ ਵੀ ਜ਼ਰੂਰੀ ਹੈ। ਉਨ੍ਹਾਂ ਨੇ ਸਬੰਧਤ ਨੋਡਲ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸੀਸੀਟੀਵੀ ਕੈਮਰੇ ਲਗਾਉਣ, ਸਟ੍ਰੀਟ ਲਾਈਟਾਂ ਦੀ ਵਿਵਸਥਾ ਅਤੇ ਖੇਤਰ ਦੇ ਸੁੰਦਰੀਕਰਨ ਵਰਗੇ ਜ਼ਰੂਰੀ ਕੰਮਾਂ ਦੇ ਨਾਲ-ਨਾਲ ਨਸ਼ੇ ਦੀ ਸਮੱਸਿਆ ਦੇ ਹੱਲ ਲਈ ਪ੍ਰਭਾਵੀ ਅਤੇ ਵਿਹਾਰਕ ਕਦਮ ਵੀ ਮਾਈਕ੍ਰੋਪਲਾਨ ਵਿੱਚ ਸ਼ਾਮਲ ਕੀਤੇ ਜਾਣ।

ਉਨ੍ਹਾਂ ਕਿਹਾ ਕਿ ਹਰੇਕ ਹਾਟਸਪਾਟ ਲਈ ਤਿਆਰ ਕੀਤੀ ਜਾਣ ਵਾਲੀ ਕਾਰਜ ਯੋਜਨਾ ਵਿੱਚ ਅਗਲੇ 60 ਦਿਨਾਂ ਦੌਰਾਨ ਕੀਤੇ ਜਾਣ ਵਾਲੇ ਕੰਮਾਂ, ਪ੍ਰਸਤਾਵਿਤ ਦਖਲਅੰਦਾਜ਼ੀਆਂ ਅਤੇ ਉਮੀਦ ਕੀਤੇ ਨਤੀਜਿਆਂ ਦਾ ਸਪੱਸ਼ਟ ਜ਼ਿਕਰ ਹੋਣਾ ਚਾਹੀਦਾ ਹੈ।

ਐਸਐਸਪੀ ਸੰਦੀਪ ਕੁਮਾਰ ਮਲਿਕ ਨੇ ਕਿਹਾ ਕਿ ਨਸ਼ੇ ਦੀ ਸਮੱਸਿਆ 'ਤੇ ਪ੍ਰਭਾਵੀ ਰੋਕ ਲਗਾਉਣ ਲਈ ਹਰੇਕ ਹਾਟਸਪਾਟ ਦੀ ਸੰਵੇਦਨਸ਼ੀਲਤਾ ਅਤੇ ਸਥਾਨਕ ਸਥਿਤੀਆਂ ਦੇ ਅਨੁਸਾਰ ਰਣਨੀਤੀ ਤਿਆਰ ਕਰਨਾ ਜ਼ਰੂਰੀ ਹੈ। ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਨਸ਼ੇ ਨਾਲ ਜੁੜੀਆਂ ਗਤੀਵਿਧੀਆਂ ਦੀ ਰੋਕਥਾਮ, ਸੰਵੇਦਨਸ਼ੀਲ ਥਾਵਾਂ ਦੀ ਨਿਗਰਾਨੀ ਅਤੇ ਜ਼ਰੂਰੀ ਕਾਰਵਾਈ ਲਈ ਸਪੱਸ਼ਟ ਅਤੇ ਵਿਹਾਰਕ ਉਪਾਅ ਪ੍ਰਸਤਾਵਿਤ ਕੀਤੇ ਜਾਣ। ਉਨ੍ਹਾਂ ਕਿਹਾ ਕਿ ਨਸ਼ੇ ਵਿਰੁੱਧ ਯਤਨਾਂ ਨੂੰ ਪ੍ਰਭਾਵੀ ਬਣਾਉਣ ਲਈ ਸਬੰਧਤ ਵਿਭਾਗਾਂ ਵਿਚਕਾਰ ਬਿਹਤਰ ਤਾਲਮੇਲ ਅਤੇ ਜ਼ਮੀਨੀ ਪੱਧਰ 'ਤੇ ਠੋਸ ਕਾਰਵਾਈ ਯਕੀਨੀ ਬਣਾਈ ਜਾਣੀ ਚਾਹੀਦੀ ਹੈ। ਡਿਪਟੀ ਕਮਿਸ਼ਨਰ ਅਤੇ ਐਸਐਸਪੀ ਨੇ ਜ਼ੋਰ ਦੇ ਕੇ ਕਿਹਾ ਕਿ ਨਸ਼ੇ ਦੀ ਸਮੱਸਿਆ ਨਾਲ ਨਜਿੱਠਣ ਲਈ ਸਹੀ ਜਾਣਕਾਰੀ, ਖੇਤਰਵਾਰ ਕਾਰਜ ਯੋਜਨਾ, ਵਿਭਾਗੀ ਤਾਲਮੇਲ ਅਤੇ ਸਮਾਂਬੱਧ ਕਾਰਵਾਈ ਬਹੁਤ ਮਹੱਤਵਪੂਰਨ ਹਨ। ਸਾਰੇ ਸਬੰਧਤ ਅਧਿਕਾਰੀਆਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਨੂੰ ਗੰਭੀਰਤਾ ਨਾਲ ਨਿਭਾਉਣ ਅਤੇ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਕਾਰਜ ਯੋਜਨਾਵਾਂ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਗਏ, ਤਾਂ ਜੋ ਚਿੰਨ੍ਹਤ ਨਸ਼ਾ ਪ੍ਰਭਾਵਿਤ ਖੇਤਰਾਂ ਵਿੱਚ ਪ੍ਰਭਾਵੀ ਸੁਧਾਰ ਲਿਆਉਣ ਲਈ ਯੋਜਨਾਬੱਧ ਢੰਗ ਨਾਲ ਕੰਮ ਕੀਤਾ ਜਾ ਸਕੇ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਰਾਕੇਸ਼ ਕੁਮਾਰ ਮੀਣਾ, ਓ.ਐਸ.ਡੀ (ਸ਼ਹਿਰੀ ਮਾਮਲੇ) ਓਇਸ਼ੀ ਮੰਡਲ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

# ਪਰਾਲੀ ਪ੍ਰਬੰਧਨ ਦੇ ਕਿਸੇ ਵੀ ਵਿਕਲਪ ਨੂੰ ਅਪਣਾਉਣ ਵਾਲੇ ਕਿਸਾਨਾਂ ਨੂੰ ਮਿਲੇਗਾ 1200 ਰੁਪਏ ਪ੍ਰਤੀ ਏਕੜ ਉਤਸ਼ਾਹ ਰਾਸ਼ੀ : ਐਸਡੀਐਮ ਰਾਜੇਸ਼ ਖੋਥ

**ਪੈ.ਗਾਮ-ਏ-ਜਗਤ**
**ਹਾਂਸੀ (ਦਿਨਕਰ ਗਾਵੜੀ)**

- **ਖੇਤ ਵਿੱਚ ਪਰਾਲੀ ਸਾੜਨ ਦੀ ਘਟਨਾ ਨਹੀਂ ਹੋਣੀ ਚਾਹੀਦੀ, ਪ੍ਰਸ਼ਾਸਨ ਦੀ ਟੀਮ ਹਰੇਕ ਮੁਰੱਬੇ ਦੀ ਕਰੇਗੀ ਤਸਦੀਕ**

ਝੋਨੇ ਦੀ ਪਰਾਲੀ ਸਾੜਨ ਦੀਆਂ ਘਟਨਾਵਾਂ 'ਤੇ ਪੂਰਨ ਰੋਕ ਲਗਾਉਣ ਅਤੇ ਕਿਸਾਨਾਂ ਨੂੰ ਫਸਲ ਦੀ ਰਹਿੰਦ-ਖੂੰਹਦ ਦੇ ਢੁਕਵੇਂ ਪ੍ਰਬੰਧਨ ਲਈ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਦੇ ਵਿਕਲਪਕ ਉਪਾਅ ਅਪਣਾਉਣ ਦੀ ਅਪੀਲ ਕੀਤੀ ਗਈ ਹੈ। ਐਸਡੀਐਮ ਰਾਜੇਸ਼ ਖੋਥ ਨੇ ਦੱਸਿਆ ਕਿ ਜਿਹੜੇ ਕਿਸਾਨ ਝੋਨੇ ਦੀ ਪਰਾਲੀ ਦਾ ਪ੍ਰਬੰਧਨ ਹੱਥੀਂ ਕਟਾਈ ਕਰਵਾ ਕੇ, ਬੇਲਰ ਨਾਲ ਗੱਠਾਂ ਬਣਵਾ ਕੇ, ਸੁਪਰ ਸੀਡਰ ਨਾਲ ਬਿਜਾਈ ਕਰਕੇ, ਪਰਾਲੀ ਅਤੇ ਫੂਸ ਨੂੰ ਖੇਤ ਵਿੱਚੋਂ ਬਾਹਰ ਕੱਢ ਕੇ ਜਾਂ ਪਰਾਲੀ ਤੋਂ ਪਸ਼ੂਆਂ ਲਈ ਪੱਠੇ ਤਿਆਰ ਕਰਵਾ ਕੇ ਕਰਨਗੇ, ਉਨ੍ਹਾਂ ਨੂੰ ਨਿਰਧਾਰਤ ਸ਼ਰਤਾਂ ਅਨੁਸਾਰ 1200 ਰੁਪਏ ਪ੍ਰਤੀ ਏਕੜ ਦੀ ਦਰ ਨਾਲ ਉਤਸ਼ਾਹ ਰਾਸ਼ੀ ਦਿੱਤੀ ਜਾਵੇਗੀ। ਐਸਡੀਐਮ ਰਾਜੇਸ਼ ਖੋਥ ਨੇ ਕਿਹਾ ਕਿ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਲਈ ਕਿਸੇ ਇੱਕ ਵਿਸ਼ੇਸ਼ ਤਰੀਕੇ ਨੂੰ ਅਪਣਾਉਣ ਲਈ ਮਜਬੂਰ ਨਹੀਂ ਕੀਤਾ ਜਾ ਰਿਹਾ ਹੈ। ਕਿਸਾਨ ਆਪਣੀ ਸਹੂਲਤ ਅਤੇ ਖੇਤ ਦੀਆਂ ਸਥਿਤੀਆਂ ਅਨੁਸਾਰ ਪਰਾਲੀ ਪ੍ਰਬੰਧਨ ਦਾ ਢੁਕਵਾਂ ਵਿਕਲਪ ਚੁਣ ਸਕਦੇ ਹਨ। ਮੁੱਖ ਸ਼ਰਤ ਇਹ ਹੈ ਕਿ ਸਬੰਧਤ ਖੇਤ ਵਿੱਚ ਪਰਾਲੀ ਨਹੀਂ ਸਾੜੀ ਗਈ ਹੋਣੀ ਚਾਹੀਦੀ। ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਦੇ ਨਾਲ-ਨਾਲ ਫਸਲ ਦੀ ਰਹਿੰਦ-ਖੂੰਹਦ ਦੀ ਢੁਕਵੀਂ ਵਰਤੋਂ ਨੂੰ ਯਕੀਨੀ ਬਣਾਉਣਾ ਪ੍ਰਸ਼ਾਸਨ ਦੀ ਤਰਜੀਹ ਹੈ।

ਉਨ੍ਹਾਂ ਦੱਸਿਆ ਕਿ ਉਤਸ਼ਾਹ ਰਾਸ਼ੀ ਦੀ ਯੋਗਤਾ ਨੂੰ ਯਕੀਨੀ ਬਣਾਉਣ ਲਈ ਪ੍ਰਸ਼ਾਸਨ ਦੀ ਟੀਮ ਹਰੇਕ ਮੁਰੱਬੇ ਦੀ ਤਸਦੀਕ ਕਰੇਗੀ। ਟੀਮ ਵੱਲੋਂ ਖੇਤਾਂ ਦਾ ਨਿਰੀਖਣ ਕਰ ਇਹ ਯਕੀਨੀ ਬਣਾਇਆ ਜਾਵੇਗਾ ਕਿ ਉੱਥੇ ਪਰਾਲੀ ਸਾੜਨ ਦੀ ਘਟਨਾ ਨਾ ਹੋਈ ਹੋਵੇ ਅਤੇ ਫਸਲ ਦੀ ਰਹਿੰਦ-ਖੂੰਹਦ ਦਾ ਢੁਕਵਾਂ ਪ੍ਰਬੰਧਨ ਕੀਤਾ ਗਿਆ ਹੋਵੇ। ਇਸ ਲਈ ਕਿਸਾਨ ਪਰਾਲੀ ਪ੍ਰਬੰਧਨ ਦੌਰਾਨ ਨਿਰਧਾਰਤ ਸ਼ਰਤਾਂ ਦਾ ਵਿਸ਼ੇਸ਼ ਧਿਆਨ ਰੱਖਣ ਅਤੇ ਖੇਤਾਂ ਵਿੱਚ ਕਿਸੇ ਵੀ ਸਥਿਤੀ ਵਿੱਚ ਅੱਗ ਨਾ ਲਗਾਉਣ।

ਐਸਡੀਐਮ ਨੇ ਸਪੱਸ਼ਟ ਕੀਤਾ ਕਿ ਉਤਸ਼ਾਹ ਰਾਸ਼ੀ ਪ੍ਰਾਪਤ ਕਰਨ ਲਈ ਕਿਸਾਨਾਂ ਨੂੰ ਕਿਸੇ ਕਿਸਮ ਦੇ ਕਾਗਜ਼ ਜਾਂ ਬੇਲਰ ਦਾ ਬਿੱਲ ਜਮ?ਹਾਂ ਕਰਵਾਉਣ ਦੀ ਜ਼ਰੂਰਤ ਨਹੀਂ ਹੋਵੇਗੀ। ਪ੍ਰਸ਼ਾਸਨ ਦੀ ਟੀਮ ਵੱਲੋਂ ਖੇਤਾਂ ਦੀ ਭੌਤਿਕ ਤਸਦੀਕ ਕੀਤੀ ਜਾਵੇਗੀ ਅਤੇ ਇਸੇ ਪ੍ਰਕਿਰਿਆ ਰਾਹੀਂ ਪਰਾਲੀ ਪ੍ਰਬੰਧਨ ਦੀ ਸਥਿਤੀ ਦੀ ਜਾਂਚ ਕੀਤੀ ਜਾਵੇਗੀ। ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਪਰਾਲੀ ਪ੍ਰਬੰਧਨ ਲਈ ਅਪਣਾਏ ਗਏ ਵਿਕਲਪ ਸਬੰਧੀ ਸਹੀ ਜਾਣਕਾਰੀ ਉਪਲਬਧ ਕਰਵਾਉਣ ਅਤੇ ਤਸਦੀਕ ਪ੍ਰਕਿਰਿਆ ਵਿੱਚ ਪ੍ਰਸ਼ਾਸਨ ਦਾ ਸਹਿਯੋਗ ਕਰਨ। ਉਨ੍ਹਾਂ ਕਿਹਾ ਕਿ ਝੋਨੇ ਦੀ ਪਰਾਲੀ ਸਾੜਨ ਨਾਲ ਹਵਾ ਪ੍ਰਦੂਸ਼ਣ ਵਧਦਾ ਹੈ, ਮਿੱਟੀ ਦੇ ਲਾਭਕਾਰੀ ਸੂਖਮ ਜੀਵਾਂ ਨੂੰ ਨੁਕਸਾਨ ਪਹੁੰਚਦਾ ਹੈ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ 'ਤੇ ਵੀ ਮਾੜਾ ਪ੍ਰਭਾਵ ਪੈ ਸਕਦਾ ਹੈ। ਇਸ ਤੋਂ ਇਲਾਵਾ ਧੂੰਏਂ ਕਾਰਨ ਲੋਕਾਂ ਨੂੰ ਸਾਹ ਸਬੰਧੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਅਜਿਹੇ ਵਿੱਚ ਪਰਾਲੀ ਨੂੰ ਸਾੜਨ ਦੀ ਬਜਾਏ ਉਸ ਦਾ ਢੁਕਵਾਂ ਪ੍ਰਬੰਧਨ ਕਰਨਾ ਵਾਤਾਵਰਨ ਸੁਰੱਖਿਆ ਦੇ ਨਾਲ-ਨਾਲ ਖੇਤੀ ਜ਼ਮੀਨ ਦੀ ਗੁਣਵੱਤਾ ਨੂੰ ਬਣਾਈ ਰੱਖਣ ਲਈ ਵੀ ਜ਼ਰੂਰੀ ਹੈ।

# ਵਿਸ਼ਵ ਪੰਜਾਬੀ ਪ੍ਰਚਾਰ ਸਭਾ ਚੰਡੀਗੜ੍ਹ ਵੱਲੋਂ ਡਾ. ਲੁਬਾਣਾ ਦੀ ਧਾਰਮਿਕ ਐਲਬਮ 'ਸਤਿਨਾਮੁ ਵਾਹਿਗੁਰੂ' ਦੇ ਪੋਸਟਰ ਦਾ ਲੋਕ ਅਰਪਣ

**ਚੰਡੀਗੜ੍ਹ, 14 ਅਕਤੂਬਰ (ਪੈ.ਗਾਮ-ਏ-ਜਗਤ)**



ਵਿਸ਼ਵ ਪੰਜਾਬੀ ਪ੍ਰਚਾਰ ਸਭਾ ਚੰਡੀਗੜ੍ਹ ਵੱਲੋਂ ਪ੍ਰਸਿੱਧ ਗੀਤਕਾਰ ਡਾ. ਰਵਿੰਦਰ ਸਿੰਘ ਲੁਬਾਣਾ ਦੀ ਧਾਰਮਿਕ ਮਿਊਜ਼ਿਕਲ ਐਲਬਮ 'ਸਤਿਨਾਮੁ ਵਾਹਿਗੁਰੂ' ਦਾ ਪੋਸਟਰ ਰਿਲੀਜ਼ ਕਰਨ ਲਈ ਵਿਸ਼ਵ ਪੰਜਾਬੀ ਪ੍ਰਚਾਰ ਸਭਾ ਚੰਡੀਗੜ੍ਹ ਦੇ ਸੈਕਟਰ-41, ਚੰਡੀਗੜ੍ਹ ਵਿਖੇ ਇੱਕ ਸਮਾਗਮ ਕਰਵਾਇਆ ਗਿਆ, ਜਿਸ ਦੀ ਪ੍ਰਧਾਨਗੀ ਸੰਸਥਾ ਦੇ ਪ੍ਰਧਾਨ ਪ੍ਰਿੰ. ਬਹਾਦਰ ਸਿੰਘ ਗੋਸਲ ਨੇ ਕੀਤੀ। ਉਨ੍ਹਾਂ ਤੋਂ ਇਲਾਵਾ ਇਸ ਮੌਕੇ ਸੰਸਥਾ ਦੇ ਜਨਰਲ ਸਕੱਤਰ ਅਵਤਾਰ ਸਿੰਘ ਮਹਿਤਪੁਰੀ, ਸੀਨੀਅਰ ਮੀਤ ਪ੍ਰਧਾਨ ਜਗਤਾਰ ਸਿੰਘ ਜੋਗ, ਡਾ. ਰਵਿੰਦਰ ਸਿੰਘ ਲੁਬਾਣਾ, ਬਲਜੀਤ ਸਿੰਘ ਖਾਲਸਾ, ਬਲਵਿੰਦਰ ਸਿੰਘ, ਪਿੰਟੂ ਅਤੇ ਗਜਿੰਦਰ ਤਿਵਾੜੀ ਵੀ ਹਾਜ਼ਰ ਸਨ। ਸੰਸਥਾ ਦੇ ਅਹੁਦੇਦਾਰਾਂ ਨੇ ਮਿਲ ਕੇ ਇਸ ਧਾਰਮਿਕ ਐਲਬਮ ਦੇ ਪੋਸਟਰ ਦਾ ਲੋਕ ਅਰਪਣ ਕੀਤਾ ਅਤੇ ਡਾ. ਰਵਿੰਦਰ ਸਿੰਘ ਲੁਬਾਣਾ ਨੂੰ ਮੁਬਾਰਕਾਂ ਦਿੱਤੀਆਂ।

ਇਸ ਮੌਕੇ ਸਭਾ ਦੇ ਪ੍ਰਧਾਨ ਪ੍ਰਿੰ. ਬਹਾਦਰ ਸਿੰਘ ਗੋਸਲ ਨੇ ਸਾਰਿਆਂ ਨੂੰ ਇਸ ਜਾਪ ਰੂਪੀ ਐਲਬਮ ਨੂੰ ਰੋਜ਼ਾਨਾ ਜੀਵਨ ਦਾ ਅੰਗ ਬਣਾਉਣ ਲਈ ਕਿਹਾ ਅਤੇ ਰਵਿੰਦਰ ਲੁਬਾਣਾ ਦੀ ਦਿਲੋਂ ਸਹਾਇਤਾ ਕਰਨ ਦੀ ਬੇਨਤੀ ਵੀ ਕੀਤੀ, ਤਾਂ ਜੋ ਉਹ ਅੱਗੇ ਵੀ ਸੰਗੀਤ ਜਗਤ ਦੀ ਸੇਵਾ ਕਰਦੇ ਰਹਿਣ।

ਇਹ ਉਨ੍ਹਾਂ ਦੀ 10ਵੀਂ ਐਲਬਮ ਹੈ ਅਤੇ ਉਹ ਤਨੋਂ-ਮਨੋਂ ਵਿਸ਼ਵ ਪੰਜਾਬੀ ਪ੍ਰਚਾਰ ਸਭਾ ਚੰਡੀਗੜ੍ਹ ਦੀ ਸੰਸਥਾ ਨਾਲ ਜੁੜੇ ਹੋਏ ਹਨ। ਪ੍ਰਿੰ. ਬਹਾਦਰ ਸਿੰਘ ਗੋਸਲ ਅਤੇ ਅਵਤਾਰ ਸਿੰਘ ਮਹਿਤਪੁਰੀ ਨੇ ਕਿਹਾ ਕਿ ਇੱਕ ਬੁੱਧੀਜੀਵੀ ਵਜੋਂ ਪੰਜਾਬੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਕੰਮ ਕਰਨ ਵਾਸਤੇ ਉਨ੍ਹਾਂ ਨੇ ਡਾ. ਲੁਬਾਣਾ ਨੂੰ ਹੋਰ ਵੀ ਚੰਗੇਰਾ ਕੰਮ ਕਰਨ ਦੀ ਅਪੀਲ ਕੀਤੀ।

ਇਸ ਸਮਾਗਮ ਦੌਰਾਨ ਧਾਰਮਿਕ ਐਲਬਮ ਦਾ ਪੋਸਟਰ ਰਿਲੀਜ਼ ਕਰਨ ਮੌਕੇ ਇਸ ਐਲਬਮ ਦੇ ਰਚਨਹਾਰ ਡਾ. ਰਵਿੰਦਰ ਸਿੰਘ ਲੁਬਾਣਾ ਨੂੰ ਸੰਸਥਾ ਵੱਲੋਂ ਇੱਕ ਸ਼ਾਲ, ਮੋਮੈਂਟੋ ਅਤੇ ਕਿਤਾਬਾਂ ਦਾ ਸੈੱਟ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਜਗਤਾਰ ਸਿੰਘ ਜੋਗ ਵੱਲੋਂ ਆਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ ਅਤੇ ਸਮਾਗਮ ਦੇ ਅੰਤ ਵਿੱਚ ਮਠਿਆਈ ਵੰਡੀ ਗਈ।

# ਭਾਜਪਾ ਨੇ ਮੁ.ਫਤ ਸਿਹਤ ਜਾਂਚ ਕੈਂਪ ਲਾਇਆ

**ਪੈ.ਗਾਮ-ਏ-ਜਗਤ**
**ਅੰਬਾਲਾ, 14 ਅਕਤੂਬਰ (ਆਰ.ਸਿੰਘ)**



ਸੇਵਾ ਸੰਕਲਪ ਅਭਿਆਨ ਦੇ ਹਿੱਸੇ ਵਜੋਂ ਭਾਰਤੀ ਜਨਤਾ ਪਾਰਟੀ ਨੇ ਬੁੱਧਵਾਰ ਨੂੰ ਅੰਬਾਲਾ ਛਾਉਣੀ ਦੇ 12 ਕਰਾਸ ਰੋਡ 'ਤੇ ਸਥਿਤ ਜਾਟਵ ਧਰਮਸ਼ਾਲਾ ਵਿਖੇ ਇੱਕ ਮੁਫ਼ਤ ਸਿਹਤ ਜਾਂਚ ਕੈਂਪ ਦਾ ਆਯੋਜਨ ਕੀਤਾ। ਹਰਿਆਣਾ ਦੇ ਟਰਾਂਸਪੋਰਟ, ਊਰਜਾ ਅਤੇ ਕਿਰਤ ਮੰਤਰੀ ਅਨਿਲ ਵਿਜ ਮੁੱਖ ਮਹਿਮਾਨ ਵਜੋਂ ਕੈਂਪ ਵਿੱਚ ਸ਼ਾਮਲ ਹੋਏ। ਉਨ੍ਹਾਂ ਦੇ ਪਹੁੰਚਣ 'ਤੇ, ਭਾਜਪਾ ਅਹੁਦੇਦਾਰਾਂ, ਵਰਕਰਾਂ ਡਾ. ਪੂਜਾ ਪੰਟਲ ਨੇ ਉਨ੍ਹਾਂ ਦਾ ਸਵਾਗਤ ਕੀਤਾ। ਕੈਬਨਿਟ ਮੰਤਰੀ ਅਨਿਲ ਵਿਜ ਨੇ ਲਾਏ ਗਏ ਮੈਡੀਕਲ ਸਟਾਲਾਂ ਦਾ ਨਿਰੀਖਣ ਕੀਤਾ ਅਤੇ ਮੌਜੂਦ ਡਾਕਟਰਾਂ ਤੋਂ ਜਨਤਾ ਨੂੰ ਦਿੱਤੀਆਂ ਜਾ ਰਹੀਆਂ ਡਾਕਟਰੀ ਸਹੂਲਤਾਂ ਬਾਰੇ ਪੁੱਛਗਿੱਛ ਕੀਤੀ। ਭਾਜਪਾ ਅਹੁਦੇਦਾਰਾਂ ਮੰਤਰੀ ਵਿਜ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਵੀ ਕੀਤਾ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਊਰਜਾ ਮੰਤਰੀ ਅਨਿਲ ਵਿਜ ਨੇ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਜਨਮ ਵਰ੍ਹੇਗੰਢ ਮਨਾਉਣ ਲਈ ਮਹੀਨਾ ਭਰ ਜਨਤਕ ਸੇਵਾ ਪ੍ਰੋਗਰਾਮ ਚਲਾਏ ਜਾ ਰਹੇ ਹਨ। ਇਨ੍ਹਾਂ ਪ੍ਰੋਗਰਾਮਾਂ ਵਿੱਚ ਮੈਡੀਕਲ ਕੈਂਪ, ਖ਼ੂਨਦਾਨ ਕੈਂਪ ਅਤੇ ਹੋਰ ਗਤੀਵਿਧੀਆਂ ਦਾ ਆਯੋਜਨ ਸ਼ਾਮਲ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਪ੍ਰੋਗਰਾਮ ਰਾਹੀਂ, ਵਰਕਰ ਹਰ ਆਂਗਣਵਾੜੀ ਅਤੇ ਹਰ ਸਕੂਲ ਤੱਕ ਪਹੁੰਚ ਰਹੇ ਹਨ, ਲੋਕਾਂ ਨੂੰ ਇਨ੍ਹਾਂ ਪ੍ਰੋਗਰਾਮਾਂ ਬਾਰੇ ਜਾਣਕਾਰੀ ਦੇ ਰਹੇ ਹਨ ਅਤੇ ਉਨ੍ਹਾਂ ਨੂੰ ਸਰਕਾਰ ਦੀਆਂ ਸਹੂਲਤਾਂ ਤੱਕ ਪਹੁੰਚ ਕਰਨ ਵਿੱਚ ਮਦਦ ਕਰ ਰਹੇ ਹਨ।

ਉਨ੍ਹਾਂ ਦੱਸਿਆ ਕਿ ਭਾਜਪਾ ਦੇ ਤਿੰਨ ਮੰਡਲਾਂ ਵਿੱਚ ਮੈਡੀਕਲ ਕੈਂਪ ਲਾਏ ਜਾ ਚੁੱਕੇ ਹਨ ਅਤੇ 17 ਅਕਤੂਬਰ ਨੂੰ ਰੰਗੀਆ ਮੰਡੀ ਵਿੱਚ ਇੱਕ ਮੈਡੀਕਲ ਕੈਂਪ ਲਗਾਇਆ ਜਾਵੇਗਾ। ਲੋਕ ਵੱਡੀ ਗਿਣਤੀ ਵਿੱਚ ਇਨ੍ਹਾਂ ਕੈਂਪਾਂ ਵਿੱਚ ਸ਼ਾਮਲ ਹੋ ਰਹੇ ਹਨ ਅਤੇ ਇਨ੍ਹਾਂ ਪਹਿਲਕਦਮੀਆਂ ਤੋਂ ਲਾਭ ਉਠਾ ਰਹੇ ਹਨ। ਚਾਰ ਮੰਡਲਾਂ ਅਧੀਨ ਲਾਏ ਗਏ ਖ਼ੂਨਦਾਨ ਕੈਂਪਾਂ ਵਿੱਚ ਲਗਭਗ 450 ਯੂਨਿਟ ਖ਼ੂਨ ਇਕੱਠਾ ਕੀਤਾ ਗਿਆ ਹੈ। ਵੱਡੀ ਗਿਣਤੀ ਵਿੱਚ ਲੋਕ ਇੱਥੇ ਆ ਰਹੇ ਹਨ, ਅਤੇ ਉਨ੍ਹਾਂ ਨੂੰ ਦਵਾਈਆਂ ਵੀ ਦਿੱਤੀਆਂ ਜਾ ਰਹੀਆਂ ਹਨ। ਐਕਸ-ਰੇ, ਈਸੀਜੀ ਅਤੇ ਖ਼ੂਨ ਦੀ ਜਾਂਚ ਦੇ ਨਾਲ-ਨਾਲ ਇੱਥੇ ਇੱਕ ਆਯੁਸ਼ਮਾਨ ਯੂਨਿਟ ਵੀ ਕੰਮ ਕਰ ਰਹੀ ਹੈ ਜੋ ਲੋਕਾਂ ਲਈ ਆਯੁਸ਼ਮਾਨ ਅਤੇ ਚਿਰਾਯੂ ਕਾਰਡ ਬਣਾਉਂਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਇਨ੍ਹਾਂ ਮੈਡੀਕਲ ਕੈਂਪਾਂ ਵਿੱਚ ਕੋਈ ਗੰਭੀਰ ਕੇਸ ਆਉਂਦਾ ਹੈ ਤਾਂ ਉਸ ਦੀ ਜਾਂਚ ਕੀਤੀ ਜਾਂਦੀ ਹੈ ਅਤੇ ਲੋਕਾਂ ਨੂੰ ਸਿਹਤਮੰਦ ਰੱਖਣ ਦੇ ਉਦੇਸ਼ ਨਾਲ ਰੈਫਰ ਕੀਤਾ ਜਾਂਦਾ ਹੈ। ਇਕ ਸਵਾਲ ਦੇ ਜਵਾਬ ਵਿਚ ਮੰਤਰੀ ਨੇ ਕਿਹਾ ਕਿ ਰਾਹੁਲ ਗਾਂਧੀ ਨੂੰ ਆਪਣੀ ਕੁੰਡਲੀ ਦਿਖਾਉਣੀ ਚਾਹੀਦੀ ਹੈ।

ਉਹ ਇੰਨੇ ਮਹਾਨ ਵਿਅਕਤੀ ਹਨ ਕਿ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਣ ਤੋਂ ਬਾਅਦ 99 ਚੋਣਾਂ ਹਾਰ ਚੁੱਕੇ ਹਨ ਅਤੇ ਇਸ ਲਈ ਕਈ ਸੂਬਾਈ ਚੋਣਾਂ ਕਾਂਗਰਸੀਆਂ ਦੀ ਪਾਈਪ ਲਾਈਨ ਵਿੱਚ ਹਨ। ਰਾਹੁਲ ਜਿਸ ਵੀ ਅਗਵਾਈ ਕਰੇਗਾ ਉਹ ਹਾਰ ਜਾਵੇਗਾ।

# ਪੰਜਾਬ ਵਿੱਚ ਕਾਨੂੰਨ ਵਿਵਸਥਾ 'ਤੇ ਉੱਠੇ ਗੰਭੀਰ ਸਵਾਲ, ਨਸ਼ਿਆਂ ਦੇ ਕਾਰੋਬਾਰ ਅਤੇ ਗੈਂਗਸਟਰਵਾਦ 'ਤੇ ਸਰਕਾਰ ਨੂੰ ਘੇਰਿਆ

**ਪੈ.ਗਾਮ-ਏ-ਜਗਤ**
**ਹੁਸ਼ਿਆਰਪੁਰ (ਦਲਜੀਤ ਅਜਨੋਹਾ)**

- **ਪਰਵਿੰਦਰ ਸਿੰਘ ਛੋਟਾ ਦੇ ਕਤਲ ਨੇ ਸੂਬੇ ਦੀ ਸੁਰੱਖਿਆ ਵਿਵਸਥਾ 'ਤੇ ਮੁੜ ਛੇੜੀ ਚਰਚਾ; ਭਾਜਪਾ ਦੇ ਸੀਨੀਅਰ ਆਗੂ ਸੁਸ਼ੀਲ ਕੁਮਾਰ ਪਿੰਕੀ ਨੇ ਲਾਏ ਗੰਭੀਰ ਦੋਸ਼**




ਪੰਜਾਬ ਵਿੱਚ ਕਾਨੂੰਨ ਵਿਵਸਥਾ, ਨਸ਼ਿਆਂ ਦੇ ਕਾਰੋਬਾਰ ਅਤੇ ਗੈਂਗਸਟਰਵਾਦ ਨੂੰ ਲੈ ਕੇ ਸਿਆਸੀ ਮਾਹੌਲ ਇੱਕ ਵਾਰ ਫਿਰ ਗਰਮਾ ਗਿਆ ਹੈ। ਪਰਵਿੰਦਰ ਸਿੰਘ ਛੋਟਾ ਦੇ ਕਤਲ ਦੀ ਘਟਨਾ ਨੇ ਸੂਬੇ ਵਿੱਚ ਲੋਕਾਂ ਦੀ ਸੁਰੱਖਿਆ ਅਤੇ ਅਮਨ-ਕਾਨੂੰਨ ਦੀ ਸਥਿਤੀ ਨੂੰ ਲੈ ਕੇ ਨਵੇਂ ਸਵਾਲ ਖੜ੍ਹੇ ਕਰ ਦਿੱਤੇ ਹਨ। ਇਸ ਮਾਮਲੇ ਨੂੰ ਲੈ ਕੇ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਸੁਸ਼ੀਲ ਕੁਮਾਰ ਪਿੰਕੀ ਨੇ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਉਠਾਉਂਦਿਆਂ ਦੋਸ਼ ਲਾਇਆ ਹੈ ਕਿ ਸੂਬੇ ਵਿੱਚ ਕਾਨੂੰਨ ਵਿਵਸਥਾ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ।

ਸੁਸ਼ੀਲ ਕੁਮਾਰ ਪਿੰਕੀ ਨੇ ਦਾਅਵਾ ਕੀਤਾ ਕਿ ਪੰਜਾਬ ਵਿੱਚ ਨਸ਼ਿਆਂ ਦਾ ਕਾਰੋਬਾਰ ਖੁੱਲ੍ਹੇਆਮ ਚੱਲ ਰਿਹਾ ਹੈ ਅਤੇ ਅਪਰਾਧਿਕ ਅਨਸਰਾਂ ਦੇ ਹੌਸਲੇ ਵਧ ਰਹੇ ਹਨ। ਉਨ੍ਹਾਂ ਕਿਹਾ ਕਿ ਪਰਵਿੰਦਰ ਸਿੰਘ ਛੋਟਾ ਦੇ ਕਤਲ ਵਰਗੀਆਂ ਘਟਨਾਵਾਂ ਲੋਕਾਂ ਦੇ ਮਨਾਂ ਵਿੱਚ ਸੁਰੱਖਿਆ ਨੂੰ ਲੈ ਕੇ ਚਿੰਤਾ ਪੈਦਾ ਕਰਦੀਆਂ ਹਨ। ਉਨ੍ਹਾਂ ਅਨੁਸਾਰ, ਅਜਿਹੀਆਂ ਘਟਨਾਵਾਂ ਸੂਬੇ ਦੀ ਕਾਨੂੰਨ ਵਿਵਸਥਾ ਬਾਰੇ ਸਰਕਾਰ ਦੀ ਜਵਾਬਦੇਹੀ ਨੂੰ ਹੋਰ ਮਹੱਤਵਪੂਰਨ ਬਣਾਉਂਦੀਆਂ ਹਨ।

ਭਾਜਪਾ ਆਗੂ ਨੇ ਦੋਸ਼ ਲਾਇਆ ਕਿ ਪੰਜਾਬ ਵਿੱਚ ਇਸ ਸਮੇਂ ਪੁਲਿਸ ਰਾਜ ਵਰਗੀ ਵਿਵਸਥਾ ਕਾਇਮ ਕੀਤੀ ਜਾ ਰਹੀ ਹੈ ਅਤੇ ਲੋਕਾਂ ਨੂੰ ਡਰਾ-ਧਮਕਾ ਕੇ ਰੱਖਣ ਦਾ ਮਾਹੌਲ ਬਣ ਰਿਹਾ ਹੈ। ਉਨ੍ਹਾਂ ਕਿਹਾ ਕਿ ਇੱਕ ਪਾਸੇ ਆਮ ਲੋਕ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ, ਜਦਕਿ ਦੂਜੇ ਪਾਸੇ ਗੁੰਡਾ ਅਨਸਰਾਂ ਵੱਲੋਂ ਕਥਿਤ ਤੌਰ 'ਤੇ ਸ਼ਰੇਆਮ ਅਪਰਾਧਿਕ ਗਤੀਵਿਧੀਆਂ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ।

ਉਨ੍ਹਾਂ ਨੇ ਨਸ਼ਿਆਂ ਦੀ ਸਮੱਸਿਆ ਅਤੇ ਗੈਂਗਸਟਰਵਾਦ 'ਤੇ ਕਾਬੂ ਪਾਉਣ ਲਈ ਸਰਕਾਰ ਵੱਲੋਂ ਕੀਤੇ ਜਾ ਰਹੇ ਯਤਨਾਂ 'ਤੇ ਵੀ ਸਵਾਲ ਉਠਾਏ। ਉਨ੍ਹਾਂ ਮੁਤਾਬਕ, ਸੂਬੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਨੂੰ ਮਜ਼ਬੂਤ ਕਰਨ ਲਈ ਸਖ਼ਤ ਅਤੇ ਪ੍ਰਭਾਵਸ਼ਾਲੀ ਕਦਮ ਚੁੱਕਣ ਦੀ ਲੋੜ ਹੈ, ਤਾਂ ਜੋ ਆਮ ਨਾਗਰਿਕਾਂ ਵਿੱਚ ਸੁਰੱਖਿਆ ਦੀ ਭਾਵਨਾ ਮੁੜ ਮਜ਼ਬੂਤ ਹੋ ਸਕੇ। ਸੁਸ਼ੀਲ ਕੁਮਾਰ ਪਿੰਕੀ ਦੇ ਬਿਆਨ ਨੇ ਪੰਜਾਬ ਵਿੱਚ ਅਪਰਾਧ, ਨਸ਼ਿਆਂ ਅਤੇ ਪੁਲਿਸ ਦੀ ਕਾਰਗੁਜ਼ਾਰੀ ਨੂੰ ਲੈ ਕੇ ਸਿਆਸੀ ਬਹਿਸ ਨੂੰ ਮੁੜ ਤੇਜ਼ ਕਰ ਦਿੱਤਾ ਹੈ। ਪਰਵਿੰਦਰ ਸਿੰਘ ਛੋਟਾ ਦੇ ਕਤਲ ਦੇ ਮਾਮਲੇ ਵਿੱਚ ਜਾਂਚ ਦੀ ਸਥਿਤੀ, ਦੋਸ਼ੀਆਂ ਵਿਰੁੱਧ ਕਾਰਵਾਈ ਅਤੇ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਚੁੱਕੇ ਜਾਣ ਵਾਲੇ ਕਦਮ ਮਹੱਤਵਪੂਰਨ ਹਨ। ਸੂਬੇ ਵਿੱਚ ਅਮਨ-ਕਾਨੂੰਨ ਕਾਇਮ ਰੱਖਣਾ, ਨਸ਼ਿਆਂ ਦੇ ਕਾਰੋਬਾਰ ਨੂੰ ਰੋਕਣਾ ਅਤੇ ਅਪਰਾਧਿਕ ਅਨਸਰਾਂ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਕਰਨਾ ਪ੍ਰਸ਼ਾਸਨ ਦੀ ਅਹਿਮ ਜ਼ਿੰਮੇਵਾਰੀ ਹੈ। ਹੁਣ ਦੇਖਣਾ ਹੋਵੇਗਾ ਕਿ ਸਰਕਾਰ ਇਨ੍ਹਾਂ ਦੋਸ਼ਾਂ ਅਤੇ ਲੋਕਾਂ ਦੀ ਸੁਰੱਖਿਆ ਨਾਲ ਜੁੜੀਆਂ ਚਿੰਤਾਵਾਂ ਦੇ ਸੰਦਰਭ ਵਿੱਚ ਕੀ ਕਦਮ ਚੁੱਕਦੀ ਹੈ।

# ਹਾਂਸੀ ਵਿੱਚ ਜ਼ਿਲ੍ਹਾ ਪੱਧਰੀ ਟੈਲੀਕਾਮ ਸ਼ਿਕਾਇਤ ਨਿਵਾਰਨ ਕਮੇਟੀ ਦਾ ਗਠਨ, ਰਾਹੁਲ ਖੁਰਾਣਾ ਬਣੇ ਐਮੀਨੈਂਟ ਪਬਲਿਕ ਪਰਸਨ ਮੈਂਬਰ

**ਪੈ.ਗਾਮ-ਏ-ਜਗਤ**
**ਹਾਂਸੀ (ਦਿਨਕਰ ਗਾਵੜੀ)**



ਆਮ ਨਾਗਰਿਕਾਂ ਦੀਆਂ ਦੂਰਸੰਚਾਰ ਸੇਵਾਵਾਂ ਨਾਲ ਜੁੜੀਆਂ ਸਮੱਸਿਆਵਾਂ ਦੇ ਹੱਲ ਅਤੇ ਮੋਬਾਈਲ ਟਾਵਰਾਂ ਦੀ ਸਥਾਪਨਾ ਸਬੰਧੀ ਸ਼ਿਕਾਇਤਾਂ ਦੇ ਨਿਵਾਰਨ ਦੇ ਉਦੇਸ਼ ਨਾਲ ਜ਼ਿਲ੍ਹਾ ਹਾਂਸੀ ਵਿੱਚ ਜ਼ਿਲ੍ਹਾ ਪੱਧਰੀ ਟੈਲੀਕਾਮ ਕਮੇਟੀ ਦਾ ਗਠਨ ਕੀਤਾ ਗਿਆ ਹੈ। ਡਿਪਟੀ ਕਮਿਸ਼ਨਰ ਰਾਹੁਲ ਨਰਵਾਲ ਦੀ ਪ੍ਰਧਾਨਗੀ ਹੇਠ ਕੰਮ ਕਰਨ ਵਾਲੀ ਇਸ ਕਮੇਟੀ ਵਿੱਚ ਹਾਂਸੀ ਦੇ ਰਾਹੁਲ ਖੁਰਾਣਾ ਨੂੰ ਐਮੀਨੈਂਟ ਪਬਲਿਕ ਪਰਸਨ (ਪ੍ਰਬੁੱਧ ਨਾਗਰਿਕ) ਮੈਂਬਰ ਵਜੋਂ ਨਾਮਜ਼ਦ ਕੀਤਾ ਗਿਆ ਹੈ।

ਕਮੇਟੀ ਦਾ ਮੁੱਖ ਉਦੇਸ਼ ਮੋਬਾਈਲ ਟਾਵਰਾਂ ਦੀ ਸਥਾਪਨਾ ਵਿੱਚ ਸਰਕਾਰੀ ਨਿਯਮਾਂ ਅਤੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਨੂੰ ਯਕੀਨੀ ਬਣਾਉਣਾ ਅਤੇ ਟੈਲੀਕਾਮ ਕੰਪਨੀਆਂ ਅਤੇ ਆਮ ਜਨਤਾ ਵਿਚਕਾਰ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਦਾ ਹੱਲ ਕਰਵਾਉਣਾ ਹੈ। ਇਸ ਤੋਂ ਇਲਾਵਾ ਮੋਬਾਈਲ ਨੈੱਟਵਰਕ ਦੀ ਕਮਜ਼ੋਰ ਕਵਰੇਜ, ਕਾਲ ਡਰਾਪ, ਕਨੈਕਟੀਵਿਟੀ ਅਤੇ ਦੂਰਸੰਚਾਰ ਸੇਵਾਵਾਂ ਦੀ ਗੁਣਵੱਤਾ ਨਾਲ ਸਬੰਧਤ ਸ਼ਿਕਾਇਤਾਂ 'ਤੇ ਵੀ ਵਿਚਾਰ ਕੀਤਾ ਜਾਵੇਗਾ।

ਕਮੇਟੀ ਸਬੰਧਤ ਵਿਭਾਗਾਂ, ਟੈਲੀਕਾਮ ਸੇਵਾ ਪ੍ਰਦਾਤਾਵਾਂ ਅਤੇ ਅਧਿਕਾਰੀਆਂ ਨਾਲ ਤਾਲਮੇਲ ਸਥਾਪਿਤ ਕਰ ਸ਼ਿਕਾਇਤਾਂ ਦੇ ਹੱਲ ਲਈ ਜ਼ਰੂਰੀ ਕਾਰਵਾਈ ਕਰੇਗੀ। ਮੋਬਾਈਲ ਟਾਵਰਾਂ ਦੀ ਸਥਾਪਨਾ ਨਾਲ ਜੁੜੇ ਮਾਮਲਿਆਂ ਦੀ ਸਮੀਖਿਆ ਕਰਨ ਅਤੇ ਨਿਯਮਾਂ ਦੀ ਉਲੰਘਣਾ ਪਾਏ ਜਾਣ 'ਤੇ ਸਮਰੱਥ ਅਥਾਰਟੀ ਨੂੰ ਕਾਰਵਾਈ ਜਾਂ ਇਜਾਜ਼ਤ ਰੱਦ ਕਰਨ ਦੀ ਸਿਫਾਰਸ਼ ਕਰਨ ਦਾ ਅਧਿਕਾਰ ਵੀ ਕਮੇਟੀ ਨੂੰ ਦਿੱਤਾ ਗਿਆ ਹੈ।

ਰਾਹੁਲ ਖੁਰਾਣਾ ਨੇ ਕਮੇਟੀ ਵਿੱਚ ਮੈਂਬਰ ਵਜੋਂ ਜ਼ਿੰਮੇਵਾਰੀ ਸੌਂਪੇ ਜਾਣ 'ਤੇ ਹਾਂਸੀ ਦੇ ਵਿਧਾਇਕ ਵਿਨੋਦ ਭਿਆਨਾ ਅਤੇ ਡਿਪਟੀ ਕਮਿਸ਼ਨਰ ਰਾਹੁਲ ਨਰਵਾਲ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਉਹ ਇਸ ਜ਼ਿੰਮੇਵਾਰੀ ਦਾ ਨਿਰਵਾਹਨ ਪੂਰੀ ਨਿਸ਼ਠਾ ਅਤੇ ਇਮਾਨਦਾਰੀ ਨਾਲ ਕਰਨਗੇ। ਆਮ ਨਾਗਰਿਕਾਂ ਦੀਆਂ ਸਮੱਸਿਆਵਾਂ ਨੂੰ ਸਬੰਧਤ ਅਧਿਕਾਰੀਆਂ ਤੱਕ ਪਹੁੰਚਾਉਣਾ ਅਤੇ ਉਨ੍ਹਾਂ ਦਾ ਨਿਰਪੱਖ ਹੱਲ ਕਰਵਾਉਣਾ ਉਨ੍ਹਾਂ ਦੀ ਤਰਜੀਹ ਰਹੇਗੀ। ਉਨ੍ਹਾਂ ਕਿਹਾ ਕਿ ਵਰਤਮਾਨ ਸਮੇਂ ਵਿੱਚ ਮੋਬਾਈਲ ਅਤੇ ਇੰਟਰਨੈੱਟ ਸੇਵਾਵਾਂ ਸਿੱਖਿਆ, ਵਪਾਰ, ਸਿਹਤ, ਸਰਕਾਰੀ ਕੰਮਾਂ ਅਤੇ ਸੰਚਾਰ ਦਾ ਮਹੱਤਵਪੂਰਨ ਹਿੱਸਾ ਬਣ ਚੁੱਕੀਆਂ ਹਨ। ਅਜਿਹੇ ਵਿੱਚ ਬਿਹਤਰ ਨੈੱਟਵਰਕ ਕਨੈਕਟੀਵਿਟੀ ਨੂੰ ਯਕੀਨੀ ਬਣਾਉਣਾ ਅਤੇ ਮੋਬਾਈਲ ਟਾਵਰਾਂ ਨਾਲ ਸਬੰਧਤ ਸ਼ਿਕਾਇਤਾਂ ਦਾ ਨਿਯਮਾਂ ਅਨੁਸਾਰ ਨਿਪਟਾਰਾ ਕਰਨਾ ਜ਼ਰੂਰੀ ਹੈ। ਉਨ੍ਹਾਂ ਨੇ ਵਿਸ਼ਵਾਸ ਜਤਾਇਆ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਬੰਧਤ ਵਿਭਾਗਾਂ ਦੇ ਸਹਿਯੋਗ ਨਾਲ ਕਮੇਟੀ ਹਾਂਸੀ ਦੇ ਨਾਗਰਿਕਾਂ ਨੂੰ ਬਿਹਤਰ ਦੂਰਸੰਚਾਰ ਸਹੂਲਤਾਂ ਉਪਲਬਧ ਕਰਵਾਉਣ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗੀ।

# ਸਫਲਤਾ ਦਾ ਨਵਾਂ ਕੀਰਤੀਮਾਨ ਖੰਡ ਪੱਧਰੀ ਮੁਕਾਬਲੇ ਵਿੱਚ ਬਾਬਾ ਬੰਦਾ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਜਿੱਤੇ ਢੇਰ ਸਾਰੇ ਇਨਾਮ

**ਪੈ.ਗਾਮ-ਏ-ਜਗਤ**
**ਹਾਂਸੀ (ਦਿਨਕਰ ਗਾਵੜੀ)**



ਬਾਬਾ ਬੰਦਾ ਬਹਾਦਰ ਪਬਲਿਕ ਸਕੂਲ ਹਾਂਸੀ ਦੇ ਵਿਦਿਆਰਥੀਆਂ ਨੇ ਹਰਿਆਣਾ ਸਰਕਾਰ ਅਤੇ ਖੰਡ ਸਿੱਖਿਆ ਅਧਿਕਾਰੀ, ਹਾਂਸੀ ਵੱਲੋਂ ਢਾਣੀ ਪੀਰਾਂਵਾਲੀ ਪਿੰਡ ਸਥਿਤ ਸਨਸ਼ਾਈਨ ਸਕੂਲ ਵਿੱਚ ਆਯੋਜਿਤ 'ਅੰਡਰ-11 ਉਮਰ ਵਰਗ' ਖੰਡ ਪੱਧਰੀ ਖੇਡ ਅਤੇ ਸੱਭਿਆਚਾਰਕ ਮੁਕਾਬਲੇ (12 ਅਤੇ 13 ਅਕਤੂਬਰ 2026) ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਕੂਲ ਅਤੇ ਖੇਤਰ ਦਾ ਨਾਮ ਰੌਸ਼ਨ ਕੀਤਾ ਹੈ।

ਦੋ ਦਿਨਾਂ ਇਸ ਮੁਕਾਬਲੇ ਵਿੱਚ ਖੇਡਾਂ ਦੇ ਨਾਲ-ਨਾਲ ਡਰਾਇੰਗ, ਸ਼ਤਰੰਜ, ਸਮੂਹ ਗਾਇਨ, ਇਕੱਲਾ ਗਾਇਨ ਅਤੇ ਫੈਂਸੀ ਡਰੈੱਸ ਵਰਗੇ ਵੱਖ-ਵੱਖ ਮੁਕਾਬਲਿਆਂ ਦਾ ਆਯੋਜਨ ਕੀਤਾ ਗਿਆ ਸੀ, ਜਿਸ ਵਿੱਚ ਬਾਬਾ ਬੰਦਾ ਪਬਲਿਕ ਸਕੂਲ ਦੇ ਨੰਨ੍ਹੇ ਵਿਦਿਆਰਥੀਆਂ ਨੇ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਇਆ।

ਖੇਡਾਂ ਵਿੱਚ ਰਿਲੇਅ ਰੇਸ ਵਿੱਚ ਧਰੁਵ ਅਤੇ ਕੁੰਜ, ਸ਼ਾਟ ਪੁੱਟ ਵਿੱਚ ਰਿਤਿਕਾ, ਡਰਾਇੰਗ ਵਿੱਚ ਪਨਵ, ਸ਼ਤਰੰਜ ਵਿੱਚ ਅਕਸ਼ ਪ੍ਰਜਾਪਤੀ ਅਤੇ ਸੋਨਲ ਅਤੇ ਸਮੂਹ ਗਾਨ ਵਿੱਚ ਸਕੂਲ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪਹਿਲਾ ਸਥਾਨ ਪ੍ਰਾਪਤ ਕੀਤਾ। 100 ਮੀਟਰ ਅਤੇ 200 ਮੀਟਰ ਦੌੜ ਵਿੱਚ ਕੁੰਜ, ਸ਼ਾਟ ਪੁੱਟ ਵਿੱਚ ਸ਼ਕਤੀ, ਹਾਈ ਜੰਪ ਵਿੱਚ ਮੀਤ ਅਤੇ ਇਕੱਲੇ ਗਾਇਨ ਵਿੱਚ ਭਵਿਆ, ਫੈਂਸੀ ਡਰੈੱਸ ਮੁਕਾਬਲੇ ਵਿੱਚ ਹਰਸ਼ਿਤਾ ਨੇ ਦੂਜਾ ਸਥਾਨ ਪ੍ਰਾਪਤ ਕੀਤਾ।

ਵਿਦਿਆਰਥੀਆਂ ਦੀ ਇਸ ਸ਼ਾਨਦਾਰ ਸਫਲਤਾ 'ਤੇ ਸਕੂਲ ਦੀ ਪ੍ਰਿੰਸੀਪਲ ਲਵਲੀ ਚਾਵਲਾ, ਪ੍ਰਸ਼ਾਸਕ ਪ੍ਰਵੀਨ ਚੁੱਘ ਅਤੇ ਅਕਾਦਮਿਕ ਕੋਆਰਡੀਨੇਟਰ ਪਵਨ ਰਾਵਲ ਨੇ ਸਾਰੇ ਜੇਤੂ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਖੇਡ ਅਤੇ ਸੱਭਿਆਚਾਰਕ ਅਧਿਆਪਕਾਂ ਨੂੰ ਦਿਲੋਂ ਵਧਾਈ ਅਤੇ ਸ਼ੁਭਕਾਮਨਾਵਾਂ ਦਿੱਤੀਆਂ। ਸਕੂਲ ਦੀ ਪ੍ਰਿੰਸੀਪਲ ਨੇ ਕਿਹਾ, ਖੇਡਾਂ ਅਤੇ ਸੱਭਿਆਚਾਰਕ ਗਤੀਵਿਧੀਆਂ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਬਹੁਤ ਜ਼ਰੂਰੀ ਹਨ। ਸਾਡੇ ਵਿਦਿਆਰਥੀਆਂ ਨੇ ਆਪਣੀ ਲਗਨ ਅਤੇ ਮਿਹਨਤ ਨਾਲ ਇਹ ਸਾਬਤ ਕੀਤਾ ਹੈ ਕਿ ਸਹੀ ਮਾਰਗਦਰਸ਼ਨ ਮਿਲੇ ਤਾਂ ਉਹ ਹਰ ਖੇਤਰ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰ ਸਕਦੇ ਹਨ।

ਬੱਚਿਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦਿਆਂ ਉਨ੍ਹਾਂ ਨੂੰ ਆਉਣ ਵਾਲੇ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਲਈ ਵੀ ਪੂਰੇ ਉਤਸ਼ਾਹ ਨਾਲ ਤਿਆਰੀ ਕਰਨ ਲਈ ਪ੍ਰੇਰਿਤ ਕੀਤਾ।

# ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਸੰਤੋਸ਼ਗੜ੍ਹ ਦੀ ਭਗਵਾਨ ਦੇਵੀ ਨੇ ਰਾਜ ਪੱਧਰ 'ਤੇ ਜਿੱਤਿਆ ਸੋਨ ਤ.ਗਮਾ, ਕੌਮੀ ਮੁਕਾਬਲੇ ਲਈ ਚੁਣੀ ਗਈ

**ਪੈ.ਗਾਮ-ਏ-ਜਗਤ/ਸੰਤੋਸ਼ਗੜ੍ਹ/ਊਨਾ 12 ਅਕਤੂਬਰ (ਰਾਜਵੀਰ ਚੋਪੜਾ)**



ਸਕੂਲ ਲਈ ਇਹ ਮਾਣ ਵਾਲਾ ਪਲ ਹੈ। ਹਮੀਰਪੁਰ ਵਿਖੇ 10 ਤੋਂ 13 ਅਕਤੂਬਰ ਤੱਕ ਕਰਵਾਏ ਗਏ ਅੰਡਰ-19 ਰਾਜ ਪੱਧਰੀ ਮੁਕਾਬਲੇ ਵਿੱਚ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਸੰਤੋਸ਼ਗੜ੍ਹ ਦੀ ਵਿਦਿਆਰਥਣ ਭਗਵਾਨ ਦੇਵੀ ਨੇ 62 ਕਿਲੋਗ੍ਰਾਮ ਭਾਰ ਵਰਗ ਵਿੱਚ ਸੋਨ ਤ.ਗਮਾ ਜਿੱਤ ਕੇ ਪਹਿਲਾ ਸਥਾਨ ਹਾਸਲ ਕੀਤਾ। ਭਗਵਾਨ ਦੇਵੀ ਦੀ ਚੋਣ ਕੌਮੀ ਪੱਧਰ ਦੇ ਮੁਕਾਬਲੇ ਲਈ ਹੋਈ ਹੈ।

**ਅੰਡਰ-14 ਰਾਜ ਪੱਧਰੀ ਮੁਕਾਬਲਾ (ਭੁੰਤਰ, ਕੁੱਲੂ): ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੁੰਤਰ ਵਿਖੇ ਕਰਵਾਏ ਗਏ ਮੁਕਾਬਲੇ ਵਿੱਚ ਵਿਦਿਆਰਥਣਾਂ ਨੇ ਹੇਠ ਲਿਖੀਆਂ ਪ੍ਰਾਪਤੀਆਂ ਕੀਤੀਆਂ:**

- ਨਾਨਿਆ ਨੇ ਕੁਸ਼ਤੀ ਵਿੱਚ ਕਾਂਸੀ ਦਾ ਤ.ਗਮਾ ਜਿੱਤਿਆ।
- ਅਨਨਿਆ ਸੈਣੀ ਨੇ ਜੂਡੋ ਵਿੱਚ ਕਾਂਸੀ ਦਾ ਤ.ਗਮਾ ਜਿੱਤਿਆ।
- ਨਮਿਸ਼ਾ ਨੇ ਜੂਡੋ ਵਿੱਚ ਕਾਂਸੀ ਦਾ ਤ.ਗਮਾ ਹਾਸਲ ਕੀਤਾ।

ਅੱਜ ਸਕੂਲ ਪਹੁੰਚਣ 'ਤੇ ਪ੍ਰਿੰਸੀਪਲ ਡਾ. ਸਨੇਹ ਲਤਾ ਦੀ ਪ੍ਰਧਾਨਗੀ ਹੇਠ ਸਾਰੇ ਤ.ਗਮਾ ਜੇਤੂ ਖਿਡਾਰੀਆਂ ਦਾ ਨਿੱਘਾ ਸਵਾਗਤ ਕੀਤਾ ਗਿਆ।

ਇਸ ਮੌਕੇ ਨਗਰ ਕੌਂਸਲ ਸੰਤੋਸ਼ਗੜ੍ਹ ਦੀ ਕੌਂਸਲਰ ਸ੍ਰੀਮਤੀ ਚਰਨਜੀਤ ਕੌਰ, ਐਸਐਮਸੀ ਪ੍ਰਧਾਨ ਸ੍ਰੀ ਦੇਵੀ ਲਾਲ, ਮੀਤ ਪ੍ਰਧਾਨ ਸ੍ਰੀਮਤੀ ਬੀਨਾ ਦੇਵੀ, ਭੌਤਿਕ ਵਿਗਿਆਨ ਦੇ ਲੈਕਚਰਾਰ ਸੰਦੀਪ ਸੈਣੀ, ਲੈਕਚਰਾਰ ਕਵਿਤਾ ਕੁਮਾਰੀ, ਡੀਪੀਈ ਪ੍ਰਵੀਨ ਸ਼ਰਮਾ, ਪੀਈਟੀ ਵਿਸ਼ਾਲ ਸੈਣੀ ਸਮੇਤ ਸਮੁੱਚਾ ਸਟਾਫ਼ ਹਾਜ਼ਰ ਸੀ।

# ਸੈਕਟਰ-77 ਵਿੱਚ ਮਨਾਇਆ ਜਾਵੇਗਾ 49ਵਾਂ ਦੁਸ਼ਹਿਰਾ ਮੇਲਾ

**ਐਸ.ਏ.ਐਸ. ਨਗਰ, 14 ਅਕਤੂਬਰ (ਪੈ.ਗਾਮ-ਏ-ਜਗਤ)**

ਦੁਸ਼ਹਿਰਾ ਕਮੇਟੀ ਮੁਹਾਲੀ ਵੱਲੋਂ ਇਸ ਸਾਲ 49ਵਾਂ ਦੁਸ਼ਹਿਰਾ ਮੇਲਾ ਮੁਹਾਲੀ ਦੇ ਸੈਕਟਰ-77 ਵਿਖੇ ਮਨਾਇਆ ਜਾਵੇਗਾ। ਮੇਲੇ ਦੀਆਂ ਤਿਆਰੀਆਂ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਕਮੇਟੀ ਦੇ ਪ੍ਰਧਾਨ ਮਧੂ ਭੂਸ਼ਣ ਨੇ ਦੱਸਿਆ ਕਿ ਇਸ ਵਾਰ ਦੁਸ਼ਹਿਰਾ ਮੇਲੇ ਦਾ ਮੁੱਖ ਆਕਰਸ਼ਣ ਸ਼ਾਨਦਾਰ ਆਤਿਸ਼ਬਾਜ਼ੀ ਦੇ ਨਾਲ ਰਾਵਣ ਦਹਿਨ ਹੋਵੇਗਾ। ਪ੍ਰਧਾਨ ਮਧੂ ਭੂਸ਼ਣ ਨੇ ਦੱਸਿਆ ਕਿ ਇਸ ਵਾਰ ਲਗਭਗ 85 ਫੁੱਟ ਉੱਚਾ ਰਾਵਣ ਦਾ ਪੁਤਲਾ ਤਿਆਰ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਕੁੰਭਕਰਨ, ਮੇਘਨਾਦ ਅਤੇ ਇੱਕ ਹੋਰ ਪੁਤਲਾ ਵੀ ਸਾੜਿਆ ਜਾਵੇਗਾ। ਇਨ੍ਹਾਂ ਪੁਤਲਿਆਂ ਨੂੰ ਤਿਆਰ ਕਰਨ ਅਤੇ ਸਬੰਧਤ ਪ੍ਰਬੰਧਾਂ ਤੇ ਲਗਭਗ 12 ਲੱਖ ਰੁਪਏ ਖਰਚ ਹੋਣ ਦਾ ਅਨੁਮਾਨ ਹੈ। ਉਹਨਾਂ ਦੱਸਿਆ ਕਿ ਦੁਸ਼ਹਿਰਾ ਕਮੇਟੀ ਵਲੋਂ 1978 ਵਿੱਚ ਮੁਹਾਲੀ ਦੇ ਫੇਜ਼-2 ਤੋਂ ਦੁਸ਼ਹਿਰਾ ਮੇਲੇ ਦੀ ਸ਼ੁਰੂਆਤ ਕੀਤੀ ਗਈ ਸੀ। ਲੰਬੇ ਸਮੇਂ ਤੱਕ ਮੇਲਾ ਉੱਥੇ ਹੀ ਕਰਵਾਇਆ ਜਾਂਦਾ ਰਿਹਾ। ਇਸ ਤੋਂ ਬਾਅਦ ਮੇਲੇ ਨੂੰ ਫੇਜ਼-8 ਵਿੱਚ ਤਬਦੀਲ ਕਰ ਦਿੱਤਾ ਗਿਆ ਅਤੇ ਇਸ ਮੈਦਾਨ ਦਾ ਨਾਮ ਵੀ ਦੁਸ਼ਹਿਰਾ ਗਰਾਊਂਡ ਮੁਹਾਲੀ ਰੱਖਿਆ ਗਿਆ। ਹਾਲਾਂਕਿ, ਪਿਛਲੇ ਦੋ-ਤਿੰਨ ਸਾਲਾਂ ਤੋਂ ਮੇਲੇ ਲਈ ਸੈਕਟਰ-77 ਦੀ ਜਗ੍ਹਾ ਵਰਤੀ ਜਾ ਰਹੀ ਹੈ। ਪੰਜਾਬ ਸਰਕਾਰ ਤੋਂ ਦੁਸ਼ਹਿਰਾ ਮੇਲੇ ਲਈ ਸਥਾਈ ਜਗ?ਹਾ ਮੁਹੱਈਆ ਕਰਵਾਉਣ ਦੀ ਮੰਗ ਕਰਦਿਆਂ ਉਨ੍ਹਾਂ ਕਿਹਾ ਕਿ ਅਗਲੇ ਸਾਲ ਕਮੇਟੀ ਵੱਲੋਂ ਗੋਲਡਨ ਜੁਬਲੀ ਮਨਾਈ ਜਾਵੇਗੀ, ਪਰ ਅਜੇ ਤੱਕ ਇਹ ਸਪੱਸ਼ਟ ਨਹੀਂ ਹੈ ਕਿ ਸਰਕਾਰ ਵੱਲੋਂ ਮੇਲੇ ਲਈ ਕਿਹੜੀ ਜਗ੍ਹਾ ਉਪਲਬਧ ਕਰਵਾਈ ਜਾਵੇਗੀ। ਉਹਨਾਂ ਦੱਸਿਆ ਕਿ 2022 ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦੁਸ਼ਹਿਰਾ ਮੇਲੇ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਸੀ। ਇਸ ਮੌਕੇ ਉਨ੍ਹਾਂ ਨੇ ਸਟੇਜ ਤੋਂ ਦੁਸ਼ਹਿਰਾ ਕਮੇਟੀ ਨੂੰ ਸਥਾਈ ਜਗ੍ਹਾ ਦੇਣ ਦਾ ਐਲਾਨ ਕੀਤਾ ਸੀ, ਪਰ ਸਾਢੇ ਚਾਰ ਸਾਲ ਬੀਤਣ ਦੇ ਬਾਵਜੂਦ ਇਸ ਵਾਅਦੇ ਨੂੰ ਅਮਲੀ ਰੂਪ ਨਹੀਂ ਦਿੱਤਾ ਗਿਆ।

# ਕਰਨਾਲ ਪੁਲਿਸ ਵੱਲੋਂ ਨਸ਼ਾ ਤਸਕਰਾਂ 'ਤੇ ਸ਼ਿਕੰਜਾ, 9.64 ਗ੍ਰਾਮ ਹੈਰੋਇਨ ਸਮੇਤ ਮੁਲਜ਼ਮ ਕਾਬੂ

ਪੈਗ਼ਾਮ-ਏ-ਜਗਤ
ਕਰਨਾਲ, 14 ਅਕਤੂਬਰ (ਪ੍ਰਵੀਨ ਵਾਲੀਆ)

*ਜ਼ਿਲ੍ਹਾ ਪੁਲਿਸ ਕਰਨਾਲ ਵੱਲੋਂ ਪੁਲਿਸ ਸੁਪਰਡੈਂਟ ਕਰਨਾਲ ਸ਼੍ਰੀ ਕਰਨ ਗੋਇਲ, ਆਈਪੀਐਸ ਦੀ ਕੁਸ਼ਲ ਅਗਵਾਈ ਅਤੇ ਦਿਸ਼ਾ-ਨਿਰਦੇਸ਼ ਵਿੱਚ ਨਸ਼ਾ ਤਸਕਰਾਂ ਵਿਰੁੱਧ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਤਹਿਤ ਲਗਾਤਾਰ ਪ੍ਰਭਾਵੀ ਕਾਰਵਾਈ ਕੀਤੀ ਜਾ ਰਹੀ ਹੈ। ਇਸੇ ਲੜੀ ਵਿੱਚ ਸੀਆਈਏ ਅਸੰਧ ਦੀ ਟੀਮ ਨੇ 9.64 ਗ੍ਰਾਮ ਹੈਰੋਇਨ ਸਮੇਤ ਇੱਕ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਹੈ। ਸੀਆਈਏ ਅਸੰਧ ਦੇ ਇੰਚਾਰਜ ਸਬ ਇੰਸਪੈਕਟਰ ਸਲਿੰਦਰ ਕੁਮਾਰ ਦੀ ਅਗਵਾਈ ਵਿੱਚ ਸਹਾਇਕ ਸਬ ਇੰਸਪੈਕਟਰ ਨਿਰਮਲ ਦੀ ਟੀਮ ਨੇ ਕਾਰਵਾਈ ਕਰਦਿਆਂ ਮੁਲਜ਼ਮ ਵਿਸ਼ਾਲ ਪੁੱਤਰ ਸੁਨੀਲ ਵਾਸੀ ਵਾਰਡ ਨੰਬਰ 1, ਅਸੰਧ ਨੂੰ ਪੀਡਬਲਯੂਡੀ ਗੈਸਟ ਹਾਊਸ, ਅਸੰਧ ਦੇ ਨੇੜੇ ਤੋਂ ਕਾਬੂ ਕੀਤਾ। ਤਲਾਸ਼ੀ ਲੈਣ 'ਤੇ ਮੁਲਜ਼ਮ ਦੇ ਕਬਜ਼ੇ ਵਿੱਚੋਂ 9.64 ਗ੍ਰਾਮ ਹੈਰੋਇਨ ਬਰਾਮਦ ਹੋਈ। ਇਸ ਸਬੰਧ ਵਿੱਚ ਮੁਲਜ਼ਮ ਖਿਲਾਫ਼ ਥਾਣਾ ਅਸੰਧ ਵਿੱਚ ਐਨਡੀਪੀਐਸ ਐਕਟ ਦੀਆਂ ਸਬੰਧਤ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਮੁਲਜ਼ਮ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰ ਪੁਲਿਸ ਰਿਮਾਂਡ ਹਾਸਲ ਕਰਨ ਦੀ ਪ੍ਰਕਿਰਿਆ ਅਪਣਾਈ ਜਾਵੇਗੀ, ਤਾਂ ਜੋ ਨਸ਼ਾ ਤਸਕਰੀ ਦੇ ਇਸ ਨੈੱਟਵਰਕ ਨਾਲ ਜੁੜੇ ਹੋਰ ਲੋਕਾਂ ਦੀ ਸ਼ਮੂਲੀਅਤ ਬਾਰੇ ਜਾਣਕਾਰੀ ਇਕੱਠੀ ਕੀਤੀ ਜਾ ਸਕੇ। ਜ਼ਿਲ੍ਹਾ ਪੁਲਿਸ ਕਰਨਾਲ ਨਸ਼ੇ ਦੇ ਗੈਰ-ਕਾਨੂੰਨੀ ਕਾਰੋਬਾਰ 'ਤੇ ਰੋਕ ਲਗਾਉਣ ਲਈ ਲਗਾਤਾਰ ਕਾਰਵਾਈ ਕਰ ਰਹੀ ਹੈ। ਪੁਲਿਸ ਆਮ ਲੋਕਾਂ ਨੂੰ ਅਪੀਲ ਕਰਦੀ ਹੈ ਕਿ ਜੇਕਰ ਕਿਸੇ ਵਿਅਕਤੀ ਨੂੰ ਨਸ਼ਾ ਤਸਕਰੀ ਜਾਂ ਨਸ਼ੀਲੇ ਪਦਾਰਥਾਂ ਦੀ ਵਿਕਰੀ ਸਬੰਧੀ ਕੋਈ ਜਾਣਕਾਰੀ ਮਿਲਦੀ ਹੈ, ਤਾਂ ਤੁਰੰਤ ਪੁਲਿਸ ਨੂੰ ਸੂਚਿਤ ਕਰੇ। ਸੂਚਨਾ ਦੇਣ ਵਾਲੇ ਵਿਅਕਤੀ ਦੀ ਪਛਾਣ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ।*

# ਸੈਕਟਰ 42-3 ਵਿੱਚ ਅਗਲੇ 2-3 ਦਿਨਾਂ ਵਿੱਚ ਬੂਸਟਰ ਪ੍ਰੈਸ਼ਰ ਨਾਲ ਪਾਣੀ ਦੀ ਸਪਲਾਈ ਹੋਵੇਗੀ ਬਹਾਲ: ਕੌਂਸਲਰ ਜਸਬੀਰ ਸਿੰਘ ਬੰਟੀ

ਪੈ.ਗਾਮ-ਏ-ਜਗਤ/ਚੰਡੀਗੜ੍ਹ
14 ਅਕਤੂਬਰ (ਹਰਮਿੰਦਰ ਨਾਗਪਾਲ)

ਵਾਰਡ ਨੰਬਰ 24 ਦੇ ਕੌਂਸਲਰ ਜਸਬੀਰ ਸਿੰਘ ਬੰਟੀ ਨੇ ਸੈਕਟਰ 42-3 ਦੇ ਨਿਵਾਸੀਆਂ ਨੂੰ ਸੂਚਿਤ ਕੀਤਾ ਕਿ ਨਗਰ ਨਿਗਮ ਦੇ ਬੂਸਟਰ ਸਿਸਟਮ ਨਾਲ ਲੱਗੇ ਵਾਟਰ ਟੈਂਕ ਵਿੱਚ ਲੀਕੇਜ ਹੋਣ ਕਾਰਨ ਉਸ ਦੀ ਮੁਰੰਮਤ ਅਤੇ ਰੱਖ-ਰਖਾਅ ਦਾ ਕੰਮ ਚੱਲ ਰਿਹਾ ਹੈ। ਅੱਜ ਵਾਟਰ ਟੈਂਕ ਨੂੰ ਪੂਰੀ ਤਰ੍ਹਾਂ ਖਾਲੀ ਕਰਵਾ ਦਿੱਤਾ ਗਿਆ ਹੈ।



ਉਨ੍ਹਾਂ ਦੱਸਿਆ ਕਿ ਅਗਲੇ ਦੋ ਦਿਨਾਂ ਵਿੱਚ ਕੈਮੀਕਲ ਅਤੇ ਸੀਮੈਂਟ ਦੀ ਸਹਾਇਤਾ ਨਾਲ ਟੈਂਕ ਦੀ ਜ਼ਰੂਰੀ ਮੁਰੰਮਤ ਕੀਤੀ ਜਾਵੇਗੀ। ਉਮੀਦ ਹੈ ਕਿ ਅਗਲੇ 2-3 ਦਿਨਾਂ ਵਿੱਚ ਬੂਸਟਰ ਪ੍ਰੈਸ਼ਰ ਨਾਲ ਪਾਣੀ ਦੀ ਸਪਲਾਈ ਬਹਾਲ ਹੋ ਜਾਵੇਗੀ।

ਕੌਂਸਲਰ ਬੰਟੀ ਨੇ ਸਪੱਸ਼ਟ ਕੀਤਾ ਕਿ ਮੁਰੰਮਤ ਕਾਰਜ ਦੌਰਾਨ ਨਹਿਰ ਤੋਂ ਸਿੱਧੇ ਆਉਣ ਵਾਲੀ ਨਗਰ ਨਿਗਮ ਦੀ ਨਿਯਮਤ ਪਾਣੀ ਦੀ ਸਪਲਾਈ ਜਾਰੀ ਰਹੇਗੀ, ਜਿਸ ਨਾਲ ਵਿਸ਼ੇਸ਼ ਤੌਰ 'ਤੇ ਗਰਾਊਂਡ ਫਲੋਰ ਅਤੇ ਫਰਸਟ ਫਲੋਰ 'ਤੇ ਰਹਿਣ ਵਾਲੇ ਨਿਵਾਸੀਆਂ ਨੂੰ ਪਾਣੀ ਮਿਲਦਾ ਰਹੇਗਾ। ਨਿਵਾਸੀਆਂ ਨੂੰ ਰਾਹਤ ਪ੍ਰਦਾਨ ਕਰਨ ਲਈ ਨਗਰ ਨਿਗਮ ਵੱਲੋਂ ਦੋ ਵਾਟਰ ਟੈਂਕਰਾਂ ਦਾ ਪ੍ਰਬੰਧ ਵੀ ਕੀਤਾ ਗਿਆ ਹੈ। ਇੱਕ ਟੈਂਕਰ ਪਾਣੀ ਦੀ ਸਪਲਾਈ ਕਰਨ ਤੋਂ ਬਾਅਦ ਖਾਲੀ ਹੋ ਚੁੱਕਾ ਹੈ, ਜਦਕਿ ਦੂਜਾ ਟੈਂਕਰ ਭਰ ਕੇ ਸਪਲਾਈ ਲਈ ਆ ਰਿਹਾ ਹੈ। ਖਾਲੀ ਹੋਣ ਵਾਲੇ ਟੈਂਕਰ ਨੂੰ ਦੁਬਾਰਾ ਭਰ ਕੇ ਭੇਜਿਆ ਜਾਵੇਗਾ, ਤਾਂ ਜੋ ਲੋੜਵੰਦ ਨਿਵਾਸੀਆਂ ਨੂੰ ਪਾਣੀ ਉਪਲਬਧ ਕਰਵਾਇਆ ਜਾ ਸਕੇ। ਕੌਂਸਲਰ ਜਸਬੀਰ ਸਿੰਘ ਬੰਟੀ ਨੇ ਸਾਰੇ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਘਰਾਂ ਦੀਆਂ ਪਾਣੀ ਦੀਆਂ ਟੈਂਕੀਆਂ ਪਹਿਲਾਂ ਤੋਂ ਭਰ ਕੇ ਰੱਖਣ ਅਤੇ ਪਾਣੀ ਦੀ ਵਰਤੋਂ ਲੋੜ ਅਨੁਸਾਰ ਕਰਨ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨਿਵਾਸੀ ਨੂੰ ਵਾਟਰ ਟੈਂਕਰ ਦੀ ਲੋੜ ਹੋਵੇ, ਤਾਂ ਉਹ ਉਨ੍ਹਾਂ ਨਾਲ ਸੰਪਰਕ ਕਰ ਸਕਦੇ ਹਨ, ਤਾਂ ਜੋ ਲੋੜੀਂਦਾ ਪ੍ਰਬੰਧ ਕੀਤਾ ਜਾ ਸਕੇ। ਇੱਕੋ ਸਮੇਂ ਕਈ ਥਾਵਾਂ 'ਤੇ ਟੈਂਕਰ ਭੇਜਣ ਕਾਰਨ ਕੁਝ ਸਮਾਂ ਲੱਗ ਸਕਦਾ ਹੈ, ਇਸ ਲਈ ਨਿਵਾਸੀਆਂ ਤੋਂ ਸਹਿਯੋਗ ਦੀ ਅਪੀਲ ਕੀਤੀ ਗਈ ਹੈ। ਅੰਤ ਵਿੱਚ ਕੌਂਸਲਰ ਬੰਟੀ ਨੇ ਪਾਣੀ ਦੀ ਅਸਥਾਈ ਸਮੱਸਿਆ ਕਾਰਨ ਹੋਣ ਵਾਲੀ ਅਸੁਵਿਧਾ ਲਈ ਅਫਸੋਸ ਪ੍ਰਗਟ ਕੀਤਾ ਅਤੇ ਸਾਰੇ ਨਿਵਾਸੀਆਂ ਦਾ ਧੀਰਜ ਅਤੇ ਸਹਿਯੋਗ ਬਣਾਈ ਰੱਖਣ ਲਈ ਧੰਨਵਾਦ ਕੀਤਾ। ਉਨ੍ਹਾਂ ਨੇ ਭਰੋਸਾ ਦਿੱਤਾ ਕਿ ਮੁਰੰਮਤ ਕਾਰਜ ਜਲਦ ਪੂਰਾ ਕਰਵਾਉਣ ਅਤੇ ਬੂਸਟਰ ਪ੍ਰੈਸ਼ਰ ਨਾਲ ਪਾਣੀ ਦੀ ਸਪਲਾਈ ਬਹਾਲ ਕਰਨ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ।

# ਵਿਧਾਨ ਸਭਾ ਸਪੀਕਰ ਨੇ ਕੀਤਾ ਘਰੌਂਡਾ ਅਨਾਜ ਮੰਡੀ ਦਾ ਦੌਰਾ

- 15 ਅਕਤੂਬਰ ਤੋਂ ਵੱਡੀ ਗਿਣਤੀ ਵਿੱਚ ਮਿੱਲਰ ਵੀ ਖਰੀਦ ਪ੍ਰਕਿਰਿਆ ਵਿੱਚ ਹੋਣਗੇ ਸ਼ਾਮਲ: ਕਲਿਆਣ
- ਬੋਲੇ-ਕਿਸਾਨਾਂ ਨੂੰ ਨਹੀਂ ਆਉਣ ਦਿੱਤੀ ਜਾਵੇਗੀ ਕਿਸੇ ਕਿਸਮ ਦੀ ਦਿੱਕਤ

ਪੈ.ਗਾਮ-ਏ-ਜਗਤ/ਕਰਨਾਲ
14 ਅਕਤੂਬਰ (ਪ੍ਰਵੀਨ ਵਾਲੀਆ)

ਹਰਿਆਣਾ ਵਿਧਾਨ ਸਭਾ ਸਪੀਕਰ ਹਰਵਿੰਦਰ ਕਲਿਆਣ ਨੇ ਬੁੱਧਵਾਰ ਨੂੰ ਘਰੌਂਡਾ ਅਨਾਜ ਮੰਡੀ ਦਾ ਦੌਰਾ ਕਰ ਝੋਨੇ ਦੀ ਖਰੀਦ ਵਿਵਸਥਾ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਕਿਸਾਨਾਂ, ਆੜ੍ਹਤੀਆਂ ਅਤੇ ਮਾਰਕੀਟ ਕਮੇਟੀ ਦੇ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਅਤੇ ਝੋਨੇ ਦੀਆਂ ਢੇਰੀਆਂ 'ਤੇ ਨਮੀ ਦੀ ਜਾਂਚ ਵੀ ਕੀਤੀ। ਇਸ ਦੌਰਾਨ ਡਿਪਟੀ ਕਮਿਸ਼ਨਰ ਡਾ. ਅਨੰਦ ਕੁਮਾਰ ਸ਼ਰਮਾ ਅਤੇ ਐਸਡੀਐਮ ਅਨੁਭਵ ਮਹਿਤਾ ਵੀ ਮੌਜੂਦ ਰਹੇ।



ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਲਿਆਣ ਨੇ ਕਿਹਾ ਕਿ ਝੋਨੇ ਦੀ ਖਰੀਦ ਸੀਜ਼ਨ ਦੌਰਾਨ ਪਿਛਲੇ ਦਿਨਾਂ ਵਿੱਚ ਮਿੱਲਰਾਂ ਦੀ ਘੱਟ ਭਾਗੀਦਾਰੀ ਕਾਰਨ ਖਰੀਦ ਪ੍ਰਕਿਰਿਆ ਵਿੱਚ ਕੁਝ ਦੇਰੀ ਹੋਈ ਹੈ। ਹੁਣ ਸਰਕਾਰ ਨੇ ਫੈਸਲਾ ਲਿਆ ਹੈ ਕਿ ਜਿਨ੍ਹਾਂ ਚੌਲ ਮਿੱਲਰਾਂ ਨੇ 80 ਫੀਸਦੀ ਚੌਲਾਂ ਦੀ ਡਿਲੀਵਰੀ ਕਰ ਦਿੱਤੀ ਹੈ, ਉਹ ਮੰਡੀਆਂ ਵਿੱਚ ਝੋਨਾ ਖਰੀਦ ਸਕਣਗੇ। ਇਸ ਨਾਲ 15 ਅਕਤੂਬਰ ਤੋਂ ਵੱਡੀ ਗਿਣਤੀ ਵਿੱਚ ਮਿੱਲਰ ਖਰੀਦ ਪ੍ਰਕਿਰਿਆ ਵਿੱਚ ਸ਼ਾਮਲ ਹੋਣਗੇ ਅਤੇ ਖਰੀਦ ਵਿੱਚ ਤੇਜ਼ੀ ਆਵੇਗੀ।

ਉਨ੍ਹਾਂ ਕਿਹਾ ਕਿ ਕਿਸਾਨ ਦੀ ਫਸਲ ਉਸ ਦੀ ਖੂਨ-ਪਸੀਨੇ ਦੀ ਕਮਾਈ ਅਤੇ ਸਾਲਾਂ ਦੀ ਮਿਹਨਤ ਦਾ ਨਤੀਜਾ ਹੈ। ਸਰਕਾਰ ਕਿਸਾਨਾਂ ਦੇ ਹਿੱਤਾਂ ਨੂੰ ਲੈ ਕੇ ਗੰਭੀਰ ਹੈ ਅਤੇ ਘੱਟੋ-ਘੱਟ ਸਮਰਥਨ ਮੁੱਲ 'ਤੇ ਫਸਲ ਖਰੀਦਣ ਲਈ ਵਚਨਬੱਧ ਹੈ। ਕਿਸਾਨਾਂ ਦੇ ਨਾਲ-ਨਾਲ ਆੜ੍ਹਤੀਆਂ ਅਤੇ ਮਿੱਲਰਾਂ ਨੂੰ ਵੀ ਕਿਸੇ ਕਿਸਮ ਦੀ ਪਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪਿਛਲੇ ਦਿਨਾਂ ਵਿੱਚ ਕੁਝ ਦਿੱਕਤਾਂ ਕਾਰਨ ਸਰਕਾਰ ਨੂੰ ਸਖ਼ਤੀ ਕਰਨੀ ਪਈ ਸੀ, ਜੋ ਸਾਰਿਆਂ ਦੇ ਹਿੱਤ ਵਿੱਚ ਹੈ।

ਮੌਸਮ ਦੇ ਅਨੁਮਾਨ ਵਿੱਚ ਮੀਂਹ ਦੀ ਸੰਭਾਵਨਾ ਨੂੰ ਦੇਖਦਿਆਂ ਉਨ੍ਹਾਂ ਨੇ ਕਿਸਾਨਾਂ ਨੂੰ ਘਬਰਾਉਣ ਨਾ ਦੀ ਅਪੀਲ ਕੀਤੀ ਅਤੇ ਕਿਹਾ ਕਿ ਪ੍ਰਸ਼ਾਸਨ ਉਨ੍ਹਾਂ ਦੇ ਨਾਲ ਹੈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਪੂਰੀ ਇਮਾਨਦਾਰੀ ਅਤੇ ਗੰਭੀਰਤਾ ਨਾਲ ਆਪਣੀ ਜ਼ਿੰਮੇਵਾਰੀ ਨਿਭਾਉਣ ਦੇ ਨਿਰਦੇਸ਼ ਦਿੱਤੇ। ਕਿਸਾਨਾਂ ਨੂੰ ਝੋਨਾ ਸੁਕਾ ਕੇ ਮੰਡੀ ਵਿੱਚ ਲਿਆਉਣ ਅਤੇ ਨਿਰਧਾਰਤ ਮਾਤਰਾ ਤੋਂ ਵੱਧ ਨਮੀ ਨਾ ਰੱਖਣ ਦੀ ਅਪੀਲ ਵੀ ਕੀਤੀ। ਪੋਰਟਲ ਸਬੰਧੀ ਸਮੱਸਿਆਵਾਂ 'ਤੇ ਉਨ੍ਹਾਂ ਕਿਹਾ ਕਿ ਸ਼ਿਕਾਇਤ ਮਿਲਣ 'ਤੇ ਉਸ ਦਾ ਤੁਰੰਤ ਹੱਲ ਕੀਤਾ ਜਾਵੇਗਾ। ਮੰਡੀ ਵਿੱਚ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਡਿਊਟੀ ਲਗਾਈ ਗਈ ਹੈ। ਲੋੜ ਪੈਣ 'ਤੇ ਕਿਸਾਨ ਐਸਡੀਐਮ ਜਾਂ ਮੰਡੀ ਬੋਰਡ ਦਫ਼ਤਰ ਵਿੱਚ ਵੀ ਸੰਪਰਕ ਕਰ ਸਕਦੇ ਹਨ। ਇਸ ਮੌਕੇ ਮਾਰਕੀਟ ਕਮੇਟੀ ਚੇਅਰਮੈਨ ਰਾਜਕੁਮਾਰ ਪਾਲੀਵਾਲ, ਨਗਰ ਪਾਲਿਕਾ ਚੇਅਰਮੈਨ ਹੈਪੀ ਲੱਕ ਗੁਪਤਾ, ਮੰਡੀ ਬੋਰਡ ਸਕੱਤਰ ਸੁਨੀਲ ਕੁਮਾਰ, ਆੜ੍ਹਤੀ ਐਸੋਸੀਏਸ਼ਨ ਪ੍ਰਧਾਨ ਜੈਭਗਵਾਨ, ਸਾਬਕਾ ਪ੍ਰਧਾਨ ਸੁਰਿੰਦਰ ਜੈਨ ਅਤੇ ਭਾਜਪਾ ਮੰਡਲ ਪ੍ਰਧਾਨ ਰੋਹਿਤ ਭੰਡਾਰੀ ਸਮੇਤ ਹੋਰ ਲੋਕ ਮੌਜੂਦ ਰਹੇ।

# ਜ਼ਿਲ੍ਹਾ ਕਪੂਰਥਲਾ ਦੀ ਲੇਖਕ ਡਾਇਰੈਕਟਰੀ 'ਚ ਨਵੇਂ ਇੰਦਰਾਜ਼ ਅਤੇ ਸੋਧਾਂ ਲਈ 25 ਅਕਤੂਬਰ 2026 ਤੱਕ ਵੇਰਵੇ ਭੇਜਣ ਦੀ ਅਪੀਲ

ਪੈ.ਗਾਮ-ਏ-ਜਗਤ/ਕਪੂਰਥਲਾ (ਜੱਸਪ੍ਰੀਤ ਸਿੰਘ "ਧਿੰਜਣ )

ਸ਼੍ਰੀਮਤੀ ਜਸਪ੍ਰੀਤ ਕੌਰ, ਜ਼ਿਲ੍ਹਾ ਭਾਸ਼ਾ ਅਫ਼ਸਰ ਕਪੂਰਥਲਾ ਵੱਲੋਂ ਇਹ ਦੱਸਿਆ ਗਿਆ ਹੈ ਕਿ ਡਾਇਰੈਕਟਰ, ਭਾਸ਼ਾ ਵਿਭਾਗ ਪੰਜਾਬ ਵੱਲੋਂ ਪ੍ਰਾਪਤ ਆਦੇਸ਼ਾਂ ਅਨੁਸਾਰ ਜ਼ਿਲ੍ਹਾ ਕਪੂਰਥਲਾ ਦੀ 'ਲੇਖਕ ਡਾਇਰੈਕਟਰੀ' ਤਿਆਰ ਕਰਨ ਦਾ ਕਾਰਜ ਅਕਤੂਬਰ 2026 ਤੱਕ ਮੁਕੰਮਲ ਕਰਨ ਦਾ ਟੀਚਾ ਮਿਥਿਆ ਗਿਆ ਹੈ।



ਇਸ ਡਾਇਰੈਕਟਰੀ ਵਿੱਚ ਦਰਜ ਕਰਨ ਯੋਗ ਜ਼ਰੂਰੀ ਵੇਰਵੇ ਇਸ ਪ੍ਰਕਾਰ ਹਨ-ਲੇਖਕ ਦਾ ਪੂਰਾ ਨਾਮ, ਸਾਹਿਤਿਕ ਨਾਮ / ਤਖੱਲਸ, ਲਿੰਗ, ਜਨਮ ਮਿਤੀ (ਅਤੇ ਮੌਤ ਦੀ ਮਿਤੀ, ਜੇਕਰ ਸਵਰਗਵਾਸ ਹੋ ਚੁੱਕੇ ਹਨ), ਮੁਕੰਮਲ ਪਤਾ (ਸ਼ਹਿਰ/ਪਿੰਡ ਅਤੇ ਜ਼ਿਲ੍ਹਾ), ਨਾਗਰਿਕਤਾ, ਸੰਪਰਕ ਫੋਨ ਨੰਬਰ, ਈਮੇਲ ਆਈ.ਡੀ., ਲਿਖਣ ਦੀਆਂ ਭਾਸ਼ਾਵਾਂ, ਸਾਹਿਤਿਕ ਵਿਧਾ, ਪ੍ਰਕਾਸ਼ਿਤ ਰਚਨਾਵਾਂ ਅਤੇ ਸਾਹਿਤਿਕ ਕਾਰਜ ਅਤੇ ਪ੍ਰਾਪਤ ਸਨਮਾਨ ਅਤੇ ਅਵਾਰਡ (ਇਸ ਸਬੰਧੀ ਪ੍ਰੋਫਾਰਮਾਂ ਪੀ.ਡੀ.ਐੱਫ਼ ਰੂਪ ਵਿੱਚ ਉਕਤ ਦਿੱਤੇ ਮੋਬਾਇਲ ਨੰਬਰ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ)। ਅਧਿਕਾਰੀ ਵੱਲੋਂ ਜ਼ਿਲ੍ਹੇ ਦੀਆਂ ਸਮੂਹ ਸਾਹਿਤ ਸਭਾਵਾਂ, ਲੇਖਕਾਂ ਅਤੇ ਸਾਹਿਤਕਾਰਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪਣੇ ਉਕਤ ਵੇਰਵੇ ਮਿਤੀ 25 ਅਕਤੂਬਰ 2026 ਤੱਕ ਦਫ਼ਤਰ ਦੇ ਈਮੇਲ ਪਤੇ dlokpt.pblanguages@gmail.com ਜਾਂ ਦਫ਼ਤਰ ਦੇ ਮੋਬਾਇਲ ਨੰਬਰ +91-62840-61290 ਤੇ ਭੇਜਣ ਦੀ ਖੇਚਲ ਕਰਨ, ਤਾਂ ਜੋ ਇਹ ਜਾਣਕਾਰੀ ਵਿਭਾਗ ਦੇ ਸੌਫ਼ਟਵੇਅਰ/ਪੋਰਟਲ ਉੱਪਰ ਦਰਜ ਕੀਤੀ ਜਾ ਸਕੇ।

# ਪਰਵਿੰਦਰ ਸਿੰਘ ਝੋਟਾ ਦੇ ਕਤਲ ਦੇ ਰੋਸ ਵਜੋਂ ਕਾਂਗਰਸ ਤੇ ਭਾਜਪਾ ਨੇ ਖਰੜ 'ਚ ਦਿੱਤਾ ਸਾਂਝਾ ਧਰਨਾ

- ਮੁੱਖ ਮੰਤਰੀ ਦਾ ਪੁਤਲਾ ਫੂਕ ਕੇ ਸਰਕਾਰ ਵਿਰੁੱਧ ਕੀਤੀ ਨਾਅਰੇਬਾਜ਼ੀ, ਕਿਸਾਨ ਜਥੇਬੰਦੀਆਂ ਵੱਲੋਂ 15 ਅਕਤੂਬਰ ਦੇ ਪੰਜਾਬ ਬੰਦ ਨੂੰ ਸਮਰਥਨ ਦੇਣ ਦਾ ਐਲਾਨ



ਪੈ.ਗਾਮ-ਏ-ਜਗਤ
ਖਰੜ, 14 ਅਕਤੂਬਰ (ਦਵਿੰਦਰ ਕੌਰ ਸਹੋਤਾ)

ਮਾਨਸਾ ਵਿੱਚ ਨਸ਼ਿਆਂ ਵਿਰੁੱਧ ਆਵਾਜ਼ ਉਠਾਉਣ ਵਾਲੇ ਪਰਵਿੰਦਰ ਸਿੰਘ ਝੋਟਾ ਦੇ ਕਤਲ ਦੇ ਰੋਸ ਵਜੋਂ ਅੱਜ ਕਾਂਗਰਸ ਅਤੇ ਭਾਜਪਾ ਵੱਲੋਂ ਸਾਂਝੇ ਤੌਰ 'ਤੇ ਖਰੜ ਦੇ ਬੱਸ ਸਟੈਂਡ ਵਿਖੇ ਰੋਸ ਧਰਨਾ ਦਿੱਤਾ ਗਿਆ। ਇਸ ਮੌਕੇ ਦੋਵਾਂ ਪਾਰਟੀਆਂ ਦੇ ਆਗੂਆਂ ਅਤੇ ਵਰਕਰਾਂ ਨੇ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜ਼ੀ ਕਰਦਿਆਂ ਮੁੱਖ ਮੰਤਰੀ ਦਾ ਪੁਤਲਾ ਫੂਕਿਆ ਅਤੇ ਸੂਬੇ ਵਿੱਚ ਨਸ਼ਿਆਂ ਦੀ ਸਮੱਸਿਆ 'ਤੇ ਸਰਕਾਰ ਨੂੰ ਘੇਰਿਆ।

ਧਰਨੇ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਪੰਜਾਬ ਵਿੱਚ ਨਸ਼ਿਆਂ ਵਿਰੁੱਧ ਆਵਾਜ਼ ਉਠਾਉਣ ਵਾਲੇ ਲੋਕਾਂ ਦੀ ਸੁਰੱਖਿਆ ਨੂੰ ਲੈ ਕੇ ਗੰਭੀਰ ਸਵਾਲ ਖੜ੍ਹੇ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਇੱਕ ਪਾਸੇ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਮੁਹਿੰਮ ਚਲਾਈ ਜਾ ਰਹੀ ਹੈ, ਜਦਕਿ ਦੂਜੇ ਪਾਸੇ ਸੂਬੇ ਵਿੱਚ ਨਸ਼ਿਆਂ ਦੀ ਵਿਕਰੀ ਜਾਰੀ ਰਹਿਣ ਦੇ ਦੋਸ਼ ਲੱਗ ਰਹੇ ਹਨ। ਆਗੂਆਂ ਨੇ ਕਿਹਾ ਕਿ ਜੇਕਰ ਨਸ਼ਿਆਂ ਵਿਰੁੱਧ ਬੋਲਣ ਵਾਲੇ ਲੋਕ ਹੀ ਸੁਰੱਖਿਅਤ ਨਹੀਂ ਹਨ ਤਾਂ ਸਰਕਾਰ ਦੀ ਨਸ਼ਾ ਵਿਰੋਧੀ ਮੁਹਿੰਮ ਦੀ ਕਾਰਗੁਜ਼ਾਰੀ 'ਤੇ ਸਵਾਲ ਉੱਠਣੇ ਸੁਭਾਵਿਕ ਹਨ।

ਇਸ ਦੌਰਾਨ ਕਿਸਾਨ ਜਥੇਬੰਦੀਆਂ ਵੱਲੋਂ ਵੀ 15 ਅਕਤੂਬਰ ਨੂੰ ਪੰਜਾਬ ਬੰਦ ਦੇ ਸੱਦੇ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ ਗਿਆ। ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਕਿਹਾ ਕਿ ਬੰਦ ਦੌਰਾਨ ਖਰੜ ਸ਼ਹਿਰ ਨੂੰ ਮੁਕੰਮਲ ਬੰਦ ਰੱਖਣ ਦੀ ਕੋਸ਼ਿਸ਼ ਕੀਤੀ ਜਾਵੇਗੀ ਅਤੇ ਵੱਖ-ਵੱਖ ਹਾਈਵੇਅ 'ਤੇ ਨਾਕਾਬੰਦੀ ਵੀ ਕੀਤੀ ਜਾਵੇਗੀ, ਤਾਂ ਜੋ ਆਵਾਜਾਈ ਰੋਕ ਕੇ ਰੋਸ ਦਰਜ ਕਰਵਾਇਆ ਜਾ ਸਕੇ। ਇਸ ਮੌਕੇ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਕਮਲ ਕਿਸ਼ੋਰ ਸ਼ਰਮਾ, ਨਰਿੰਦਰ ਸਿੰਘ ਰਾਣਾ, ਰਕੇਸ਼ ਗੁਪਤਾ, ਸਰਬਜੀਤ ਕੌਰ ਸੈਣੀ, ਸਵਰਨਜੀਤ ਕੌਰ ਤੋਂ ਇਲਾਵਾ ਕਾਂਗਰਸ ਅਤੇ ਭਾਜਪਾ ਦੇ ਹੋਰ ਆਗੂ ਤੇ ਵਰਕਰ ਵੀ ਹਾਜ਼ਰ ਸਨ।

# ਅਧਿਕਾਰੀ ਲਾਲ ਡੋਰਾ ਜਾਇਦਾਦ ਸਰਟੀਫਿਕੇਟ ਅਤੇ ਸਵੈ-ਪ੍ਰਮਾਣੀਕਰਨ ਦੇ ਕੰਮ ਵਿੱਚ ਤੇਜ਼ੀ ਲਿਆਉਣ, ਲਾਪਰਵਾਹੀ 'ਤੇ ਹੋਵੇਗੀ ਕਾਰਵਾਈ : ਸਲੋਨੀ ਸ਼ਰਮਾ

ਪੈ.ਗਾਮ-ਏ-ਜਗਤ/ਕਰਨਾਲ
14 ਅਕਤੂਬਰ (ਪ੍ਰਵੀਨ ਵਾਲੀਆ)

ਜ਼ਿਲ੍ਹਾ ਨਗਰ ਕਮਿਸ਼ਨਰ ਅਤੇ ਨਗਰ ਨਿਗਮ ਕਮਿਸ਼ਨਰ ਸਲੋਨੀ ਸ਼ਰਮਾ ਨੇ ਬੁੱਧਵਾਰ ਨੂੰ ਨਗਰ ਨਿਗਮ ਅਤੇ ਜ਼ਿਲ੍ਹੇ ਦੀਆਂ ਨਗਰ ਪਾਲਿਕਾਵਾਂ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਮੀਟਿੰਗ ਲੈ ਕੇ ਲਾਲ ਡੋਰਾ ਜਾਇਦਾਦ ਸਰਟੀਫਿਕੇਟ ਵੰਡ,

- ਇੱਕ ਲੱਖ ਰੁਪਏ ਤੋਂ ਵੱਧ ਦੇ ਬਕਾਇਆਦਾਰਾਂ 'ਤੇ ਹੋਵੇਗੀ ਕਾਰਵਾਈ, ਸੀਲਿੰਗ ਦੀ ਤਿਆਰੀ ਕਰਨ ਅਧਿਕਾਰੀ
- ਮੇਕਰ ਅਤੇ ਚੈਕਰ ਕਰਮਚਾਰੀਆਂ ਨੂੰ ਜ਼ਿੰਮੇਵਾਰੀ ਅਤੇ ਪੂਰੀ ਨਿਸ਼ਠਾ ਨਾਲ ਕੰਮ ਕਰਨ ਦੀ ਹਦਾਇਤ

ਸਵੈ-ਪ੍ਰਮਾਣੀਕਰਨ, ਜਾਇਦਾਦ ਟੈਕਸ ਵਸੂਲੀ, ਇਤਰਾਜ਼ਾਂ ਦੇ ਸਮਾਂਬੱਧ ਨਿਪਟਾਰੇ ਅਤੇ ਵੱਡੇ ਬਕਾਇਆਦਾਰਾਂ ਤੋਂ ਵਸੂਲੀ ਸਮੇਤ ਵੱਖ-ਵੱਖ ਕੰਮਾਂ ਦੀ ਸਮੀਖਿਆ ਕੀਤੀ। ਉਨ੍ਹਾਂ ਨੇ ਅਧਿਕਾਰੀਆਂ ਨੂੰ ਨਿਰਧਾਰਤ ਟੀਚਿਆਂ ਅਨੁਸਾਰ ਕਾਰਜ ਯੋਜਨਾ ਬਣਾ ਕੇ ਕੰਮ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ। ਨਾਲ ਹੀ ਚੇਤਾਵਨੀ ਦਿੱਤੀ ਕਿ ਲਾਪਰਵਾਹੀ ਵਰਤਣ ਵਾਲਿਆਂ ਖਿਲਾਫ ਕਾਰਵਾਈ ਕੀਤੀ ਜਾਵੇਗੀ।

**ਲਾਲ ਡੋਰਾ ਸਰਟੀਫਿਕੇਟ ਵੰਡ ਵਿੱਚ ਹੌਲੀ ਪ੍ਰਗਤੀ 'ਤੇ ਨਾਰਾਜ਼ਗੀ**

ਉਨ੍ਹਾਂ ਦੱਸਿਆ ਕਿ ਨਗਰ ਨਿਗਮ ਖੇਤਰ ਵਿੱਚ ਕੁੱਲ 16,504 ਜਾਇਦਾਦਾਂ ਵਿੱਚੋਂ ਹੁਣ ਤੱਕ ਸਿਰਫ 2,291 ਜਾਇਦਾਦ ਸਰਟੀਫਿਕੇਟ ਜਾਰੀ ਕੀਤੇ ਗਏ ਹਨ, ਜਦਕਿ 7,340 ਜਾਇਦਾਦਾਂ ਦਾ ਸਵੈ-ਪ੍ਰਮਾਣੀਕਰਨ ਹੋ ਚੁੱਕਾ ਹੈ। ਹੌਲੀ ਪ੍ਰਗਤੀ 'ਤੇ ਨਾਰਾਜ਼ਗੀ ਜ਼ਾਹਰ ਕਰਦਿਆਂ ਉਨ੍ਹਾਂ ਨੇ ਅਧਿਕਾਰੀਆਂ ਨੂੰ ਸਰਟੀਫਿਕੇਟ ਵੰਡ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਵਾਰਡ ਕੌਂਸਲਰਾਂ ਅਤੇ ਵਾਰਡ ਕਮੇਟੀਆਂ ਦਾ ਸਹਿਯੋਗ ਲੈਣ ਅਤੇ ਨਗਰ ਪਾਲਿਕਾਵਾਂ ਨੂੰ ਨਿਰਧਾਰਤ ਟੀਚਾ ਸਮੇਂ 'ਤੇ ਪੂਰਾ ਕਰਨ ਲਈ ਕਿਹਾ।



**ਕਲੋਨੀਆਂ ਵਿੱਚ ਲਗਾਏ ਜਾਣ ਸਵੈ-ਪ੍ਰਮਾਣੀਕਰਨ ਕੈਂਪ**

ਮੀਟਿੰਗ ਵਿੱਚ ਦੱਸਿਆ ਗਿਆ ਕਿ ਕੁੱਲ 1,73,695 ਪ੍ਰਾਪਰਟੀ ਆਈਡੀਜ਼ ਵਿੱਚੋਂ 73,148 ਦਾ ਸਵੈ-ਪ੍ਰਮਾਣੀਕਰਨ ਹੋ ਚੁੱਕਾ ਹੈ। ਸਲੋਨੀ ਸ਼ਰਮਾ ਨੇ ਵਾਰਡਾਂ ਦੇ ਨਾਲ ਕਲੋਨੀਆਂ ਵਿੱਚ ਵੀ ਕੈਂਪ ਲਗਾਉਣ ਅਤੇ ਇਹ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਕਿ ਕੋਈ ਵੀ ਸਰਕਾਰੀ ਵਿਭਾਗ ਸਵੈ-ਪ੍ਰਮਾਣੀਕਰਨ ਤੋਂ ਵਾਂਝਾ ਨਾ ਰਹੇ।

**ਇਤਰਾਜ਼ਾਂ ਦਾ ਸਮੇਂ 'ਤੇ ਹੋਵੇ ਨਿਪਟਾਰਾ**

ਉਨ੍ਹਾਂ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਪ੍ਰਾਪਰਟੀ ਆਈਡੀ ਨਾਲ ਸਬੰਧਤ ਇਤਰਾਜ਼ਾਂ ਨੂੰ ਬਿਨਾਂ ਢੁਕਵੇਂ ਕਾਰਨ ਦੁਬਾਰਾ ਨਾਗਰਿਕਾਂ ਕੋਲ ਨਾ ਭੇਜਿਆ ਜਾਵੇ। ਦਸਤਾਵੇਜ਼ਾਂ ਦੀ ਘਾਟ ਹੋਣ 'ਤੇ ਇੱਕੋ ਵਾਰ ਵਿੱਚ ਸਾਰੇ ਜ਼ਰੂਰੀ ਦਸਤਾਵੇਜ਼ਾਂ ਦੀ ਜਾਣਕਾਰੀ ਦਿੱਤੀ ਜਾਵੇ। ਕੋਈ ਵੀ ਇਤਰਾਜ਼ ਰਾਈਟ ਟੂ ਸਰਵਿਸ ਐਕਟ ਦੀ ਨਿਰਧਾਰਤ ਸਮਾਂ-ਸੀਮਾ ਤੋਂ ਬਾਹਰ ਨਹੀਂ ਜਾਣਾ ਚਾਹੀਦਾ। ਜਾਇਦਾਦ ਟੈਕਸ ਸ਼ਾਖਾ ਦੇ ਕਰਮਚਾਰੀਆਂ ਨੂੰ ਸਰਕਾਰ ਦੀ ਸਟੈਂਡਰਡ ਓਪਰੇਟਿੰਗ ਪ੍ਰੋਸੀਜਰ (ਐਸਓਪੀ) ਦੀ ਜਾਣਕਾਰੀ ਦੇਣ ਲਈ ਦੁਬਾਰਾ ਸਿਖਲਾਈ ਆਯੋਜਿਤ ਕਰਨ ਦੇ ਨਿਰਦੇਸ਼ ਵੀ ਦਿੱਤੇ ਗਏ।

**ਨਗਰ ਨਿਗਮ ਨੇ ਵਸੂਲਿਆ 26.03 ਕਰੋੜ ਰੁਪਏ ਜਾਇਦਾਦ ਟੈਕਸ**

ਸਮੀਖਿਆ ਵਿੱਚ ਦੱਸਿਆ ਗਿਆ ਕਿ ਨਗਰ ਨਿਗਮ ਕਰਨਾਲ ਨੇ ਵਿੱਤੀ ਸਾਲ 2026-27 ਵਿੱਚ ਹੁਣ ਤੱਕ 26 ਕਰੋੜ 3 ਲੱਖ ਰੁਪਏ ਜਾਇਦਾਦ ਟੈਕਸ ਵਸੂਲਿਆ ਹੈ। ਜਦਕਿ, ਘਰੌਂਡਾ ਨਗਰ ਪਾਲਿਕਾ ਨੇ 90 ਲੱਖ, ਅਸੰਧ ਨੇ 30 ਲੱਖ, ਇੰਦਰੀ ਨੇ 39 ਲੱਖ, ਤਰਾਵੜੀ ਨੇ 72 ਲੱਖ, ਨੀਲੋਖੇੜੀ ਨੇ 90 ਲੱਖ ਅਤੇ ਨਿਸਿੰਗ ਨੇ 45 ਲੱਖ ਰੁਪਏ ਦੀ ਵਸੂਲੀ ਕੀਤੀ ਹੈ।

ਜ਼ਿਲ੍ਹਾ ਨਗਰ ਕਮਿਸ਼ਨਰ ਨੇ ਇੱਕ ਲੱਖ ਰੁਪਏ ਤੋਂ ਵੱਧ ਦੇ ਬਕਾਇਆਦਾਰਾਂ ਤੋਂ ਵਸੂਲੀ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਨੋਟਿਸ ਜਾਰੀ ਹੋਣ ਦੇ ਬਾਵਜੂਦ ਬਕਾਇਆ ਜਮ?ਹਾਂ ਨਾ ਕਰਵਾਉਣ ਵਾਲਿਆਂ ਵਿਰੁੱਧ ਸੀਲਿੰਗ ਦੀ ਕਾਰਵਾਈ ਲਈ ਯੋਜਨਾ ਤਿਆਰ ਕੀਤੀ ਜਾਵੇ। ਇਸ ਵਿੱਚ ਸਰਕਾਰੀ ਦਫ਼ਤਰ ਵੀ ਸ਼ਾਮਲ ਹੋਣਗੇ। ਅਸੰਧ ਨਗਰ ਪਾਲਿਕਾ ਦੀ ਵਸੂਲੀ 'ਤੇ ਅਸੰਤੋਸ਼ ਜ਼ਾਹਰ ਕਰਦਿਆਂ ਸਬੰਧਤ ਸਕੱਤਰ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਨ ਦੇ ਨਿਰਦੇਸ਼ ਦਿੱਤੇ। ਮੀਟਿੰਗ ਦੇ ਅੰਤ ਵਿੱਚ ਉਨ੍ਹਾਂ ਨੇ ਮੇਕਰ ਅਤੇ ਚੈਕਰ ਕਰਮਚਾਰੀਆਂ ਨੂੰ ਇਮਾਨਦਾਰੀ, ਜ਼ਿੰਮੇਵਾਰੀ ਅਤੇ ਨਿਸ਼ਠਾ ਨਾਲ ਕੰਮ ਕਰਨ ਦੀ ਹਦਾਇਤ ਦਿੱਤੀ। ਉਨ੍ਹਾਂ ਕਿਹਾ ਕਿ ਨਾਗਰਿਕਾਂ ਨੂੰ ਇੱਕੋ ਕੰਮ ਲਈ ਵਾਰ-ਵਾਰ ਦਫ਼ਤਰਾਂ ਦੇ ਗੇੜੇ ਨਾ ਕੱਟਣੇ ਪੈਣ ਅਤੇ ਉਨ੍ਹਾਂ ਦੀਆਂ ਸ਼ਿਕਾਇਤਾਂ ਦਾ ਤਰਜੀਹ ਦੇ ਆਧਾਰ 'ਤੇ ਹੱਲ ਕੀਤਾ ਜਾਵੇ। ਕਿਸੇ ਵੀ ਕਰਮਚਾਰੀ ਖਿਲਾਫ ਸ਼ਿਕਾਇਤ ਮਿਲਣ 'ਤੇ ਜਾਂਚ ਤੋਂ ਬਾਅਦ ਨਿਯਮਾਂ ਅਨੁਸਾਰ ਕਾਰਵਾਈ ਹੋਵੇਗੀ। ਇਸ ਮੌਕੇ ਉਪ ਨਿਗਮ ਕਮਿਸ਼ਨਰ ਵਿਨੋਦ ਨਹਿਰਾ, ਟੈਕਸ ਸੁਪਰਡੈਂਟ ਮਨੋਜ ਮਾਨ, ਸਹਾਇਕ ਜਿਤੇਂਦਰ ਮਲਿਕ, ਨਗਰ ਪਾਲਿਕਾ ਸਕੱਤਰ ਅਤੇ ਨਗਰ ਨਿਗਮ ਅਤੇ ਨਗਰ ਪਾਲਿਕਾਵਾਂ ਦੇ ਮੇਕਰ ਅਤੇ ਚੈਕਰ ਕਰਮਚਾਰੀ ਹਾਜ਼ਰ ਰਹੇ।

# ਬਿਹਤਰ ਤਾਲਮੇਲ ਨਾਲ ਜਨ ਹਿੱਤ ਦੇ ਕੰਮਾਂ ਵਿੱਚ ਆਵੇਗੀ ਤੇਜ਼ੀ : ਰੇਣੂ ਬਾਲਾ ਗੁਪਤਾ

ਪੈ.ਗਾਮ-ਏ-ਜਗਤ
ਕਰਨਾਲ (ਪ੍ਰਵੀਨ ਵਾਲੀਆ)

- ਮੇਅਰ ਨੇ ਹਰਿਆਣਾ ਵਿਧਾਨ ਸਭਾ ਦੇ ਚੀਫ਼ ਵਹਿਪ ਅਤੇ ਇੰਦਰੀ ਵਿਧਾਇਕ ਰਾਮ ਕੁਮਾਰ ਕਸ਼ਯਪ ਦਾ ਕੀਤਾ ਸਵਾਗਤ-ਸਨਮਾਨ

ਮੇਅਰ ਰੇਣੂ ਬਾਲਾ ਗੁਪਤਾ ਨੇ ਬੁੱਧਵਾਰ ਨੂੰ ਨਗਰ ਨਿਗਮ ਦਫ਼ਤਰ ਵਿੱਚ ਹਰਿਆਣਾ ਵਿਧਾਨ ਸਭਾ ਦੇ ਚੀਫ਼ ਵ?ਹਿਪ ਅਤੇ ਇੰਦਰੀ ਦੇ ਵਿਧਾਇਕ ਰਾਮ ਕੁਮਾਰ ਕਸ਼ਯਪ ਦਾ ਸਵਾਗਤ ਅਤੇ ਸਨਮਾਨ ਕੀਤਾ। ਇਸ ਮੌਕੇ ਜਨ ਸੇਵਾ, ਜਨ ਪ੍ਰਤੀਨਿਧਾਂ ਦੀ ਭੂਮਿਕਾ, ਪ੍ਰਦੇਸ਼ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਜਨ ਭਲਾਈ ਯੋਜਨਾਵਾਂ ਅਤੇ ਜਨ ਹਿੱਤ ਨਾਲ ਜੁੜੇ ਵੱਖ-ਵੱਖ ਵਿਸ਼ਿਆਂ 'ਤੇ ਚਰਚਾ ਹੋਈ। ਵਿਚਾਰ-ਵਟਾਂਦਰੇ ਦੌਰਾਨ ਜਨਤਾ ਦੀਆਂ ਉਮੀਦਾਂ ਅਨੁਸਾਰ ਕੰਮ ਕਰਨ ਅਤੇ ਆਪਸੀ ਤਾਲਮੇਲ ਰਾਹੀਂ ਜਨ ਹਿੱਤ ਦੇ ਯਤਨਾਂ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਣ 'ਤੇ ਜ਼ੋਰ ਦਿੱਤਾ ਗਿਆ।

ਮੇਅਰ ਰੇਣੂ ਬਾਲਾ ਗੁਪਤਾ ਨੇ ਕਿਹਾ ਕਿ ਜਨ ਪ੍ਰਤੀਨਿਧਾਂ ਦੀ ਤਰਜੀਹ ਜਨਤਾ ਦੀਆਂ ਸਮੱਸਿਆਵਾਂ ਨੂੰ ਸਮਝਣਾ, ਉਨ੍ਹਾਂ ਦੀਆਂ ਉਮੀਦਾਂ ਅਨੁਸਾਰ ਕੰਮ ਕਰਨਾ ਅਤੇ ਜਨ ਸੇਵਾ ਪ੍ਰਤੀ ਵਚਨਬੱਧ ਰਹਿਣਾ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜਨ ਹਿੱਤ ਦੇ ਕੰਮਾਂ ਵਿੱਚ ਸਕਾਰਾਤਮਕ ਦ੍ਰਿਸ਼ਟੀਕੋਣ, ਆਪਸੀ ਸਹਿਯੋਗ ਅਤੇ ਬਿਹਤਰ ਤਾਲਮੇਲ ਦੀ ਅਹਿਮ ਭੂਮਿਕਾ ਹੁੰਦੀ ਹੈ। ਵੱਖ-ਵੱਖ ਵਿਸ਼ਿਆਂ 'ਤੇ ਸੰਵਾਦ ਰਾਹੀਂ ਸਮੱਸਿਆਵਾਂ ਨੂੰ ਸਮਝਣ ਅਤੇ ਉਨ੍ਹਾਂ ਦੇ ਹੱਲ ਦੀ ਦਿਸ਼ਾ ਵਿੱਚ ਪ੍ਰਭਾਵੀ ਯਤਨ ਕਰਨ ਦਾ ਮੌਕਾ ਮਿਲਦਾ ਹੈ। ਜਨ ਪ੍ਰਤੀਨਿਧਾਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਂਦਿਆਂ ਜਨ ਇੱਛਾਵਾਂ ਨੂੰ ਤਰਜੀਹ ਦੇਣੀ ਚਾਹੀਦੀ ਹੈ।

ਜਨ ਭਲਾਈ ਯੋਜਨਾਵਾਂ ਦਾ ਲਾਭ ਯੋਗ ਲੋਕਾਂ ਤੱਕ ਪਹੁੰਚਾਉਣ 'ਤੇ ਜ਼ੋਰ ਦਿੰਦਿਆਂ ਮੇਅਰ ਨੇ ਕਿਹਾ ਕਿ ਪ੍ਰਦੇਸ਼ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਜਨ ਭਲਾਈ ਯੋਜਨਾਵਾਂ ਦਾ ਉਦੇਸ਼ ਸਮਾਜ ਦੇ ਵੱਖ-ਵੱਖ ਵਰਗਾਂ ਤੱਕ ਸਹੂਲਤਾਂ ਅਤੇ ਲਾਭ ਪਹੁੰਚਾਉਣਾ ਹੈ। ਇਨ੍ਹਾਂ ਯੋਜਨਾਵਾਂ ਦਾ ਲਾਭ ਯੋਗ ਲੋਕਾਂ ਤੱਕ ਪਹੁੰਚਾਉਣ ਲਈ ਜਾਗਰੂਕਤਾ, ਸਰਗਰਮ ਭਾਗੀਦਾਰੀ ਅਤੇ ਪ੍ਰਭਾਵੀ ਲਾਗੂਕਰਨ ਜ਼ਰੂਰੀ ਹੈ। ਜਨ ਪ੍ਰਤੀਨਿਧ ਜਨਤਾ ਅਤੇ ਪ੍ਰਸ਼ਾਸਨ ਵਿਚਾਲੇ ਮਹੱਤਵਪੂਰਨ ਕੜੀ ਵਜੋਂ ਕੰਮ ਕਰਦੇ ਹਨ। ਅਜਿਹੇ ਵਿੱਚ ਉਨ੍ਹਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਜਨ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਲੈਣ ਅਤੇ ਉਨ੍ਹਾਂ ਦੇ ਹੱਲ ਲਈ ਸਬੰਧਤ ਪੱਧਰਾਂ 'ਤੇ ਲੋੜੀਂਦੇ ਯਤਨ ਕਰਨ।

ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਨੂੰ ਗਤੀ ਦੇਣ ਅਤੇ ਜਨਤਾ ਦੀਆਂ ਲੋੜਾਂ ਅਨੁਸਾਰ ਤਰਜੀਹਾਂ ਤੈਅ ਕਰਨ ਲਈ ਤਾਲਮੇਲ ਵਾਲੇ ਯਤਨ ਜ਼ਰੂਰੀ ਹਨ। ਜਨ ਹਿੱਤ ਨਾਲ ਜੁੜੇ ਵਿਸ਼ਿਆਂ 'ਤੇ ਨਿਯਮਤ ਸੰਵਾਦ ਨਾਲ ਬਿਹਤਰ ਕਾਰਜ ਪ੍ਰਣਾਲੀ ਵਿਕਸਤ ਕਰਨ ਅਤੇ ਨਾਗਰਿਕਾਂ ਦੀਆਂ ਉਮੀਦਾਂ ਨੂੰ ਸਮਝਣ ਵਿੱਚ ਮਦਦ ਮਿਲਦੀ ਹੈ। ਜਨ ਸੇਵਾ ਨੂੰ ਸਭ ਤੋਂ ਉੱਪਰ ਰੱਖ ਕੇ ਕੀਤੇ ਗਏ ਯਤਨਾਂ ਨਾਲ ਜਨ ਪ੍ਰਤੀਨਿਧਾਂ ਪ੍ਰਤੀ ਜਨਤਾ ਦਾ ਵਿਸ਼ਵਾਸ ਹੋਰ ਮਜ਼ਬੂਤ ਹੁੰਦਾ ਹੈ। ਉੱਧਰ, ਹਰਿਆਣਾ ਵਿਧਾਨ ਸਭਾ ਦੇ ਚੀਫ਼ ਵਹਿਪ ਅਤੇ ਇੰਦਰੀ ਵਿਧਾਇਕ ਰਾਮ ਕੁਮਾਰ ਕਸ਼ਯਪ ਨੇ ਮੇਅਰ ਰੇਣੂ ਬਾਲਾ ਗੁਪਤਾ ਵੱਲੋਂ ਕੀਤੇ ਗਏ ਸਵਾਗਤ ਅਤੇ ਸਨਮਾਨ ਲਈ ਧੰਨਵਾਦ ਪ੍ਰਗਟ ਕੀਤਾ। ਉਨ੍ਹਾਂ ਨੇ ਜਨ ਹਿੱਤ ਦੇ ਵਿਸ਼ਿਆਂ 'ਤੇ ਸੰਵਾਦ ਅਤੇ ਜਨ ਸੇਵਾ ਦੇ ਕੰਮਾਂ ਵਿੱਚ ਆਪਸੀ ਤਾਲਮੇਲ ਨੂੰ ਮਹੱਤਵਪੂਰਨ ਦੱਸਦਿਆਂ ਜਨਤਾ ਦੀਆਂ ਉਮੀਦਾਂ ਅਨੁਸਾਰ ਕੰਮ ਕਰਨ 'ਤੇ ਜ਼ੋਰ ਦਿੱਤਾ। ਇਸ ਮੌਕੇ ਕੌਂਸਲਰ ਸੁਦੇਸ਼ ਰਾਣੀ, ਸੁਭਾਸ਼ ਕੋਚ ਸਮੇਤ ਹੋਰ ਪਤਵੰਤੇ ਵਿਅਕਤੀ ਹਾਜ਼ਰ ਰਹੇ।

# ਪਰਾਲੀ ਪ੍ਰਬੰਧਨ ਦੇ ਕਿਸੇ ਵੀ ਵਿਕਲਪ ਨੂੰ ਅਪਣਾਉਣ ਵਾਲੇ ਕਿਸਾਨਾਂ ਨੂੰ ਮਿਲੇਗਾ 1200 ਰੁਪਏ ਪ੍ਰਤੀ ਏਕੜ ਉਤਸ਼ਾਹ ਰਾਸ਼ੀ : ਐਸ.ਡੀ.ਐਮ. ਰਾਜੇਸ਼ ਖੋਥ

ਪੈ.ਗਾਮ-ਏ-ਜਗਤ/ਹਾਂਸੀ (ਦਿਨਕਰ ਗਾਵੜੀ)

ਝੋਨੇ ਦੀ ਪਰਾਲੀ ਸਾੜਨ ਦੀਆਂ ਘਟਨਾਵਾਂ 'ਤੇ ਪੂਰਨ ਰੋਕ ਲਗਾਉਣ ਅਤੇ ਕਿਸਾਨਾਂ ਨੂੰ ਫਸਲ ਦੀ ਰਹਿੰਦ-ਖੂੰਹਦ ਦੇ ਢੁਕਵੇਂ ਪ੍ਰਬੰਧਨ ਲਈ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਦੇ ਵਿਕਲਪਕ ਉਪਾਅ ਅਪਣਾਉਣ ਦੀ ਅਪੀਲ ਕੀਤੀ ਗਈ ਹੈ। ਐਸਡੀਐਮ ਰਾਜੇਸ਼ ਖੋਥ ਨੇ ਦੱਸਿਆ ਕਿ ਜਿਹੜੇ ਕਿਸਾਨ ਝੋਨੇ ਦੀ ਪਰਾਲੀ ਦਾ ਪ੍ਰਬੰਧਨ ਹੱਥੀਂ ਕਟਾਈ ਕਰਵਾ ਕੇ, ਬੇਲਰ ਨਾਲ ਗੱਠਾਂ ਬਣਵਾ ਕੇ, ਸੁਪਰ ਸੀਡਰ ਨਾਲ ਬਿਜਾਈ ਕਰਕੇ, ਪਰਾਲੀ ਅਤੇ ਫੂਸ ਨੂੰ ਖੇਤ ਵਿੱਚੋਂ ਬਾਹਰ ਕੱਢ ਕੇ ਜਾਂ ਪਰਾਲੀ ਤੋਂ ਪਸ਼ੂਆਂ ਲਈ ਪੱਠੇ ਤਿਆਰ ਕਰਵਾ ਕੇ ਕਰਨਗੇ, ਉਨ੍ਹਾਂ ਨੂੰ ਨਿਰਧਾਰਤ ਸ਼ਰਤਾਂ ਅਨੁਸਾਰ 1200 ਰੁਪਏ ਪ੍ਰਤੀ ਏਕੜ ਦੀ ਦਰ ਨਾਲ ਉਤਸ਼ਾਹ ਰਾਸ਼ੀ ਦਿੱਤੀ ਜਾਵੇਗੀ।

ਐਸਡੀਐਮ ਰਾਜੇਸ਼ ਖੋਥ ਨੇ ਕਿਹਾ ਕਿ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਲਈ ਕਿਸੇ ਇੱਕ ਵਿਸ਼ੇਸ਼ ਤਰੀਕੇ ਨੂੰ ਅਪਣਾਉਣ ਲਈ ਮਜਬੂਰ ਨਹੀਂ ਕੀਤਾ ਜਾ ਰਿਹਾ ਹੈ। ਕਿਸਾਨ ਆਪਣੀ ਸਹੂਲਤ ਅਤੇ ਖੇਤ ਦੀਆਂ ਸਥਿਤੀਆਂ ਅਨੁਸਾਰ ਪਰਾਲੀ ਪ੍ਰਬੰਧਨ ਦਾ ਢੁਕਵਾਂ ਵਿਕਲਪ ਚੁਣ ਸਕਦੇ ਹਨ। ਮੁੱਖ ਸ਼ਰਤ ਇਹ ਹੈ ਕਿ ਸਬੰਧਤ ਖੇਤ ਵਿੱਚ ਪਰਾਲੀ ਨਹੀਂ ਸਾੜੀ ਗਈ ਹੋਣੀ ਚਾਹੀਦੀ। ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਦੇ ਨਾਲ-ਨਾਲ ਫਸਲ ਦੀ ਰਹਿੰਦ-ਖੂੰਹਦ ਦੀ ਢੁਕਵੀਂ ਵਰਤੋਂ ਨੂੰ ਯਕੀਨੀ ਬਣਾਉਣਾ ਪ੍ਰਸ਼ਾਸਨ ਦੀ ਤਰਜੀਹ ਹੈ। ਉਨ੍ਹਾਂ ਦੱਸਿਆ ਕਿ ਉਤਸ਼ਾਹ ਰਾਸ਼ੀ ਦੀ ਯੋਗਤਾ ਨੂੰ ਯਕੀਨੀ ਬਣਾਉਣ ਲਈ ਪ੍ਰਸ਼ਾਸਨ ਦੀ ਟੀਮ ਹਰੇਕ ਮੁਰੱਬੇ ਦੀ ਤਸਦੀਕ ਕਰੇਗੀ। ਟੀਮ ਵੱਲੋਂ ਖੇਤਾਂ ਦਾ ਨਿਰੀਖਣ ਕਰ ਇਹ ਯਕੀਨੀ ਬਣਾਇਆ ਜਾਵੇਗਾ ਕਿ ਉੱਥੇ ਪਰਾਲੀ ਸਾੜਨ ਦੀ ਘਟਨਾ ਨਾ ਹੋਈ ਹੋਵੇ ਅਤੇ ਫਸਲ ਦੀ ਰਹਿੰਦ-ਖੂੰਹਦ ਦਾ ਢੁਕਵਾਂ ਪ੍ਰਬੰਧਨ ਕੀਤਾ ਗਿਆ ਹੋਵੇ। ਇਸ ਲਈ ਕਿਸਾਨ ਪਰਾਲੀ ਪ੍ਰਬੰਧਨ ਦੌਰਾਨ ਨਿਰਧਾਰਤ ਸ਼ਰਤਾਂ ਦਾ ਵਿਸ਼ੇਸ਼ ਧਿਆਨ ਰੱਖਣ ਅਤੇ ਖੇਤਾਂ ਵਿੱਚ ਕਿਸੇ ਵੀ ਸਥਿਤੀ ਵਿੱਚ ਅੱਗ ਨਾ ਲਗਾਉਣ।

# ਬੱਚਿਆਂ ਦਾ ਕੋਨਾ

ਰੰਗ ਭਰੋ



## ਸੁਡੋਕੂ

Sudoku

| | | | | | | | | |
|---|---|---|---|---|---|---|---|---|
| | 1 | 2 | | | | 9 | | |
| 8 | | | 1 | 4 | | | 6 | |
| | 9 | | | 3 | | 7 | | |
| 2 | | | 3 | 1 | | 4 | 8 | |
| | | 5 | 9 | | 4 | 6 | | |
| 9 | 4 | 8 | 7 | 2 | | 3 | | |
| 7 | 2 | 1 | 4 | | | | 9 | |
| 6 | 8 | 4 | | | 1 | | | 3 |
| | | | 8 | | 7 | | 4 | 2 |

## ਪਿਛਲੇ ਸੁਡੋਕੂ ਦਾ ਹੱਲ

| | | | | | | | | |
|---|---|---|---|---|---|---|---|---|
| 8 | 5 | 1 | 3 | 4 | 9 | 2 | 7 | 6 |
| 9 | 2 | 6 | 8 | 7 | 1 | 4 | 3 | 5 |
| 4 | 7 | 3 | 2 | 5 | 6 | 9 | 8 | 1 |
| 2 | 1 | 9 | 7 | 6 | 4 | 3 | 5 | 8 |
| 7 | 3 | 4 | 5 | 9 | 8 | 6 | 1 | 2 |
| 6 | 8 | 5 | 1 | 3 | 2 | 7 | 4 | 9 |
| 5 | 6 | 8 | 4 | 2 | 7 | 1 | 9 | 3 |
| 3 | 4 | 2 | 9 | 1 | 5 | 8 | 6 | 7 |
| 1 | 9 | 7 | 6 | 8 | 3 | 5 | 2 | 4 |

## ਮੰਜ਼ਿਲ ਤੱਕ ਪਹੁੰਚਾਓ

Help the bee reach the flower



## ਅੰਤਰ ਲੱਭੋ



## ਇੱਕ ਰੁਪਏ ਦਾ ਜਾਦੂ



ਪੈ.ਗਾਮ-ਏ-ਜਗਤ

**ਚਾਂਦੀਪੁਰ** ਦੇ ਛੋਟੇ ਜਿਹੇ ਪਿੰਡ ਵਿੱਚ, ਹਰੇ-ਭਰੇ ਖੇਤਾਂ ਅਤੇ ਉੱਚੇ ਨਾਰੀਅਲ ਦੇ ਰੁੱਖਾਂ ਦੇ ਵਿਚਕਾਰ ਵਸਿਆ, ਮਿੰਟੂ ਨਾਮ ਦਾ ਇੱਕ ਖੁਸ਼ਮਿਜਾਜ਼ ਮੁੰਡਾ ਰਹਿੰਦਾ ਸੀ।

ਇੱਕ ਦਿਨ, ਜਦੋਂ ਮਿੰਟੂ ਸਕੂਲ ਤੋਂ ਘਰ ਵਾਪਸ ਆ ਰਿਹਾ ਸੀ, ਉਸਨੇ ਸੜਕ ਦੇ ਕਿਨਾਰੇ ਇੱਕ ਚਮਕਦਾ ਇੱਕ ਰੁਪਏ ਦਾ ਸਿੱਕਾ ਲੱਭਿਆ। ÷ਕੀ ਕਿਸਮਤ ਹੈ! ਉਸਨੇ ਉੱਚੀ ਆਵਾਜ਼ ਵਿੱਚ ਕਿਹਾ, ਉਸਨੂੰ ਇੱਕ ਵੱਡੀ ਮੁਸਕਾਨ ਨਾਲ ਚੁੱਕਿਆ। ਉਸਨੇ ਸਿੱਕਾ ਆਪਣੀ ਜੇਬ ਵਿੱਚ ਪਾ ਲਿਆ, ਇਹ ਸੋਚਦੇ ਹੋਏ ਕਿ ਇਸ ਨਾਲ ਕਿੰਨੀਆਂ ਮਿਠਾਈਆਂ ਖਰੀਦੀਆਂ ਜਾ ਸਕਦੀਆਂ ਹਨ। ਪਰ ਜਿਵੇਂ ਹੀ ਉਹ ਅੱਗੇ ਵਧਿਆ, ਮਿੰਟੂ ਨੇ ਆਪਣੀ ਦੋਸਤ ਮੀਰਾ ਨੂੰ ਪਿੰਡ ਦੇ ਚੌਕ ਵਿੱਚ ਇੱਕ ਮੁਰਝਾਏ ਫੁੱਲਾਂ ਦੇ ਬਾਗ ਦੇ ਕੋਲ ਬੈਠੇ ਦੇਖਿਆ।

ਮੀਰਾ ਚਿੰਤਤ ਲੱਗ ਰਹੀ ਸੀ। ਕੀ ਹੋਇਆ, ਮੀਰਾ? ਮਿੰਟੂ ਨੇ ਪੁੱਛਿਆ। ਉਸਨੇ ਦੱਸਿਆ ਕਿ ਕਿਵੇਂ ਬਾਗ ਉਸਦੀ ਦਾਦੀ ਦੀ ਸ਼ਾਨ ਅਤੇ ਖੁਸ਼ੀ ਸੀ, ਪਰ ਇਸਨੂੰ ਅਣਡਿੱਠਾ ਛੱਡ ਦਿੱਤਾ ਗਿਆ ਸੀ ਕਿਉਂਕਿ ਮੀਰਾ ਨਵੇਂ ਬੀਜ ਖਰੀਦਣ ਦਾ ਖਰਚਾ ਨਹੀਂ ਉਠਾ ਸਕਦੀ ਸੀ।

ਮਿੰਟੂ ਨੇ ਇੱਕ ਪਲ ਲਈ ਆਪਣੀ ਜੇਬ ਵਿੱਚ ਪਏ ਸਿੱਕੇ ਨੂੰ ਯਾਦ ਕਰਦੇ ਹੋਏ ਸੋਚਿਆ। ਮੀਰਾ, ਜੇ ਅਸੀਂ ਮੇਰੇ ਖੁਸ਼ਕਿਸਮਤ ਰੁਪਏ ਨੂੰ ਬਾਗ ਲਈ ਬੀਜ ਖਰੀਦਣ ਲਈ ਵਰਤਾਂ ਤਾਂ? ਮੀਰਾ ਦੀਆਂ ਅੱਖਾਂ ਚਮਕ ਉਠੀਆਂ। ਇਹ ਇੱਕ ਸ਼ਾਨਦਾਰ ਵਿਚਾਰ ਹੈ, ਮਿੰਟੂ!

ਅਗਲੇ ਸਵੇਰ, ਉਹ ਪਿੰਡ ਦੇ ਬਾਜ਼ਾਰ ਗਏ। ਦੁਕਾਨਦਾਰ, ਇੱਕ ਦਿਆਲੂ ਬੁੱਢਾ ਆਦਮੀ, ਨੇ ਉਨ੍ਹਾਂ ਨੂੰ ਚਮਕਦੇ ਰੁਪਏ ਦੇ ਬਦਲੇ ਵਿੱਚ ਗੇਂਦੇ ਦੇ ਬੀਜਾਂ ਦਾ ਇੱਕ ਛੋਟਾ ਪੈਕਟ ਦਿੱਤਾ। ਬੀਜ ਹੱਥ ਵਿੱਚ ਲੈ ਕੇ, ਮਿੰਟੂ ਅਤੇ ਮੀਰਾ ਨੇ ਦੁਪਹਿਰ ਬਾਗ ਵਿੱਚ ਬਿਤਾਈ, ਉਨ੍ਹਾਂ ਦੀ ਹਾਸੀ ਹਵਾ ਵਿੱਚ ਗੂੰਜ ਰਹੀ ਸੀ।

ਹਰ ਦਿਨ ਸਕੂਲ ਤੋਂ ਬਾਅਦ, ਉਹ ਬਾਗ ਨੂੰ ਪਾਣੀ ਦਿੰਦੇ ਅਤੇ ਉਤਸੁਕਤਾ ਨਾਲ ਦੇਖਦੇ ਕਿ ਪੌਦੇ ਕਿਵੇਂ ਅੰਕੁਰਿਤ ਹੋਣ ਲੱਗੇ। ਜਲਦੀ ਹੀ, ਗੇਂਦੇ ਖਿੜ ਗਏ, ਇੱਕ ਵਾਰ ਸੁੰਨੇ ਪੈਚ ਤੇ ਚਮਕੀਲੇ ਪੀਲੇ ਅਤੇ ਸੰਤਰੀ ਰੰਗ ਬਿਖੇਰਦੇ।

ਪਿੰਡ ਵਾਸੀਆਂ ਨੇ ਇਸ ਬਦਲਾਅ ਨੂੰ ਦੇਖਿਆ। ਮਿੰਟੂ ਦੇ ਦਿਆਲਤਾ ਦੇ ਕੰਮ ਤੋਂ ਪ੍ਰੇਰਿਤ ਹੋ ਕੇ, ਉਨ੍ਹਾਂ ਨੇ ਵੀ ਮਦਦ ਕਰਨ ਦਾ ਫੈਸਲਾ ਕੀਤਾ, ਆਪਣੇ ਬੀਜ ਅਤੇ ਪੌਦੇ ਲਿਆਂਦੇ। ਬਾਗ ਰੰਗਾਂ ਦੇ ਇੰਦਰਧਨੁਸ਼ ਵਿੱਚ ਖਿੜ ਗਿਆ, ਇੱਕ ਅਜਿਹੀ ਜਗ?ਹਾ ਬਣ ਗਿਆ ਜਿੱਥੇ ਹਰ ਕੋਈ ਕਹਾਣੀਆਂ ਅਤੇ ਹਾਸੇ ਸਾਂਝੇ ਕਰਨ ਲਈ ਇਕੱਠੇ ਹੁੰਦੇ।

ਮਿੰਟੂ ਨੇ ਮਹਿਸੂਸ ਕੀਤਾ ਕਿ ਇੱਕ ਰੁਪਏ ਵਰਗੀ ਛੋਟੀ ਚੀਜ਼ ਵੀ ਖੁਸ਼ੀ ਅਤੇ ਬਦਲਾਅ ਲਿਆ ਸਕਦੀ ਹੈ। ਉਸ ਦਿਨ ਤੋਂ, ਉਸਨੇ ਕਦੇ ਵੀ ਕਿਸੇ ਚੀਜ਼ ਦੇ ਮੁੱਲ ਨੂੰ ਘਟਾ ਕੇ ਨਹੀਂ ਦੇਖਿਆ, ਚਾਹੇ ਉਹ ਕਿੰਨੀ ਵੀ ਛੋਟੀ ਕਿਉਂ ਨਾ ਹੋਵੇ।

ਸਿੱਖਿਆ: ਮਦਦ ਕਰਨ ਲਈ ਪੈਸੇ ਦੀ ਮਾਤਰਾ ਨਹੀਂ, ਸਗੋਂ ਨੇਕ ਨੀਅਤ ਅਤੇ ਵੱਡੇ ਦਿਲ ਦੀ ਲੋੜ ਹੁੰਦੀ ਹੈ।